SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ
ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PHONE: 209-855-6938



ਹਫਤਾਵਾਰੀ

# ਦੇਸ਼ ਦੁਆਬਾ

VOL - 8 ISSUE - 45
Feburary 19, 2020
Postal Address
Desh Doaba
5101 Doe Hollow Pl., Antelope, CA-95843
www.deshdoaba.com
www.ambedkartimes.com

Golden State Truck Sales Inc.
ਟਰੱਕ-ਟਰੇਲਰ
ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ
ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ



Call : Dharminder Singh
Cell : 530-870-6600
Email: myfuturetruck@gmail.com

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ




ਕੈਲੇਫੋਰਨੀਆ ਵਿਚ ਸ੍ਰੀ ਗੁਰੂ ਰਵਿਦਾਸ ਸਭਾਵਾਂ ਵੱਲੋਂ ਮਨਾਏ ਜਾ ਰਹੇ ਸ੍ਰੀ ਗੁਰੂ ਰਵਿਦਾਸ ਗੁਰਪੁਰਬ ਦਿਹਾੜੇ ਦੀਆਂ ਤਾਰੀਖਾਂ- ਯੂਬਾ ਸਿਟੀ ਵਿਖੇ 23 ਫਰਵਰੀ, ਫਰਿਜ਼ਨੋ ਵਿਖੇ 1 ਮਾਰਚ, ਸੈਕਰਾਮੈਂਟੋ ਵਿਖੇ 8 ਮਾਰਚ, ਬੇ-ਏਰੀਆ 15 ਮਾਰਚ ਅਤੇ ਸੈਲਮਾ 22 ਮਾਰਚ। ਅਦਾਰਾ 'ਦੇਸ਼ ਦੁਆਬਾ' ਵੱਲੋਂ ਲੱਖ-ਲੱਖ ਵਧਾਈਆਂ।

**ਜ਼ਿਆਦਾ ਜਾਣਕਾਰੀ ਲਈ ਸਬੰਧਤ ਸਭਾਵਾਂ ਨਾਲ ਸੰਪਰਕ ਕਰੋ ਜੀ।**




ਜਵਾਹਰ ਨਵੋਦਿਆ ਵਿਦਿਆਲਿਆ ਤਲਵੰਡੀ ਮਾਧੋ ਵਿੱਚ ਕਰਵਾਇਆ ਇਨਾਮ ਵੰਡ ਸਮਾਗਮ। **(ਰਿਪੋਰਟ ਅਤੇ ਤਸਵੀਰਾਂ ਦੇਖੋ ਸਫਾ 22 'ਤੇ)**



ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਦੀ ਪ੍ਰਬੰਧਕ ਕਮੇਟੀ ਨੇ ਮਨਾਇਆ ਗੁਰੂ ਘਰ ਦਾ 15ਵਾਂ ਸਥਾਪਨਾ ਦਿਵਸ। **(ਰਿਪੋਰਟ ਅਤੇ ਤਸਵੀਰਾਂ ਦੇਖੋ ਸਫਾ 15 'ਤੇ)**

# ਟਰੰਪ ਦਾ ਭਾਰਤ ਦੌਰਾ 24-25 ਫਰਵਰੀ ਨੂੰ

## ਮੁਲਾਕਾਤ ਤੋਂ ਬਾਅਦ ਦੋਵਾਂ ਦੇਸ਼ਾਂ ਵਿਚਕਾਰ ਰਿਸ਼ਤੇ ਹੋਣਗੇ ਹੋਰ ਮਜ਼ਬੂਤ- ਡਿਪਲੋਮੈਟ

**ਵਾਸ਼ਿੰਗਟਨ (ਬਿਊਰੋ)-** ਅਮਰੀਕਾ ਦੀ ਇਕ ਚੋਟੀ ਦੀ ਡਿਪਲੋਮੈਟ ਨੇ ਕਿਹਾ ਹੈ ਕਿ ਭਾਰਤ ਅਤੇ ਅਮਰੀਕਾ ਵਿਚਕਾਰ ਸਬੰਧ ਅਟੁੱਟ ਹਨ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਰਾਸ਼ਟਰਪਤੀ ਡੋਨਾਲਡ ਟਰੰਪ ਵਿਚਕਾਰ ਅਗਲੇ ਹਫ਼ਤੇ ਹੋਣ ਵਾਲੀ ਮੁਲਾਕਾਤ ਨਾਲ ਦੋਵਾਂ ਦੇਸ਼ਾਂ ਵਿਚਕਾਰ ਸਬੰਧ ਹੋਰ ਮਜ਼ਬੂਤ ਹੋਣ ਦੀ ਉਮੀਦ ਹੈ।





ਦੱਸਣਯੋਗ ਹੈ ਕਿ ਅਮਰੀਕੀ ਰਾਸ਼ਟਰਪਤੀ ਟਰੰਪ 24-25 ਫਰਵਰੀ ਨੂੰ ਪ੍ਰਧਾਨ ਮੰਤਰੀ ਮੋਦੀ ਦੇ ਸੱਦੇ 'ਤੇ ਭਾਰਤ ਆ ਰਹੇ ਹਨ। ਦੱਖਣੀ ਅਤੇ ਮੱਧ ਏਸ਼ੀਆ ਲਈ ਕਾਰਜਕਾਰੀ ਸਹਾਇਕ ਵਿਦੇਸ਼ ਮੰਤਰੀ ਐਲਿਸ ਵੈਲਸ ਨੇ ਟਵੀਟ ਕਰ ਕੇ ਕਿਹਾ ਕਿ ਦੋਵਾਂ ਦੇਸ਼ਾਂ ਵਿਚਕਾਰ ਸਬੰਧ ਅਟੁੱਟ ਹਨ। ਪ੍ਰਧਾਨ ਮੰਤਰੀ ਮੋਦੀ ਅਤੇ ਰਾਸ਼ਟਰਪਤੀ ਟਰੰਪ ਦੀ ਪ੍ਰਸਤਾਵਿਤ ਮੁਲਾਕਾਤ ਨਾਲ ਅਸੀਂ ਇਨ੍ਹਾਂ ਸਬੰਧਾਂ ਦੇ ਹੋਰ ਜ਼ਿਆਦਾ ਮਜ਼ਬੂਤ ਹੋਣ ਦੀ ਉਮੀਦ ਕਰਦੇ ਹਾਂ।

ਉਨ੍ਹਾਂ ਕਿਹਾ ਕਿ ਭਾਰਤ ਅਤੇ ਅਮਰੀਕਾ ਕਰੀਬੀ ਭਾਈਵਾਲ ਹਨ ਅਤੇ ਇਹ ਭਾਈਵਾਲੀ ਦਿਨ-ਪ੍ਰਤੀ-ਦਿਨ ਮਜ਼ਬੂਤ ਹੁੰਦੀ ਜਾ ਰਹੀ ਹੈ। ਨਾਲ ਮਿਲ ਕੇ ਅਸੀ ਕੀਰਤੀਮਾਨ ਬਣਾ ਰਹੇ ਹਾਂ। ਉਦਾਹਰਣ ਦੇ ਤੌਰ 'ਤੇ ਅਸੀ ਪਿਛਲੇ ਸਾਲ ਵੱਡੀ ਗਿਣਤੀ ਵਿਚ ਭਾਰਤੀ ਵਿਦਿਆਰਥੀਆਂ ਦਾ ਅਮਰੀਕਾ ਵਿਚ ਸਵਾਗਤ ਕੀਤਾ ਅਤੇ ਇਸ ਸਾਲ ਹੋਰ ਜ਼ਿਆਦਾ ਵਿਦਿਆਰਥੀਆਂ ਦੇ ਅਮਰੀਕਾ ਆਉਣ ਦੀ ਉਮੀਦ ਹੈ।

### ਟਰੰਪ ਦਾ ਸਟੇਡੀਅਮ ਦੀ ਭੀੜ 'ਤੇ ਹੈ ਜ਼ਿਆਦਾ ਧਿਆਨ

ਕੌਂਸਲ ਆਨ ਫਾਰੇਨ ਰਿਲੇਸ਼ਨਜ਼ ਥਿੰਕ ਟੈਂਕ ਦੀ ਮਾਹਿਰ ਐਲੀਸਾ ਆਇਰਸ ਦਾ ਕਹਿਣਾ ਹੈ ਕਿ ਟਰੰਪ ਵਪਾਰ ਸਮਝੌਤੇ ਤੋਂ ਜ਼ਿਆਦਾ ਸਟੇਡੀਅਮ 'ਚ ਹੋਣ ਵਾਲੇ ਸਮਾਗਮ ਅਤੇ ਉਸ ਵਿਚ ਇਕੱਠੀ ਹੋਣ ਵਾਲੀ ਭੀੜ 'ਤੇ ਜ਼ਿਆਦਾ ਧਿਆਨ ਦਿੰਦੇ ਦਿਖਾਈ ਦੇ ਰਹੇ ਹਨ। ਆਇਰਸ ਨੇ ਕਿਹਾ ਕਿ ਮੇਰੀ ਨਜ਼ਰ ਇਸ ਗੱਲ 'ਤੇ ਹੈ ਕਿ ਉਨ੍ਹਾਂ ਵਪਾਰਕ ਸਮਝੌਤਿਆਂ ਦਾ ਕੀ ਹੋਵੇਗਾ ਜੋ (ਟਰੰਪ ਅਤੇ ਮੋਦੀ ਦੀ) ਪਿਛਲੀ ਮੁਲਾਕਾਤ ਵਿਚ ਅੰਜਾਮ ਤਕ ਨਹੀਂ ਪੁੱਜ ਸਕੇ ਸਨ।

# ਕੇਂਦਰ ਨਾਲ ਮਿਲ ਕੇ ਕੰਮ ਕਰਾਂਗੇ: ਕੇਜਰੀਵਾਲ

**ਨਵੀਂ ਦਿੱਲੀ (ਬਿਊਰੋ)-** ਰਾਜਧਾਨੀ ਦੇ ਇਤਿਹਾਸਕ ਰਾਮਲੀਲਾ ਮੈਦਾਨ 'ਚ ਦਿੱਲੀ ਦੇ ਮੁੱਖ ਮੰਤਰੀ ਵਜੋਂ ਤੀਜੀ ਵਾਰ ਸਹੁੰ ਚੁੱਕਣ ਮਗਰੋਂ ਹਜ਼ਾਰਾਂ ਲੋਕਾਂ ਨੂੰ ਸੰਬੋਧਨ ਕਰਦਿਆਂ 'ਆਪ' ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਉਹ ਦਿੱਲੀ 'ਚ ਵਧੀਆ ਸ਼ਾਸਨ ਦੇਣ ਲਈ ਕੇਂਦਰ ਨਾਲ ਤਾਲਮੇਲ ਕਰਕੇ ਕੰਮ ਕਰਨਾ ਚਾਹੁੰਦੇ ਹਨ ਤੇ ਉਨ੍ਹਾਂ ਬਿਨਾਂ ਕਿਸੇ ਰੁਕਾਵਟ ਦੇ ਸਰਕਾਰ ਚਲਾਉਣ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਆਸ਼ੀਰਵਾਦ ਵੀ ਮੰਗਿਆ। ਇਸ ਤੋਂ ਪਹਿਲਾਂ ਉਪ ਰਾਜਪਾਲ ਅਨਿਲ ਬੈਜਲ ਨੇ ਸ੍ਰੀ ਕੇਜਰੀਵਾਲ ਨੂੰ ਮੁੱਖ ਮੰਤਰੀ ਦੇ ਅਹੁਦੇ ਤੇ ਭੇਤ ਗੁਪਤ ਰੱਖਣ ਦੀ ਸਹੁੰ ਚੁਕਾਈ ਸੀ। ਫਿਰ ਮਨੀਸ਼ ਸਿਸੋਦੀਆ, ਸਤਿੰਦਰ ਜੈਨ, ਗੋਪਾਲ ਰਾਏ, ਕੈਲਾਸ਼ ਗਹਿਲੋਤ, ਇਮਰਾਨ ਹੁਸੈਨ ਅਤੇ ਰਾਜਿੰਦਰ ਗੌਤਮ ਨੇ ਸਹੁੰ ਚੁੱਕੀ। ਗੋਪਾਲ ਰਾਏ ਨੇ ਸ਼ਹੀਦਾਂ ਦੇ ਨਾਂ 'ਤੇ ਵੀ ਸਹੁੰ ਚੁੱਕੀ ਜਦਕਿ ਇਮਰਾਨ ਹੁਸੈਨ ਨੇ ਅੱਲ੍ਹਾ ਤੇ ਈਸ਼ਵਰ ਦੇ ਨਾਂ 'ਤੇ ਹਲਫ਼ ਲਿਆ। ਹਲਫ਼ ਲੈਣ ਮਗਰੋਂ ਸ੍ਰੀ ਕੇਜਰੀਵਾਲ ਨੇ ਕਿਹਾ ਕਿ ਹੁਣ ਚੋਣਾਂ ਖ਼ਤਮ ਹੋ ਗਈਆਂ ਹਨ ਅਤੇ ਵਿਰੋਧੀਆਂ ਨੇ ਪ੍ਰਚਾਰ ਦੌਰਾਨ ਉਨ੍ਹਾਂ ਬਾਰੇ ਜੋ ਕੁਝ ਵੀ ਕਿਹਾ, ਉਸ ਲਈ ਉਨ੍ਹਾਂ ਵਿਰੋਧੀਆਂ ਨੂੰ 'ਮੁਆਫ਼' ਕਰ ਦਿੱਤਾ ਹੈ। ਖ਼ੁਦ ਨੂੰ ਦਿੱਲੀ ਦਾ ਬੇਟਾ ਦੱਸਦੇ ਹੋਏ ਉਨ੍ਹਾਂ ਕਿਹਾ ਕਿ ਇਹ ਜਿੱਤ ਇਕ-ਇਕ ਦਿੱਲੀ ਵਾਸੀ, ਵਿਦਿਆਰਥੀ, ਅਧਿਆਪਕ, ਅਫ਼ਸਰ, ਇੰਜਨੀਅਰ, ਆਟੋ ਵਾਲੇ, ਬੱਸ ਚਾਲਕਾਂ, ਰੇਹੜੀ ਵਾਲਿਆਂ ਅਤੇ ਵਪਾਰੀਆਂ ਦੀ ਜਿੱਤ ਹੈ ਜੋ ਦਿੱਲੀ ਚਲਾਉਂਦੇ ਹਨ। ਉਨ੍ਹਾਂ ਕਿਹਾ ਕਿ ਪਾਰਟੀਆਂ ਆਉਂਦੀਆਂ-ਜਾਂਦੀਆਂ ਰਹਿੰਦੀਆਂ ਹਨ ਪਰ ਰਾਜਧਾਨੀ ਨੂੰ ਨਿਰਮਾਣ ਕਰਨ ਵਾਲੇ ਚਲਾਉਂਦੇ ਰਹਿੰਦੇ ਹਨ। ਇਸੇ ਕਰਕੇ 50 'ਦਿੱਲੀ ਨਿਰਮਾਤਾ' ਮੁੱਖ ਮਹਿਮਾਨ ਬਣੇ ਹਨ। ਸ੍ਰੀ ਕੇਜਰੀਵਾਲ ਨੇ ਕਿਹਾ ਕਿ ਉਹ ਦਿੱਲੀ ਦੇ ਸਾਰੇ 2 ਕਰੋੜ ਵਾਸੀਆਂ ਦੇ ਮੁੱਖ ਮੰਤਰੀ ਹਨ। ਉਹ ਭਾਜਪਾ, ਕਾਂਗਰਸ ਤੇ ਹੋਰ ਪਾਰਟੀਆਂ ਨੂੰ ਵੋਟਾਂ ਦੇਣ ਵਾਲਿਆਂ ਲਈ ਜਾਤ-ਧਰਮ ਤੋਂ ਉਪਰ ਉੱਠ ਕੇ ਕੰਮ ਕਰਨਗੇ।



Indian Grill
Indiangrillsanleandro.com
Pal343@ yahoo.com
510-878-2704, 510-332-1074 Mobile
We do Outdoor & Indoor
Catering for all your Events
1600 Washington Ave.
San Leandro.CA 94577
Open 7 days a week
Lunch Buffet : 11:00 AM - 2:30 PM
Fine Dining: 4.30 PM - 9"30 PM



GINNY WALIA
Law Offices. Inc
Ginny H. K. Walia
Experienced Jury Trial Lawyer
Featured as a legal analyst on
Fox News, MSNBC and Kron 4
FAMILY LAW,
CRIMINAL
DEFENSE
AND CIVIL
LITIGATION
Tel: (408) 724-9200
Fax: (408) 724-9202
Toll Free: 1 (800) 379-9330
ginny@walialawfirm.com
www.walialawfirm.com



BAGGA JEWELERS
916-912-8842, 916-329-8772
SINCE 1996
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।



Sandeep Jony Bagga
6930 65TH STREET # 115 SACRAMENTO CA 95823



RAMESH SUMAN
Broker Realtor
RCS-D ™
MAJESTIC HOMES
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY
INVESTMENT REALTY
Ram Saroay
Broker/Realtor
Business License 031035
ramsaroay@hotmail.com



39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.



* Please call us for
Professional & reliable
services at reasonable rates.
959 Corporate Way, Fremont, CA. 94539



ਪਰਾਧੀਨਤਾ ਪਾਪ ਹੈ ਜਾਣ ਲਿਓ ਰੇ ਮੀਤ
ਰਵਿਦਾਸ ਦਾਸ ਪ੍ਰਾਧੀਨ ਕੌ ਕੌਣ ਕਰੈ ਹੈ ਪ੍ਰੀਤ

# ਸ੍ਰੀ ਗੁਰੂ ਰਵਿਦਾਸ ਸਭਾ ਫਰਿਜ਼ਨੋ (ਕੈਲੇਫੋਰਨੀਆ)

ਆਪ ਸਭ ਨੂੰ ਇਹ ਜਾਣ ਕੇ ਬਹੁਤ ਹੀ ਖੁਸ਼ੀ ਹੋਵੇਗੀ ਕਿ ਸ੍ਰੀ ਗੁਰੂ ਰਵਿਦਾਸ ਟੈਂਪਲ ਫਰਿਜ਼ਨੋ ਵਿਖੇ ਸਤਿਗੁਰੂ ਰਵਿਦਾਸ ਜੀ ਦਾ 643ਵਾਂ ਪ੍ਰਕਾਸ਼ ਦਿਹਾੜਾ ਇਲਾਕੇ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਬੜੀ ਹੀ ਸ਼ਰਧਾ ਅਤੇ ਧੂੰਮ-ਧਾਮ ਨਾਲ ਮਨਾਇਆ ਜਾ ਰਿਹਾ ਹੈ।

## ਪ੍ਰੋਗਰਾਮਾਂ ਦਾ ਵੇਰਵਾ

ਸ੍ਰੀ ਅਖੰਡ ਪਾਠ ਸਾਹਿਬ 28 ਫਰਵਰੀ 2020 ਦਿਨ ਸ਼ੁੱਕਰਵਾਰ ਨੂੰ ਸਵੇਰੇ 10 ਵਜੇ ਰੱਖੇ ਜਾਣਗੇ ਅਤੇ ਭੋਗ 1 ਮਾਰਚ 2020 ਦਿਨ ਐਤਵਾਰ ਨੂੰ ਸਵੇਰੇ 10 ਵਜੇ ਪਾਏ ਜਾਣਗੇ।

ਭੋਗ ਉਪਰੰਤ ਭਾਰੀ ਦੀਵਾਨ ਸਜਾਏ ਜਾਣਗੇ। ਇਸ ਮੌਕੇ ਡਾ. ਸਤਨਾਮ ਬੰਗੜ ਅਤੇ ਉਹਨਾਂ ਦੀ ਸੁਪਤਨੀ ਡਾ. ਪ੍ਰੋਮਿਲਾ ਬੰਗੜ ਵੱਲੋਂ ਖੂਨਦਾਨ ਕੈਂਪ ਅਤੇ ਮੁਫਤ ਮੈਡੀਕਲ ਕੈਂਪ ਲਗਾਇਆ ਜਾਵੇਗਾ।
ਨਿਸ਼ਾਨ ਸਾਹਿਬ ਦੀ ਸੇਵਾ 29 ਫਰਵਰੀ ਦਿਨ ਸ਼ਨਿਚਰਵਾਰ ਨੂੰ ਸ਼ਾਮੀ 5 ਵਜੇ ਹੋਵੇਗੀ।
ਸਮੂਹ ਸੰਗਤਾਂ ਨੂੰ ਬੇਨਤੀ ਹੈ ਕਿ ਤਿੰਨੇ ਦਿਨ ਵੱਧ-ਚੜ੍ਹ ਕੇ ਆਪਣੀਆਂ ਹਾਜ਼ਰੀਆਂ ਭਰੋ ਅਤੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

**ਹੋਰ ਜਾਣਕਾਰੀ ਲਈ ਗੁਰੂ ਘਰ ਦੇ ਹੈੱਡ ਗ੍ਰੰਥੀ ਭਾਈ ਰਾਮ ਸਿੰਘ ਜੀ ਨਾਲ 559-486-3091 'ਤੇ ਸੰਪਰਕ ਕਰੋ ਜੀ**

**ਸ੍ਰੀ ਗੁਰੂ ਰਵਿਦਾਸ ਸਭਾ (ਸੈਂਟਰਲ ਵੈਲੀ) ਫਰਿਜ਼ਨੋ (ਕੈਲੇਫੋਰਨੀਆ) 5025 S. CHERY AVE., FRESNO (CALIFORNIA) 93706**

## Amar Nath ("Bob") Passed Away



Amar Nath ("Bob"), 66, husband of Bidya Mati Nath of Pittsburg, passed away Thursday, February 13, 2020, in Pittsburg, CA. Born June 29, 1953, in Suva, Fiji, he was the son of late Kabul Ram and Manso Kabul of village Happowal, state of Punjab, India. He is survived his daughter Janice Nath-Studzinski and her husband Sebastian Studzinski, his sons Amit Nath and his wife Lilia Nath, Manjit ("Manny") Nath and his wife Lisa Nath; and nine grandchildren.


Services are being held on Wednesday, February 19, 2020, at Ouimet Brothers Concord Funeral Chapel located at 4125 Clayton Road, Concord, CA 94521. Viewing is scheduled for 8:00am, and services begin at 9:00am. Late Amar Nath "Bob" was brother of Mrs. Debho Bains (Former Chairperson) brother-in-law of Mr. Avtar Singh Bains (Former Treasurer) of Sri Guru Ravidass Sabha Pittsburg (CA)

**For more information contact to**
**Avtar Singh Bains: (925) 759-5086**

# Funeral Services for Mr. Amar Nath, Subedar Paras Ram and Mr. Hardev Singh Sidhu

**It is very saddening** to know that another dedicated member of the community, Mr. Amar Nath Haphowal, passed away recently after a protracted illness. His funeral services will be held on February 19th 2020 (Wednesday) at 9:00 A.M in Chapel, Clayton Road, Concord California. Mr. Amar Nath who also migrated from Fiji Islands long time ago was very successful in every endeavor of his life. Sri Guru Ravidass Sabha offers its deep condolences and sympathies for this loss with prayers for Akalpurkh's blessings to provide peace and tranquility to the departed soul and solace and strength to the bereaved family to bear this loss.

**Sadly, Subedar Paras Ram,** father of Sukhwinder Singh Bains (Sonu) and brother- in-law of Dashwinder Paul, passed away on 2/17/2020 in Pittsburg. His funeral service will be at Higgins Chapel, 1310 A Street, Antioch (CA) on Thursday, February 20, 2020 from 8:00 AM to11:00 AM. His cremation will be at Oak Memorial Park Cemetery, 2500 East 18th Street, Antioch followed by Final Ardass at Sri Guru Ravidass Temple, Pittsburg. May God bless his soul and give courage to the family to bear this loss. Our heartfelt condolences to the family



**It is very saddening** to know that Mr. Hardev Singh Sidhu, a legendary figure of our community and a founder member of Sri Guru Ravidass Sabha, Pittsburg,California left for his heavenly abode recently and his funeral services will be held on February 21st,2020 (Friday) at 10:A.M in Pittsburg Chapel, Railroad Avenue, Pittsburg, California. All are requested to attend the services as mentioned above and share the pains of the bereaved family during this difficult time. Mr. Hardev Singh migrated to USA in 1963 from Fiji Islands and through his initiative, hard work and farsightedness he rose to be a successful business man, owning his own Golf Course in the city of Walnut Creek,California. He was a man of a very strong will and determination and lived a very independent and an abundant life throughout his long career as a businessman and in other endeavors of life. He leaves behind a rich legacy and a prosperous family. Sri Guru Ravidass Sabha, Pittsburg conveys its deep condolences with prayers for peace, tranquility and serenity of the departed soul and for solace and strength to the bereaved family to bear this irreparable loss.

**Shri Guru Ravidas Sabha,**
**Pittsburg (CA)**
**Jagtar Bhatia (Chairman),**
**Shinder Paul Narabut**
**(President)**
**Dharam Paul Chonkria**
**(General Secretary),**
**Vinod Kumar (Treasurer)**




ਬਹੁਤ ਜਨਮ ਬਿਛੁਰੇ ਥੇ ਮਾਧਉ ਇਹੁ ਜਨਮ ਤੁਮ੍ਹਾਰੇ ਲੇਖੇ ॥
ਕਹਿ ਰਵਿਦਾਸ ਆਸ ਲਗਿ ਜੀਵਉ ਚਿਰ ਭਇਓ ਦਰਸਨ ਦੇਖੇ ॥

# ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ 643ਵੇਂ ਪ੍ਰਕਾਸ਼ ਦਿਹਾੜੇ ਦੀਆਂ ਸਮੂਹ ਮਾਨਵਤਾ ਨੂੰ ਲੱਖ-ਲੱਖ ਵਧਾਈਆਂ

ਪਰਮ ਸਤਿਕਾਰਯੋਗ ਗੁਰੂ ਪਿਆਰੀ ਸਾਧ ਸੰਗਤ ਜੀ, ਜਿਵੇਂ ਕਿ ਆਪ ਜਾਣਦੇ ਹੀ ਹੋ ਕਿ ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ (ਕੈਲੇਫੋਰਨੀਆ) ਦੀ ਸਮੂਹ ਪ੍ਰਬੰਧਕ ਕਮੇਟੀ ਵੱਲੋਂ ਸੰਗਤਾਂ ਦੇ ਸਹਿਯੋਗ ਨਾਲ ਧੰਨ ਧੰਨ ਸਾਹਿਬ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 643ਵੇਂ ਗੁਰਪੁਰਬ ਮਨਾਏ ਜਾ ਰਹੇ ਹਨ। ਜਿਸ ਵਿਚ 21 ਫਰਵਰੀ ਦਿਨ ਸ਼ੁੱਕਰਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕੀਤੇ ਜਾਣਗੇ। 22 ਫਰਵਰੀ ਦਿਨ ਸ਼ਨਿਚਰਵਾਰ ਸ਼ਾਮੀ 4 ਵਜੇ ਨਿਸ਼ਾਨ ਸਾਹਿਬ ਜੀ ਦੇ ਚੋਲੇ ਦੀ ਸੇਵਾ ਕੀਤੀ ਜਾਵੇਗੀ ਅਤੇ ਸ਼ਾਮੀ 6 ਵਜੇ ਤੋਂ ਰਾਤੀ 10 ਵਜੇ ਤੱਕ ਕੀਰਤਨ ਦਰਬਾਰ ਸਜਾਏ ਜਾਣਗੇ। 23 ਫਰਵਰੀ ਦਿਨ ਐਤਵਾਰ ਨੂੰ ਅਖੰਡ ਪਾਠ ਸਾਹਿਬ ਜੀ ਦੇ ਭੋਗ ਉਪਰੰਤ ਕੀਰਤਨ ਦਰਬਾਰ ਸਜਾਏ ਜਾਣਗੇ। ਸਮੂਹ ਗੁਰੂ ਪਿਆਰੀ ਸਾਧ ਸੰਗਤ ਨੂੰ ਸਨਿਮਰ ਬੇਨਤੀ ਕੀਤੀ ਜਾਂਦੀ ਹੈ ਕਿ ਗੁਰੂ ਘਰ ਪਹੁੰਚ ਕੇ ਗੁਰਬਾਣੀ ਸਰਵਣ ਕਰਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।



**Shingara Singh Ralh (President)**
**and Ralh Family**
**Sri Guru Ravidass Temple Yuba City (CA)**

ਐਸੀ ਲਾਲ ਤੁਝ ਬਿਨ ਕਾਉਨ ਕਰੈ॥ ਗਰੀਬ ਨਿਵਾਜ ਗੁਸਈਆਂ ਮੇਰਾ ਮਾਥੈ ਛਤ੍ਰ ਧਰੈ॥ ਰਹਾਉ॥

ਪਰਮ ਸਤਿਕਾਰਯੋਗ ਗੁਰੂ ਪਿਆਰੀ ਸਾਧ ਸੰਗਤ ਜੀ, ਜਿਵੇਂ ਕਿ ਆਪ ਜਾਣਦੇ ਹੀ ਹੋ ਕਿ ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ (ਕੈਲੇਫੋਰਨੀਆ) ਦੀ ਸਮੂਹ ਪ੍ਰਬੰਧਕ ਕਮੇਟੀ ਵੱਲੋਂ ਸੰਗਤਾਂ ਦੇ ਸਹਿਯੋਗ ਨਾਲ ਧੰਨ ਧੰਨ ਸਾਹਿਬ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 643ਵੇਂ ਗੁਰਪੁਰਬ ਮਨਾਏ ਜਾ ਰਹੇ ਹਨ। ਜਿਸ ਵਿਚ 21 ਫਰਵਰੀ ਦਿਨ ਸ਼ੁੱਕਰਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕੀਤੇ ਜਾਣਗੇ। 22 ਫਰਵਰੀ ਦਿਨ ਸ਼ਨਿਚਰਵਾਰ ਸ਼ਾਮੀ 4 ਵਜੇ ਨਿਸ਼ਾਨ ਸਾਹਿਬ ਜੀ ਦੇ ਚੋਲੇ ਦੀ ਸੇਵਾ ਕੀਤੀ ਜਾਵੇਗੀ ਅਤੇ ਸ਼ਾਮੀ 6 ਵਜੇ ਤੋਂ ਰਾਤੀ 10 ਵਜੇ ਤੱਕ ਕੀਰਤਨ ਦਰਬਾਰ ਸਜਾਏ ਜਾਣਗੇ। 23 ਫਰਵਰੀ ਦਿਨ ਐਤਵਾਰ ਨੂੰ ਅਖੰਡ ਪਾਠ ਸਾਹਿਬ ਜੀ ਦੇ ਭੋਗ ਉਪਰੰਤ ਕੀਰਤਨ ਦਰਬਾਰ ਸਜਾਏ ਜਾਣਗੇ। ਸਮੂਹ ਗੁਰੂ ਪਿਆਰੀ ਸਾਧ ਸੰਗਤ ਨੂੰ ਸਨਿਮਰ ਬੇਨਤੀ ਕੀਤੀ ਜਾਂਦੀ ਹੈ ਕਿ ਗੁਰੂ ਘਰ ਪਹੁੰਚ ਕੇ ਗੁਰਬਾਣੀ ਸਰਵਣ ਕਰਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।



**Kuldip Suman**
(General Secretary)
**& Suman Family**



**Sri Guru Ravidass Temple Yuba City (California)**

# ਹਰਵਿੰਦਰ ਰਿਆੜ ਦੇ ਫਰਿਜ਼ਨੋ ਵਿਖੇ ਸੁਆਗਤ ਦੌਰਾਨ ਵਿਸ਼ੇਸ਼ ਪ੍ਰੋਗਰਾਮ





**ਫਰਿਜ਼ਨੋ, ਕੈਲੇਫੋਰਨੀਆਂ (ਨੀਟਾ ਮਾਛੀਕੇ/ ਕੁਲਵੰਤ ਧਾਲੀਆਂ):** ਪੰਜਾਬੀ ਮੀਡੀਏ ਵਿੱਚ ਆਪਣੀ ਵਿਲੱਖਣ ਪਹਿਚਾਣ ਬਣਾ ਚੁੱਕੇ ਪੱਤਰਕਾਰ ਹਰਵਿੰਦਰ ਰਿਆੜ ਬੀਤੇ ਦਿਨੀ ਇੰਡੋ ਯੂ. ਐਸ. ਹੈਰੀਟੇਜ ਐਸੋਸੀਏਸ਼ਨ ਅਤੇ ਮਾਛੀਕੇ – ਧਾਲੀਆਂ ਮੀਡੀਆ ਗਰੁੱਪ ਦੇ ਸੱਦੇ ਤੇ ਫਰਿਜ਼ਨੋ ਦੇ ਇੰਡੀਆ ਓਵਨ ਰੈਸਟੋਰਿੰਟ ਵਿੱਚ ਆਪਣੇ ਚਾਹੁੰਣ ਵਾਲਿਆ ਦੇ ਰੂਬਰੂ ਹੋਏ। ਇਸ ਮੌਕੇ ਵੱਡੀ ਗਿਣਤੀ ਵਿੱਚ ਫਰਿਜ਼ਨੋ ਨਿਵਾਸੀਆਂ ਨੇ ਪਹੁੰਚਕੇ ਆਪਣੇ ਆਪਣੇ ਮਹਿਬੂਬ ਪੱਤਰਕਾਰ ਦੇ ਵਿਚਾਰ ਸੁਣੇ। ਜਿਸ ਦੌਰਾਨ ਹਰਵਿੰਦਰ ਰਿਆੜ ਦੇ ਨਾਲ ਉਹਨਾਂ ਦੇ ਬੇਟੇ ਅਰਜ਼ਨ ਸਿੰਘ ਰਿਆੜ ਅਤੇ ਪਤਨੀ ਅਮਰਜੀਤ ਕੌਰ ਰਿਆੜ ਵੀ ਉਚੇਚੇ ਤੌਰ ਤੇ ਪਹੁੰਚੇ ਹੋਏ ਸਨ। ਪ੍ਰੋਗਰਾਮ ਦੀ ਸ਼ੁਰੂਆਤ ਪੱਤਰਕਾਰ ਨੀਟਾ ਮਾਛੀਕੇ ਨੇ ਸਭਨਾਂ ਨੂੰ ਨਿੱਘੀ ਆਇਆ ਆਖਕੇ ਕੀਤੀ। ਇਸ ਮੌਕੇ ਰਿਆੜ ਪਰਿਵਾਰ ਨੇ ਆਪਣੇ ਬੇਟੇ ਅਰਜ਼ਨ ਰਿਆੜ ਦੇ ਨਵੇਂ ਮੀਡੀਆ ਹਾਊਸ ਦੇ ਪੰਜਾਬੀ ਚੈਂਨਲ 'ਬਾਜ਼' ਦਾ ਰਸਮੀਂ ਉਦਘਾਟਨ ਕੀਤਾ। ਇਸ ਸਮੇਂ ਬੋਲਣ ਵਾਲੇ ਬੁਲਾਰਿਆਂ ਨੇ ਰਿਆੜ ਪਰਿਵਾਰ ਨੂੰ ਨਵੇਂ ਪੰਜਾਬੀ ਚੈਂਨਲ ਲਈ ਵਧਾਈਆ ਦਿੱਤੀਆਂ ਅਤੇ ਹਰ ਪ੍ਰਕਾਰ ਦੇ ਸਹਿਯੋਗ ਲਈ ਵਚਨ-ਬੱਧਤਾ ਪ੍ਰਗਟਾਈ। ਬੁਲਾਰਿਆਂ ਨੇ ਪਿਛਲੇ ਡੇਢ ਦਹਾਕੇ ਦੌਰਾਨ ਪੰਜਾਬੀ ਮੀਡੀਏ ਦੁਆਰਾ ਪੁੱਟੀਆਂ ਸ਼ਾਨਦਾਰ ਪੁਲਾਂਘਾ ਦੀ ਸਿਫ਼ਤ ਕੀਤੀ 'ਤੇ ਹਰਵਿੰਦਰ ਰਿਆੜ ਨੂੰ ਪੰਜਾਬੀ ਪੱਤਰਕਾਰੀ ਦਾ ਮੀਲ ਪੱਥਰ ਗਰਦਾਨਿਆਂ। ਬੀਤੇ ਤੇਰਾਂ ਸਾਲਾਂ ਤੋਂ 'ਪੰਜਾਬੀ ਰਾਈਟਰ ਵੀਕਲੀ' ਅਖਬਾਰ ਅਤੇ 'ਮੁੱਦਾ ਪ੍ਰੋਗਰਾਮ' ਜ਼ਰੀਏ ਪੰਜਾਬੀਆਂ ਦੀ ਅਵਾਜ਼ ਬਣਕੇ ਗੜਕਣ ਵਾਲਾ ਸੱਚਾ ਸੁੱਚਾ ਪੱਤਰਕਾਰ ਦੱਸਿਆ। ਇਸ ਮੌਕੇ ਬੋਲਣ ਵਾਲੇ ਬੁਲਾਰਿਆਂ ਵਿੱਚ ਸ. ਸੁਰਿੰਦਰ ਸਿੰਘ ਨਿੱਝਰ, ਮਹਿੰਦਰ ਸਿੰਘ ਸੰਧਾਵਾਲ਼ੀਆ, ਸੁਖਬੀਰ ਭੰਡਾਲ, ਅ੍ਰੰਮਿਤਪਾਲ ਸਿੰਘ ਨਿੱਝਰ, ਗੀਤਕਾਰ ਮਲਕੀਤ ਮੀਤ, ਸ. ਗੁਰਦੀਪ ਸਿੰਘ ਅਣਖੀ, ਗੁਰਦੀਪ ਸ਼ੇਰਗਿੱਲ, ਦਿਲਾਵਰ ਚਾਹਲ, ਡਾ. ਮਲਕੀਤ ਸਿੰਘ ਕਿੰਗਰਾ, ਸੁਖਦੇਵ ਸਿੰਘ ਸਿੱਧੂ, ਡਾ. ਅਰਜ਼ਨ ਸਿੰਘ ਜੋਸ਼ਨ ਅਤੇ ਸਾਧੂ ਸਿੰਘ ਸੰਘਾ ਆਦਿ ਦੇ ਨਾਮ ਜਿਕਰਯੋਗ ਹਨ। ਇਸ ਮੌਕੇ ਪੱਤਰਕਾਰ ਹਰਵਿੰਦਰ ਰਿਆੜ ਨੇ ਕਿਹਾ ਕਿ ਮੈਂ ਜਲਦ 'ਬਾਜ਼' ਟੀ.ਵੀ. ਜ਼ਰੀਏ "ਕਚਹਿਰੀ" ਪ੍ਰੋਗ੍ਰਾਮ ਨਾਲ ਤੁਹਾਡੇ ਸਨਮੁਖ ਹੋਵਾਂਗਾ। ਉਹਨਾਂ ਕਿਹਾ ਕਿ ਪੱਤਰਕਾਰਤਾ ਇਹ ਨਹੀਂ ਹੁੰਦੀ ਕਿ ਸਿਰਫ ਕਿਸੇ ਦੀ ਖੁਸ਼ਾਮਦੀਦ ਕਰਕੇ ਲੋਕਾਂ ਨੂੰ ਖੁਸ਼ ਕੀਤਾ ਜਾਵੇ, ਸਗੋਂ ਲੋਕਾਂ ਦੀਆਂ ਨਜ਼ਰਾਂ ਤੋਂ ਛੁੱਪਿਆ ਸੱਚ ਲੋਕ ਕਚਹਿਰੀ ਵਿੱਚ ਲਿਆਉਣ ਨੂੰ ਪੱਤਰਕਾਰੀ ਕਹਿੰਦੇ ਨੇ। ਉਹਨਾਂ ਲੋਕਾਂ ਨਾਲ ਵਾਅਦਾ ਕੀਤਾ ਕਿ ਉਹ ਹਮੇਸ਼ਾਂ ਦੀ ਤਰਾਂ ਪੀਲ਼ੀ ਪੱਤਰਕਾਰੀ ਤੋਂ ਹਟਕੇ ਲੋਕ ਮੁੱਦਿਆਂ ਤੇ ਦ੍ਰਿੜ੍ਹਤਾ ਨਾਲ ਪਹਿਰਾ ਦਿੰਦੇ ਰਹਿਣਗੇ। ਇਸ ਮੌਕੇ ਲੋਕਾਂ ਨੇ ਉਹਨਾਂ ਨੂੰ ਜੋਤਸ਼ੀਆਂ ਵਗੈਰਾ ਦੀਆਂ ਮਸ਼ਹੂਰੀਆਂ ਆਪਣੇ ਚੈਨਲ ਤੇ ਪ੍ਰਮੋਟ ਨਾਂ ਕਰਨ ਦੀ ਸਲਾਹ ਦਿੱਤੀ । ਇਸ ਪ੍ਰਗ੍ਰਾਮ ਵਿੱਚ ਸ਼ਾਮਲ ਸਮੂਹ ਜਥੇਬੰਦੀਆਂ ਇੰਡੋ ਅਮੈਰਿਕਨ ਹੈਰੀਟੇਜ ਫੋਰਮ, ਇੰਡੋ ਯੂ ਐਸ ਹੈਰੀਟੇਜ ਐਸੋਸੀਏਸ਼ਨ, ਵਿਰਸਾ ਗਰੁੱਪ, ਸ਼ਹੀਦ ਊਧਮ ਸਿੰਘ ਤੇ ਸ਼ਹੀਦ ਭਗਤ ਸਿੰਘ ਸਪੋਰਟਸ ਕਲੱਬ, ਅਜ਼ਾਦ ਸਪੋਰਟਸ ਐਂਡ ਕਲਚਰਲ ਕਲੱਬ, ਜੀ ਐਚ ਜੀ ਅਤੇ ਪੀਸੀਏ ਦੇ ਮੈਂਬਰਾ ਅਤੇ ਆਮ ਲੋਕਾਂ ਦਾ ਹਰਵਿੰਦਰ ਰਿਆੜ ਨੇ ਤਹਿ ਦਿਲੋਂ ਸ਼ੁਕਰੀਆ ਅਦਾ ਕੀਤਾ। ਇਸ ਪ੍ਰੋਗਰਾਮ ਵਿੱਚ ਖ਼ਾਸ ਤੌਰ ਤੇ ਸੈਕਰਮੈਂਟੋ ਤੋਂ ਪਹੁੰਚੇ ਪੱਤਰਕਾਰ ਜਗਦੇਵ ਸਿੰਘ ਭੰਡਾਲ ਦਾ ਹਰਵਿੰਦਰ ਰਿਆੜ ਉਚੇਚੇ ਤੌਰ ਤੇ ਧੰਨਵਾਦ ਕੀਤਾ। ਇਸ ਮੌਕੇ ਗਾਇਕ ਗੋਗੀ ਸੰਧੂ ਦਾ ਫ੍ਰੀ ਸਾਊਂਡ ਲਾਉਣ ਲਈ ਵੀ ਪ੍ਰਬੰਧਕਾਂ ਵੱਲੋਂ ਸ਼ੁਕਰੀਆ ਅਦਾ ਕੀਤਾ ਗਿਆ। ਅਖੀਰ ਵਿੱਚ ਹਰਵਿੰਦਰ ਰਿਆੜ ਦੀਆਂ ਪੱਤਰਕਾਰੀ ਸੇਵਾਵਾਂ ਬਦਲੇ ਇੰਡੋ ਯੂ. ਐਸ. ਹੈਰੀਟੇਜ਼ ਐਸੋਸੀਏਸ਼ਨ ਅਤੇ ਮਾਛੀਕੇ/ਧਾਲੀਆਂ ਮੀਡੀਆ ਗਰੁੱਪ ਵੱਲੋਂ ਉਹਨਾਂ ਨੂੰ ਸਨਮਾਨ ਚਿੰਨ ਨਾਲ ਨਿਵਾਜਿਆ ਗਿਆ। ਅੰਤ ਅਮਿੱਟ ਪੈੜ੍ਹਾ ਛੱਡਦਾ ਪੰਜਾਬੀ ਮੀਡੀਏ ਅੰਦਰ ਸੱਚੀ-ਸੁੱਚੀ ਸੋਚ ਨੂੰ ਸਿਜਦਾ ਕਰਦਾ ਪ੍ਰੋਗਰਾਮ ਯਾਦਗਾਰੀ ਹੋ ਨਿਬੜਿਆ।

# ਸਿੱਖਾਂ ਅਤੇ ਕਸ਼ਮੀਰੀਆਂ ਨੇ ਸਾਂਝੇ ਤੌਰ ਤੇ ਮਨਾਇਆ ਕਸ਼ਮੀਰ ਇੱਕਮੁਠਤਾ ਦਿਵਸ




**ਨਿਊਯਾਰਕ (ਹੁਸਨ ਲੜੋਆ ਬੰਗਾ)–** ਨਿਊਯਾਰਕ ਵਿੱਚ ਕਸ਼ਮੀਰ ਇੱਕਮੁਠਤਾ ਦਿਵਸ ਵਜੋਂ ਮਨਾਇਆ ਗਿਆ, ਮੋਦੀ ਸਰਕਾਰ ਵੱਲੋਂ ਕਸ਼ਮੀਰ ਦਾ ਵਿਸ਼ੇਸ਼ ਦਰਜਾ ਖਤਮ ਕਰਨ ਦੇ ਅਮਲਾਂ ਤੋਂ ਬਾਅਦ ਦੁਨੀਆ ਦੀਆਂ ਨਜ਼ਰਾਂ ਕਸ਼ਮੀਰ ਵੱਲ ਲੱਗੀਆਂ ਹੋਈਆਂ ਹਨ।

ਇਸ ਸਬੰਧੀ ਪਾਕਿਸਤਾਨ, ਅਜ਼ਾਦ ਕਸ਼ਮੀਰ ਅਤੇ ਦੁਨੀਆ ਦੇ ਵੱਖ-ਵੱਖ ਦੇਸ਼ਾਂ ਵਿੱਚ ਸਮਾਗਮ ਹੋਏ। ਪਾਕਿਸਤਾਨੀ ਅਮੈਰੀਕਨ ਥਿੰਕ ਟੈਂਕ ਵੱਲੋਂ ਇਸ ਸਬੰਧੀ ਇੱਕ ਵਿਸ਼ੇਸ਼ ਸਮਾਗਮ ਨਿਊਯਾਰਕ ਦੇ ਪ੍ਰਸਿੱਧ ਰੈਸਤੋਰਾਂ ਟੇਸਟ ਆਫ ਲਾਹੌਰ ਵਿੱਚ ਕਰਾਇਆ ਗਿਆ। ਇਸ ਸਮਾਗਮ ਵਿੱਚ ਖਾਲਿਸਤਾਨ ਅਫੇਅਰਜ਼ ਸੈਂਟਰ ਦੇ ਸੰਚਾਲਕ ਡਾ.ਅਮਰਜੀਤ ਸਿੰਘ ਨੇ ਮੁੱਖ ਬੁਲਾਰੇ ਦੇ ਤੌਰ ਤੇ ਅਤੇ ਪਾਕਿਸਤਾਨ ਦੀ ਕੌਂਸਲ ਜਨਰਲ ਆਇਸ਼ਾ ਅਲੀ ਨੇ ਮੁੱਖ ਮਹਿਮਾਨ ਦੇ ਤੌਰ ਤੇ ਸ਼ਮੂਲੀਅਤ ਕੀਤੀ। ਡਾ.ਅਮਰਜੀਤ ਸਿੰਘ ਨੇ ਕਿਹਾ, "ਮੋਦੀ ਸਰਕਾਰ ਹੁਣ ਨਾਜ਼ੀ ਹੁਕੂਮਤ ਦੀ ਤਰਜ ਤੇ ਚੱਲ ਰਹੀ ਹੈ ਅਤੇ ਸਾਮ, ਦਾਮ, ਦੰਡ, ਭੇਦ ਦੀ ਨੀਤੀ ਤੇ ਚੱਲਦਿਆਂ ਕਸ਼ਮੀਰ ਨੂੰ ਖੁੱਲ੍ਹੀ ਜੇਲ੍ਹ ਬਣਾਇਆ ਹੋਇਆ ਹੈ। ਘੱਟਗਿਣਤੀਆਂ ਤੇ ਤਸ਼ੱਦਦ ਢਾਹਿਆ ਜਾ ਰਿਹਾ ਹੈ।" ਡਾ.ਅਮਰਜੀਤ ਸਿੰਘ ਨੇ ਪਾਕਿਸਤਾਨ ਦੀ ਸਰਕਾਰ ਵੱਲ ਵੀ ਇਸ਼ਾਰਾ ਕੀਤਾ ਕਿ ਮੋਦੀ ਸਰਕਾਰ ਦੇ ਇਸ ਚੱਕਰਵਿਊ ਨੂੰ ਰੋਕਣ ਲਈ ਕੋਈ ਠੋਸ ਨੀਤੀ ਤੇ ਕੰਮ ਕਰਨ ਦੀ ਸਲਾਹ ਦਿੱਤੀ। ਪਾਕਿਸਤਾਨ ਦੀ ਕੌਂਸਲ ਜਨਰਲ ਅਇਸ਼ਾ ਅਲੀ ਨੇ ਸੰਬੋਧਨ ਕਰਦਿਆਂ ਕਿਹਾ, "ਅਸੀਂ ਇਸ ਮੌਕੇ ਕਸ਼ਮੀਰੀਆਂ ਨਾਲ ਖਲੋਤੇ ਹਾਂ ਅਤੇ ਕਸ਼ਮੀਰ ਮਸਲੇ ਦੇ ਹੱਲ ਲਈ ਹਰ ਸੰਭਵ ਯਤਨ ਕਰ ਰਹੇ ਹਾਂ, ਯੂ.ਐਨ ਤੋਂ ਲੈ ਯੂਰੋਪੀਅਨ ਯੁਨੀਅਨ ਤੱਕ ਅਤੇ ਹੋਰ ਮੁਲਕਾਂ ਨਾਲ ਇਸ ਮਸਲੇ ਦੇ ਹੱਲ ਲਈ ਅਸੀਂ ਹਰ ਪੱਧਰ ਤੇ ਲਾਮਬੰਦੀ ਕਰ ਰਹੇ ਹਾਂ। 5 ਅਗਸਤ ਤੋਂ ਬਾਅਦ ਭਾਰਤ ਦੀ ਮਾਰੂ ਨੀਤੀ ਦੁਨੀਆ ਸਾਹਮਣੇ ਨੰਗੀ ਹੋਈ ਹੈ ਅਤੇ ਦੁਨੀਆ ਭਰ ਦੇ ਮੀਡੀਏ ਵਿੱਚ ਭਾਰਤ ਤੇ ਸਵਾਲ ਉਠਾਏ ਜਾ ਰਹੇ ਹਨ।

ਨਿਊਯਾਰਕ ਵਿੱਚ ਸਿੱਖ-ਮੁਸਲਮਾਨ ਸਾਂਝ ਦੇ ਅਲੰਬਰਦਾਰ ਸਲੀਮ ਮਲਿਕ ਸਾਹਿਬ ਦੇ ਪਰਿਵਾਰ ਦਾ ਵੀ ਇਸ ਸਮਾਗਮ ਵਿੱਚ ਸਨਮਾਨ ਕੀਤਾ ਗਿਆ। ਮਲਿਕ ਸਾਹਿਬ ਨੇ ਪਿਛਲੇ ਕਈ ਸਾਲਾਂ ਤੋਂ ਦੋਹਾਂ ਭਾਈਚਾਰਿਆਂ ਦਰਮਿਆਨ ਏਕਤਾ ਬਣਾਉਣ ਵਿੱਚ ਅਹਿਮ ਯੋਗਦਾਨ ਪਾਇਆ ਸੀ। ਇਹ ਸਨਮਾਨ ਈਸਟ ਕੋਸਟ ਸਿੱਖ ਕੋਆਰਡੀਨੇਸ਼ਨ ਕਮੇਟੀ, ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ, ਦੁਆਬਾ ਸਿੱਖ ਅਸੋਸੀਏਸ਼ਨ ਵੱਲੋਂ ਕੀਤਾ ਗਿਆ। ਸਟੇਜ ਦੀ ਕਾਰਵਾਈ ਰਾਜਾ ਰਜ਼ਾਕ, ਫਰੀਦਾ ਖਾਨ ਜੀ ਵੱਲੋਂ ਨਿਭਾਈ ਗਈ ।

# ਐਲਕ ਗਰੋਵ, ਕੈਲੀਫੋਰਨੀਆ ਤੋਂ ਕੌਂਸਲ ਮੈਂਬਰ ਵਜੋਂ ਅਮਨਦੀਪ ਸਿੰਘ ਨੇ ਚੋਣ ਸਰਗਰਮੀ ਨਾਲ ਕੀਤਾ ਆਗਾਜ਼

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਕੈਲੀਫੋਰਨੀਆ ਹੀ ਨਹੀਂ ਪੂਰੇ ਅਮਰੀਕਾ ਵਿਚ ਪੰਜਾਬੀਆਂ ਨੇ ਸਿਆਸੀ ਸਰਗਰਮੀਆਂ ਰਾਹੀਂ ਆਪਣੀ ਪਹਿਚਾਣ ਨੂੰ ਬਾਕੀ ਭਾਈਚਾਰਿਆਂ ਵਿਚ ਨਵੇਂ ਦਿਸਹੱਦੇ ਦਿੱਤੇ ਹਨ। ਇਸੇ ਲੜੀ ਵਿਚ ਅਮਨਦੀਪ ਸਿੰਘ ਜੋ ਸੈਕਰਾਮੈਂਟੋ, ਐਲਕਗਰੋਵ ਵਿਚ ਰੀਐਲਟਰ ਹਨ, ਨੇ ਆਪਣੇ ਨਜ਼ਦੀਕੀਆਂ ਵਿਚ ਐਲਕ ਗਰੋਵ ਦੇ ਡਿਸਟ੍ਰਿਕ 3 ਵਿਚ ਸਿਆਸੀ ਆਗਾਜ਼ ਕੀਤਾ ਹੈ। ਇਕ ਸੰਖੇਪ ਤੇ ਪ੍ਰਭਾਵਸ਼ਾਲੀ ਪ੍ਰੋਗਰਾਮ ਜੋ ਮਿਰਾਜ਼ ਬੈਂਕੁਇਟ ਹਾਲ ਵਿਚ ਆਯੋਜਿਤ ਕੀਤਾ ਗਿਆ, ਉਸ ਵਿਚ ਅਮਨਦੀਪ ਸਿੰਘ ਨੇ ਵੱਖ-ਵੱਖ ਮੁੱਦਿਆਂ ਨੂੰ ਲੈ ਕੇ ਲੋਕਾਂ 'ਚ ਰੂਬਰੂ ਹੋਏ। ਅਮਨਦੀਪ ਸਿੰਘ ਨੇ ਕਿਹਾ ਕਿ ਉਹ ਵੱਖਰੀ ਤਰ੍ਹਾਂ ਦੀ ਰਾਜਨੀਤੀ ਤੇ ਲੋਕਾਂ ਦੀਆਂ ਸਿੱਧੀਆਂ ਲੋੜਾਂ ਤੇ ਕੇਂਦਰਿਤ ਕਰਨਗੇ। ਇਸ ਮੌਕੇ ਸ਼ਾਮਲ ਵੱਖ-ਵੱਖ ਸ਼ਖਸੀਅਤਾਂ ਵਿਚ ਵਕੀਲ ਤੇ ਡੈਮੋਕ੍ਰੇਟਿਕ ਡੈਲੀਗੇਟ ਅਮਰ ਸ਼ੇਰਗਿੱਲ, ਮਲਕੀਅਤ ਬੋਪਾਰਾਏ, ਜਸਵਿੰਦਰ ਬੋਪਾਰਾਏ, ਧੀਰਾ ਨਿੱਝਰ, ਸੁੱਖੀ ਸੇਖੋਂ, ਦਵਿੰਦਰ ਸਿੰਘ, ਗੁਰਮੁਖ ਸੰਧੂ, ਲਖਵੀਰ ਸਿੰਘ ਔਜਲਾ, ਮਨਜੀਤ ਸਿੰਘ, ਸੈਮ ਚਾਹਲ, ਪਰਮਜੀਤ ਪੰਮੀ, ਜਸਵਿੰਦਰ ਸੰਘਾ, ਰਾਜਾ ਖੱਖ, ਸਰਬਜੀਤ ਸਿੰਘ, ਸੀਤਲ ਸਿੰਘ, ਸੋਢੀ ਸਿੰਘ, ਨਰਿੰਦਰ ਔਜਲਾ, ਜੱਸੀ ਢਿੱਲੋਂ, ਅਵਤਾਰ ਅਟਵਾਲ, ਚਰਨ ਬੁਡਵਾਲ ਆਦਿ ਸਥਾਨਕ ਪਤਵੰਤਿਆਂ ਨੇ ਇਸ ਪ੍ਰੋਗਰਾਮ ਵਿਚ ਆਪਣੇ ਆਪਣੇ ਵਿਚਾਰ ਵੀ ਰੱਖੋ ਤੇ ਅਮਨਦੀਪ ਸਿੰਘ ਨੂੰ ਚੋਣ 'ਚ ਜਿਤਾਉਣ ਲਈ ਉਪਰਾਲਿਆਂ ਦਾ ਜ਼ਿਕਰ ਕੀਤਾ।




# 26/11 ਹਮਲੇ ਨੂੰ ਹਿੰਦੂ ਅੱਤਵਾਦ ਵਜੋਂ ਪੇਸ਼ ਕਰਨਾ ਚਾਹੁੰਦਾ ਸੀ ਲਸ਼ਕਰ

**ਮੁੰਬਈ–** ਮੁੰਬਈ ਦੇ ਸਾਬਕਾ ਪੁਲਿਸ ਕਮਿਸ਼ਨਰ ਰਾਕੇਸ਼ ਮਾਰੀਆ ਨੇ ਦਾਅਵਾ ਕੀਤਾ ਹੈ ਕਿ ਲਸ਼ਕਰ-ਏ-ਤੋਇਬਾ ਵਲੋਂ 26/11 ਦੇ ਮੁੰਬਈ ਦਹਿਸ਼ਤੀ ਹਮਲੇ ਨੂੰ 'ਹਿੰਦੂ ਅਤਿਵਾਦ' ਵਜੋਂ ਪੇਸ਼ ਕਰਨ ਦੀ ਯੋਜਨਾ ਬਣਾਈ ਗਈ ਸੀ ਅਤੇ ਪਾਕਿਸਤਾਨੀ ਦਹਿਸ਼ਤਗਰਦ ਮੁਹੰਮਦ ਅਜਮਲ ਕਸਾਬ ਨੇ ਬੰਗਲੂਰੂ ਵਾਸੀ ਸਮੀਰ ਚੌਧਰੀ ਵਜੋਂ ਮਰਨਾ ਸੀ।

ਆਪਣੀ ਪੁਸਤਕ 'ਲੈੱਟ ਮੀ ਸੇਅ ਇਟ ਨਾਓ' ਦੀ ਰਿਲੀਜ਼ ਮੌਕੇ ਮਾਰੀਆ ਨੇ ਦੱਸਿਆ ਕਿ 26/11 ਦੇ ਮੁੰਬਈ ਦਹਿਸ਼ਤੀ ਹਮਲੇ ਦੀ ਜਾਂਚ ਉਨ੍ਹਾਂ ਨੇ ਕੀਤੀ ਸੀ। ਇਸ ਹਮਲੇ ਦੀ ਯੋਜਨਾ ਲਸ਼ਕਰ ਨੇ ਬਣਾਈ ਸੀ ਅਤੇ ਇਸ ਪਿੱਛੇ ਪਾਕਿਸਤਾਨ ਦਾ ਹੱਥ ਹੋਣ ਦਾ ਖ਼ੁਲਾਸਾ ਹੋਇਆ ਸੀ। ਪੁਸਤਕ ਵਿਚੋਂ ਲਏ ਕੁਝ ਹਿੱਸਿਆਂ ਅਨੁਸਾਰ ਆਈਐੱਸਆਈ (ਪਾਕਿਸਤਾਨ ਦੀ ਖ਼ੁਫ਼ੀਆ ਏਜੰਸੀ) ਅਤੇ ਲਸ਼ਕਰ-ਏ-ਤੋਇਬਾ ਵਲੋਂ ਜੇਲ੍ਹ ਵਿੱਚ ਬੰਦ ਕਸਾਬ ਨੂੰ ਮਾਰਨ ਦੀ ਯੋਜਨਾ ਬਣਾਈ ਗਈ ਸੀ ਕਿਉਂਕਿ ਉਹ (ਕਸਾਬ) ਉਨ੍ਹਾਂ ਨੂੰ ਇਸ ਹਮਲੇ ਨਾਲ ਜੋੜਨ ਦਾ ਅਹਿਮ ਸਬੂਤ ਸੀ।

ਇਹ ਜ਼ਿੰਮਾ ਦਾਊਦ ਇਬਰਾਹਿਮ ਦੇ ਗਰੋਹ ਨੂੰ ਦਿੱਤਾ ਗਿਆ ਸੀ। ਲਸ਼ਕਰ ਦੀ 26ḳ11 ਦੇ ਹਮਲੇ ਨੂੰ 'ਹਿੰਦੂ ਅਤਿਵਾਦ' ਦਾ ਨਾਂ ਦਿੱਤੇ ਜਾਣ ਦੀ ਯੋਜਨਾ ਬਾਰੇ ਮਾਰੀਆ ਨੇ ਲਿਖਿਆ, "ਜੇਕਰ ਸਭ ਕੁਝ ਯੋਜਨਾ ਅਨੁਸਾਰ ਹੁੰਦਾ ਤਾਂ ਕਸਾਬ ਨੇ ਚੌਧਰੀ ਵਜੋਂ ਮਰਨਾ ਸੀ ਅਤੇ ਮੀਡੀਆ ਨੇ ਹਮਲੇ ਦਾ ਦੋਸ਼ 'ਹਿੰਦੂ ਅਤਿਵਾਦੀਆਂ' ਉਪਰ ਲਾ ਦੇਣਾ ਸੀ।" ਇਸ ਦਹਿਸ਼ਤੀ ਸੰਗਠਨ ਨੇ ਦਹਿਸ਼ਤਗਰਦਾਂ ਲਈ ਭਾਰਤ ਦੇ ਪਤੇ ਵਾਲੇ ਜਾਅਲੀ ਸ਼ਨਾਖ਼ਤੀ ਕਾਰਡ ਵੀ ਬਣਵਾਏ ਸਨ।



# ਗੁਰਦੁਆਰਾ ਨਾਨਕਸਰ ਫਰਿਜ਼ਨੋ ਵਿਖੇ ਸਲਾਨਾ ਅਖੰਡ ਪਾਠਾਂ ਦੀ ਲੜੀ ਦੇ ਸਮਾਪਤੀ 'ਤੇ ਮਹਾਨ ਕੀਰਤਨ ਸਮਾਗਮ ਹੋਏ

**ਫਰਿਜ਼ਨੋ (ਕੁਲਵੰਤ ਧਾਲੀਆਂ ਨੀਟਾ ਮਾਛੀਕੇ):** ਹਰ ਸਾਲ ਦੀ ਤਰ੍ਹਾਂ ਧੰਨ-ਧੰਨ ਬਾਬਾ ਨੰਦ ਸਿੰਘ ਜੀ ਅਤੇ ਧੰਨ-ਧੰਨ ਬਾਬਾ ਈਸ਼ਰ ਸਿੰਘ ਜੀ ਦੀ ਨਿੱਘੀ ਯਾਦ ਅੰਦਰ ਵਰੋਸਾਏ ਗੁਰਦੁਆਰਾ ਨਾਨਕਸ਼ਰ ਫਰਿਜ਼ਨੋ ਵਿਖੇ ਮਾਘ ਮਹੀਨੇ ਤੋਂ ਲਗਾਤਾਰ ਚਲ ਰਹੀ ਅਖੰਡ ਪਾਠਾ ਦੀ ਲੜੀ ਦੀ ਸਮਾਪਤੀ ਦੌਰਾਨ ਮਹਾਨ ਕੀਰਤਨ ਸਮਾਗਮ ਕਰਵਾਏ ਗਏ। ਜਿਸ ਦੌਰਾਨ ਬਹੁਤ ਸਾਰੇ ਕੀਰਤਨੀ ਜੱਥਿਆਂ ਅਤੇ ਧਰਮ ਪ੍ਰਚਾਰਕ ਬੁੱਧੀ ਜੀਵੀਆਂ ਨੇ ਸੰਗਤਾਂ ਨਾਲ ਗੁਰਮਤਿ ਵਿਚਾਰਾ ਦੀ ਸਾਂਝ ਪਾਈ। ਜਿਸ ਦੌਰਾਨ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਗੁਰਬਾਣੀ ਕੀਰਤਨ ਅਤੇ ਗੁਰਮਤਿ ਵਿਚਾਰਾ ਹੋਈਆ। ਇਸ ਸਮੇਂ ਗੁਰੂਘਰ ਦੇ ਹਜ਼ੂਰੀ ਕੀਤਤਨੀ ਜੱਥੇ ਹੋਰ ਕੀਰਤਨੀ ਜੱਥਿਆ ਨੇ ਸੰਗਤਾਂ ਨੂੰ ਗੁਰਬਾਣੀ ਨਾਲ ਜੋੜਿਆ।





ਜਦ ਕਿ ਇਸ ਸਮਾਗਮ ਦੌਰਾਨ ਵਿਸ਼ੇਸ਼ ਤੌਰ 'ਤੇ ਪਹੁੰਚੇ ਭਾਈ ਅਮਰਜੀਤ ਸਿੰਘ ਤਾਨ ਦੇ ਕੀਰਤਨੀ ਜੱਥੇ ਨੇ ਸੰਗਤਾਂ ਨੂੰ ਨਿਰੋਲ ਸਬਦ ਗੁਰਬਾਣੀ ਅਤੇ ਇਤਿਹਾਸ ਨਾਲ ਜੋੜਿਆ। ਭਾਈ ਸਾਹਿਬ ਨੇ ਜੀਵਨ ਦੀ ਜਾਂਚ ਅਤੇ ਸੰਗਤਾਂ ਨੂੰ ਗੁਰੂ ਨਾਨਕ ਦੇਵ ਜੀ ਦੇ ਲੜ ਲੱਗਣ ਦੀ ਗੱਲ ਕੀਤੀ। ਜਦ ਕਿ ਇਸ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਬੁਲਾਰਿਆਂ ਨੇ ਆਪਣੀ ਹਾਜ਼ਰੀ ਭਰੀ। ਇਸ ਸਮੇਂ ਦਾ ਮਹੌਲ ਇਕ ਧਾਰਮਿਕ ਸਮਾਗਮ ਦੇ ਨਾਲ-ਨਾਲ ਮੇਲੇ ਵਾਂਗ ਲੱਗ ਰਿਹਾ ਸੀ। ਗੁਰੂ ਦੇ ਸੁਆਦਿਸ਼ਟ ਲੰਗਰਾਂ ਵਿੱਚ ਮਿਠ-ਾਈਆਂ, ਜਲੇਬੀਆਂ, ਸਮੋਸੇ, ਪਕੌੜੇ, ਜੂਸ਼ ਅਤੇ ਸੰਤਰੇ ਦੇ ਤਾਜ਼ੇ ਜੂਸ਼ ਆਦਿਕ ਅਤੁੱਟ ਵਰਤ ਰਹੇ ਸਨ। ਸਮੁੱਚੇ ਪ੍ਰੋਗਰਾਮ ਦੌਰਾਨ ਸੰਗਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨਾਲ ਘੱਟ ਅਤੇ ਲੰਗਰਾਂ ਦੇ ਵਿੱਚ ਜੁੜੀਆਂ ਵੱਧ ਨਜ਼ਰ ਆ ਰਹੀਆਂ ਸਨ। ਇੱਥੇ ਸਮਾਗਮ ਦੌਰਾਨ ਸੰਗਤਾਂ ਨੇ ਆਪਣੀ-ਆਪਣੀ ਸਰਧਾ ਅਨੁਸਾਰ ਗੁਰਬਾਣੀ, ਗੁਰਮਤਿ ਵਿਚਾਰਾ ਅਤੇ ਚਲ ਰਹੇ ਸ਼ੁਆਦਿਸਟ ਲੰਗਰਾਂ ਦਾ ਅਨੰਦ ਮਾਣਿਆ। ਇਸ ਅਖੰਡਪਾਠਾਂ ਦੀ ਲੜੀ ਵਿੱਚ ਸਮੁੱਚੇ ਇਲਾਕੇ ਦੀਆ ਸੰਗਤਾਂ ਨੇ ਮਨ, ਤਨ ਅਤੇ ਧਨ ਨਾਲ ਸੇਵਾਵਾ ਨਿਭਾਈਆ। ਸਮਾਪਤੀ ਦੇ ਸਮਾਗਮ ਦੌਰਾਨ ਫਰਿਜ਼ਨੋ ਦੇ ਟਰੱਕਾ ਵਾਲੇ ਪਰਿਵਾਰਾ ਨੇ ਬਾਕੀ ਸੰਗਤ ਨਾਲ ਰਲ ਕੇ ਅਖੰਡਪਾਠ ਸਾਹਿਬ ਅਤੇ ਲੰਗਰਾਂ ਦੀਆ ਸੇਵਾਵਾ ਕੀਤੀਆਂ। ਅੰਤ ਗੁਰਸਿੱਖੀ ਅਤੇ ਸਾਂਝੀਵਾਲਤਾ ਦਾ ਸੁਨੇਹਾ ਦਿੰਦਾ ਹੋਇਆਂ ਇਹ ਸਮਾਗਮ ਯਾਦਗਾਰੀ ਹੋ ਨਿਬੜਿਆ।

# ਸਰਹੱਦੋਂ ਪਾਰ ਸਿੱਖ ਵਿਰਾਸਤ







**ਫਰਿਜ਼ਨੋ (ਕੈਸੇਫੋਰਨੀਆਂ) ਨੀਟਾ ਮਾਛੀਕੇ/ ਕੁਲਵੰਤ ਧਾਲੀਆਂ-** ਸਿੱਖ ਵਿਰਾਸਤ ਤੇ ਬਹੁਤ ਸਾਰੀਆਂ ਕਿਤਾਬਾਂ ਲਿਖੀਆਂ ਜਾ ਚੁਕੀਆਂ ਹਨ। ਲੇਕਿਨ ਸਰਹੱਦ ਪਾਰ ਤੋਂ ਸਿੱਖ ਵਿਰਾਸਤ ਸਬੰਧੀ ਡਾ. ਦਲਵੀਰ ਸਿੰਘ ਪੰਨੂੰ ਦੀ ਪੁਸਤਕ "ਸਿੱਖ ਹੈਰੀਟੇਜ਼ ਬਿਔਂਡ ਬਾਰਡਰਜ਼" ਇਹਨੀਂ ਦਿਨੀਂ ਬੜੀ ਚਰਚਾ ਦਾ ਵਿਸ਼ਾ ਬਣੀ ਹੋਈ ਹੈ। ਡਾ. ਪੰਨੂ ਨੇ ਬੜੀ ਮਿਹਨਤ ਨਾਲ ਜ਼ਮੀਨੀ ਪੱਧਰ ਤੇ ਕੰਮ ਕਰਕੇ ਇਹ ਪੁਸਤਕ ਹੋਂਦ ਵਿੱਚ ਲਿਆਂਦੀ। ਇਸ ਪੁਸਤਕ ਵਿੱਚ ਡਾਕਟਰ ਪੰਨੂ ਨੇ ਜਿਹੜੀਆਂ ਸਿੱਖ ਵਿਰਾਸਤ ਨਾਲ ਸਬੰਧੀ ਇਮਾਰਤਾਂ ਪਾਕਿਸਤਾਨ ਵਿੱਚ ਰਹਿ ਗਈਆ ਸਨ, ਸਬੰਧੀ ਵਿਸਥਾਰ ਪੂਰਵਿਕ ਜਾਣਕਾਰੀ ਦੇਣ ਦੀ ਕੋਸ਼ਿਸ਼ ਕੀਤੀ ਹੈ। ਇਸ ਪੁਸਤਕ ਵਿੱਚ ਡਾਕਟਰ ਪੰਨੂ ਨੇ ਹਰ ਇਮਾਰਤ ਦਾ ਵੇਰਵਾ ਤੱਥਾਂ ਦੇ ਅਧਾਰਤ ਦੇਣ ਦੀ ਕੋਸ਼ਿਸ਼ ਕੀਤੀ ਹੈ। ਡਾਕਟਰ ਪੰਨੂ ਦੀ ਇਸ ਪੁਸਤਕ ਨੂੰ ਜਿੱਥੇ ਪਾਕਿਸਤਾਨ ਵਿੱਚ ਬੇਸ਼ੁਮਾਰ ਹੁੰਗਾਰਾ ਮਿਲਿਆ, ਓਥੇ ਪੰਜਾਬ ਅਤੇ ਆਲ ਓਵਰ ਵਰਲਡ ਵਿੱਚ ਸਿੱਖ ਸੰਗਤ ਨੇ ਇਸ ਕਿਤਾਬ ਨੂੰ ਬਹੁਤ ਮਾਣ ਇੱਜਤ ਬਖ਼ਸ਼ਿਆ ।

ਲੰਘੇ ਐਂਤਵਾਰ ਫਰਿਜ਼ਨੋ ਦੇ ਗੁਰਦਵਾਰਾ ਸਿੰਘ ਵਿਖੇ ਵਿੱਖੇ ਇਸ ਪੁਸਤਕ ਸਬੰਧੀ ਗੋਸ਼ਟੀ ਹੋਈ। ਇਸ ਮੌਕੇ ਡਾਕਟਰ ਪੰਨੂ ਨੇ ਸੰਗਤਾਂ ਨਾਲ ਇਹ ਪੁਸਤਕ ਕਿਵੇਂ ਅਤੇ ਕਿਉਂ ਹੋਂਦ ਵਿੱਚ ਆਈ ਸਬੰਧੀ ਲੰਮੀ ਚੌੜੀ ਗੱਲ ਬਾਤ ਕੀਤੀ ।ਇਸ ਸਬੰਧੀ ਉਹਨਾਂ ਪੁਸਤਕ ਸਬੰਧੀ ਸੰਗਤ ਦੇ ਸਵਾਲਾਂ ਦੇ ਜਵਾਬ ਵੀ ਦਿੱਤੇ ਅਤੇ ਉਹਨਾਂ ਸਿੱਖ ਜਥੇਬੰਦੀਆਂ ਅਤੇ ਧਾਰਮਿਕ ਜਥੇਬੰਦੀਆਂ ਤੋਂ ਕਿਤਾਬ ਨੂੰ ਪ੍ਰੋਟ ਕਰਨ ਲਈ ਸਹਿਯੋਗ ਦੀ ਮੰਗ ਵੀ ਕੀਤੀ

# ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 643ਵੇਂ ਗੁਰਪੁਰਬ 21,22,23 ਨੂੰ ਮਨਾਏ ਜਾਣਗੇ

ਗੁਰੂ ਪਿਆਰੀ ਸਾਧ ਸੰਗਤ ਜੀ

ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਦੀ ਸਮੂਹ ਪ੍ਰਬੰਧਕ ਕਮੇਟੀ ਵੱਲੋਂ ਸੰਗਤਾਂ ਦੇ ਸਹਿਯੋਗ ਨਾਲ ਧੰਨ ਧੰਨ ਸਾਹਿਬ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 643ਵੇਂ ਗੁਰਪੁਰਬ ਮਨਾਏ ਜਾ ਰਹੇ ਹਨ। ਜਿਸ ਵਿਚ 21 ਫਰਵਰੀ ਦਿਨ ਸ਼ੁੱਕਰਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕੀਤੇ ਜਾਣਗੇ। 22 ਫਰਵਰੀ ਦਿਨ ਸ਼ਨਿਚਰਵਾਰ ਸ਼ਾਮੀ 4 ਵਜੇ ਨਿਸ਼ਾਨ ਸਾਹਿਬ ਦੇ ਚੋਲੇ ਦੀ ਸੇਵਾ ਕੀਤੀ ਜਾਵੇਗੀ ਅਤੇ ਸ਼ਾਮੀ 6 ਵਜੇ ਤੋਂ ਰਾਤੀ 10 ਵਜੇ ਤੱਕ ਕੀਰਤਨ ਦਰਬਾਰ ਸਜਾਏ ਜਾਣਗੇ। 23 ਫਰਵਰੀ ਦਿਨ ਐਤਵਾਰ ਨੂੰ ਅਖੰਡ ਪਾਠ ਸਾਹਿਬ ਜੀ ਦੇ ਭੋਗ ਉਪਰੰਤ ਕੀਰਤਨ ਦਰਬਾਰ ਸਜਾਏ ਜਾਣਗੇ, ਜਿਸ ਵਿਚ ਭਾਈ ਗੁਰਦਿਆਲ ਸਿੰਘ ਜੀ (ਸੁਦਾਣੇ ਵਾਲੇ), ਭਾਈ ਆਤਮਜੋਤ ਸਿੰਘ (ਯੂਬਾ ਸਿਟੀ ਵਾਲੇ) ਅਤੇ ਸੰਤ ਕ੍ਰਿਸ਼ਨ ਨਾਥ ਜੀ (ਚਹੇੜੂ ਵਾਲੇ) ਸੰਗਤਾਂ ਨੂੰ ਕੀਰਤਨ ਕਰਕੇ ਨਿਹਾਲ ਕਰਨਗੇ। ਸੰਗਤਾਂ ਨੂੰ ਬੇਨਤੀ ਹੈ ਕਿ ਗੁਰੂ ਘਰ ਪਹੁੰਚ ਕੇ ਗੁਰਬਾਣੀ ਸਰਵਣ ਕਰਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।



ਸੰਤ ਕ੍ਰਿਸ਼ਨ ਨਾਥ ਜੀ (ਚਹੇੜੂ ਵਾਲੇ)


SKY TRANSPORT SOLUTIONS

STRIVE FOR MORE

WE PROVIDE ALL TRUCKING RELATED PERMITS AND SERVICES

ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ



SPECIAL BIT INSPECTION AND DOT AUDIT COMPLIANCE:

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

PLEASE CONTACT US FOR MORE INFORMATION

PHONE: 209-855-6938, FAX: 209-762-6540

Email: skytransportsolution@gmail.com

Give us a chance to provide you best services

2680 N TRACY BLVD, SUITE 4, TRACY, CA 95376

ਦੇਸ਼ ਦੁਆਬਾ

# ਨਾਕਸ ਨੀਤੀਆਂ ਦੇ ਨੁਕਸਾਨ

ਕੁਝ ਦਿਨ ਪਹਿਲਾਂ ਲੌਂਗੋਵਾਲ ਸਕੂਲ ਦੀ ਵੈਨ ਹਾਦਸੇ ’ਚ ਚਾਰ ਬੱਚਿਆਂ ਦੀ ਮੌਤ ਤੋਂ ਬਾਅਦ ਸਰਕਾਰ ਸਖ਼ਤੀ ਦਿਖਾ ਰਹੀ ਹੈ ਅਤੇ ਸੂਬੇ ’ਚ ਧੜਾਧੜ ਚਲਾਨ ਕੱਟੇ ਜਾ ਰਹੇ ਹਨ। ਇਹ ਕੋਈ ਨਵੀਂ ਗੱਲ ਨਹੀਂ। ਹਰ ਵਾਰ ਇਸੇ ਤਰ੍ਹਾਂ ਹੁੰਦਾ ਹੈ। ਅਗਲੇ ਕੁਝ ਦਿਨਾਂ ’ਚ ਇਹ ਕਾਰਵਾਈ ਹੌਲੀ-ਹੌਲੀ ਬੰਦ ਕਰ ਦਿੱਤੀ ਜਾਵੇਗੀ। ਜੇ ਪਹਿਲਾਂ ਹੀ 20 ਸਾਲ ਪੁਰਾਣੀ ਕਬਾੜ ’ਚੋਂ ਖ਼ਰੀਦੀ ਵੈਨ ਚਲਾਉਣ ਵਾਲੇ ਡਰਾਈਵਰ ਜਾਂ ਪ੍ਰਿੰਸੀਪਲ ’ਤੇ ਕਾਰਵਾਈ ਹੋਈ ਹੁੰਦੀ ਤਾਂ ਚਾਰ ਘਰਾਂ ’ਚ ਇੰਜ ਸੱਥਰ ਨਾ ਵਿਛਦੇ। ਪੁਲਿਸ ਨੇ ਪ੍ਰਿੰਸੀਪਲ ਤੇ ਡਰਾਈਵਰ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਚਾਹੇ ਮੁੱਖ ਮੰਤਰੀ ਨੇ ਮੈਜਿਸਟ੍ਰੇਟ ਤੋਂ ਜਾਂਚ ਕਰਵਾਉਣ ਅਤੇ ਵਾਰਿਸਾਂ ਨੂੰ ਮੁਆਵਜ਼ਾ ਦੇਣ ਦੀ ਗੱਲ ਕਹੀ ਹੈ ਪਰ ਚਿੰਤਾ ਇਸ ਗੱਲ ਦੀ ਹੈ ਕਿ ਸੂਬੇ ’ਚ ਵੱਡੀ ਗਿਣਤੀ ’ਚ ਸਕੂਲੀ ਵਾਹਨ ਨਿਯਮਾਂ ਦੀ ਪਾਲਣਾ ਨਹੀਂ ਕਰਦੇ। ਸਕੂਲੀ ਸਿੱਖਿਆ ਹੁਣ ਕਾਰੋਬਾਰ ਬਣ ਚੁੱਕੀ ਹੈ ਅਤੇ ਹਰੇਕ ਸਕੂਲ ਕਮਾਈ ਕਰਨੀ ਚਾਹੁੰਦਾ ਹੈ। ਬੱਚਿਆਂ ਨੂੰ ਲਿਆਉਣ ਤੇ ਛੱਡਣ ਜਾਣ ਵਾਲੇ ਵਾਹਨ ਕਮਾਈ ਦਾ ਵੱਡਾ ਜ਼ਰੀਆ ਹਨ। ਜ਼ਿਆਦਾਤਰ ਸਕੂਲਾਂ ’ਚ ਵਾਹਨ ਠੇਕੇਦਾਰ ਦੇ ਹੁੰਦੇ ਹਨ। ਸਕੂਲ ਬੱਚਿਆਂ ਤੋਂ ਕਿਰਾਇਆ ਲੈ ਕੇ ਆਪਣਾ ਹਿੱਸਾ ਰੱਖ ਕੇ ਬਾਕੀ ਰਕਮ ਠੇਕੇਦਾਰਾਂ ਨੂੰ ਦਿੰਦੇ ਹਨ। ਠੇਕੇਦਾਰ ਵੀ ਕਮਾਈ ਲਈ ਵਾਹਨ ’ਤੇ ਜ਼ਿਆਦਾ ਤੋਂ ਜ਼ਿਆਦਾ ਬੱਚੇ ਚੜ੍ਹਾਉਂਦੇ ਹਨ। ਅਸੀਂ ਸਕੂਲ ਬੱਸਾਂ ’ਚ ਬੱਚਿਆਂ ਦੀ ਬਦਤਰ ਹਾਲਤ ਦੇਖ ਸਕਦੇ ਹਾਂ। ਠੇਕੇਦਾਰਾਂ ਦੇ ਡਰਾਈਵਰ ਸਾਰੇ ਨਿਯਮਾਂ ਨੂੰ ਛਿੱਕੇ ਟੰਗ ਦਿੰਦੇ ਹਨ। ਸਕੂਲੀ ਵਾਹਨ ਨਿਯਮਾਂ ਮੁਤਾਬਕ ਪ੍ਰਾਇਮਰੀ ਸਕੂਲਾਂ ਦੇ ਬੱਚਿਆਂ ਲਈ ਵਾਹਨ ’ਚ ਡਰਾਈਵਰ ਦੇ ਨਾਲ ਕੰਡਕਟਰ ਹੋਣਾ ਵੀ ਜ਼ਰੂਰੀ ਹੈ। ਹਰ ਸਕੂਲੀ ਵਾਹਨ ਦਾ ਰੰਗ ਪੀਲਾ ਹੋਵੇ ਅਤੇ ਉਹ ਚੰਗੀ ਹਾਲਤ ’ਚ ਹੋਣਾ ਚਾਹੀਦਾ ਹੈ। ਅਕਸਰ ਦੇਖਿਆ ਗਿਆ ਹੈ ਕਿ ਕਈ ਸਕੂਲਾਂ ’ਚ ਪੁਰਾਣੇ ਵਾਹਨਾਂ ’ਚ ਥੋੜ੍ਹਾ-ਬਹੁਤ ਫੇਰਬਦਲ ਕਰ ਕੇ ਉਨ੍ਹਾਂ ਨੂੰ ਬੱਸ ਦਾ ਰੂਪ ਦਿੱਤਾ ਜਾਂਦਾ ਹੈ। ਇੱਥੋਂ ਤਕ ਕਿ ਸਕੂਲੀ ਬੱਸਾਂ ਦੇ ਬਹੁਤ ਸਾਰੇ ਡਰਾਈਵਰ ਤੇ ਕੰਡਕਟਰ ਪੂਰੀ ਤਰ੍ਹਾਂ ਸਿੱਖਿਅਤ ਨਹੀਂ ਹੁੰਦੇ। ਦੋ ਦਿਨਾਂ ਦੌਰਾਨ ਸੂਬੇ ’ਚ ਹੋਈ ਚੈਕਿੰਗ ਤੋਂ ਪਤਾ ਲੱਗਾ ਹੈ ਕਿ ਕੁਝ ਡਰਾਈਵਰਾਂ ਕੋਲ ਤਾਂ ਲਾਇਸੈਂਸ ਵੀ ਨਹੀਂ ਸਨ। ਪਹਿਲਾਂ ਵੀ ਜਲੰਧਰ, ਪਟਿਆਲਾ ’ਤੇ ਲੁਧਿਆਣਾ ’ਚ ਅਜਿਹੇ ਹਾਦਸੇ ਹੋ ਚੁੱਕੇ ਹਨ। ਇਕ ਬੱਚਾ ਆਪਣੀ ਹੀ ਸਕੂਲ ਬੱਸ ਹੇਠਾਂ ਆ ਕੇ ਜਾਨ ਗੁਆ ਬੈਠਾ ਸੀ। ਸਕੂਲੀ ਵਾਹਨਾਂ ਦੀ ਇਕ ਹੋਰ ਵੱਡੀ ਸਮੱਸਿਆ ਓਵਰ-ਲੋਡਿੰਗ ਹੈ। ਅਜਿਹਾ ਸਭ ਤੋਂ ਜ਼ਿਆਦਾ ਆਟੋ ਰਿਕਸ਼ਾ ਵਾਲੇ ਕਰਦੇ ਹਨ। ਸਕੂਲਾਂ ’ਚ ਬੱਚੇ ਜ਼ਿਆਦਾ ਹਨ ਤੇ ਬੱਸਾਂ ਘੱਟ। ਇਸ ਕਾਰਨ ਵੱਡੀ ਗਿਣਤੀ ’ਚ ਬੱਚੇ ਆਟੋ ਰਿਕਸ਼ਿਆਂ ’ਤੇ ਜਾਂਦੇ ਹਨ। ਜ਼ਿਆਦਾਤਰ ਆਟੋਜ਼ ਦੀ ਮਿਆਦ ਵੀ ਪੁੱਗ ਚੁੱਕੀ ਹੈ ਪਰ ਇਨ੍ਹਾਂ ਦੀ ਵਰਤੋਂ ਜਾਰੀ ਹੈ।

ਦੇਖਿਆ ਜਾਵੇ ਤਾਂ ਹਾਦਸਿਆਂ ਦੀ ਗਿਣਤੀ ਬਹੁਤ ਜ਼ਿਆਦਾ ਹੈ ਅਤੇ ਸਰਕਾਰ ਦੀਆਂ ਕੋਸ਼ਿਸ਼ਾਂ ਬਹੁਤ ਘੱਟ ਹਨ। ਇਸ ਮਾਮਲੇ ’ਚ ਪ੍ਰਸ਼ਾਸਨ ਦੀ ਢਿੱਲ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਕੁਝ ਸਾਲ ਪਹਿਲਾਂ ਅੰਮ੍ਰਿਤਸਰ ’ਚ ਸਕੂਲ ਬੱਸ ਦੇ ਨਾਲੇ ’ਚ ਡਿੱਗਣ ਦੀ ਘਟਨਾ ਦਾ ਨੋਟਿਸ ਖ਼ੁਦ ਹਾਈ ਕੋਰਟ ਨੇ ਲਿਆ ਸੀ। ਡਰਾਈਵਰ ਦੀ ਲਾਪਰਵਾਹੀ ਕਾਰਨ 7 ਬੱਚੇ ਮਾਰੇ ਗਏ ਸਨ। ਅਦਾਲਤ ਦੀ ਝਾੜ ਤੋਂ ਬਾਅਦ ਇਸੇ ਤਰ੍ਹਾਂ ਚਲਾਨ ਕੱਟੇ ਗਏ ਜਿਵੇਂ ਦੋ ਦਿਨਾਂ ਤੋਂ ਕੱਟੇ ਜਾ ਰਹੇ ਹਨ ਪਰ ਅਜਿਹਾ ਕੁਝ ਦਿਨ ਹੀ ਚੱਲਿਆ ਸੀ। ਜਦੋਂ ਤਕ ਸਰਕਾਰ ਨਿਰੰਤਰ ਸਖ਼ਤੀ ਨਹੀਂ ਕਰਦੀ ਅਜਿਹੇ ਹਾਦਸੇ ਰੁਕਣੇ ਮੁਸ਼ਕਲ ਹਨ। ਮਾਸੂਮਾਂ ਦੀ ਮੌਤ ਲਈ ਜ਼ਿੰਮੇਵਾਰ ਵਿਅਕਤੀਆਂ ਨੂੰ ਸਖ਼ਤ ਸਜ਼ਾ ਦਿਵਾ ਕੇ ਨਜ਼ੀਰ ਸਥਾਪਤ ਕਰਨ ਦੀ ਲੋੜ ਹੈ।

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। ਲੇਖਕ ਆਪਣੇ ਲੇਖ ਅਤੇ ਪੱਤਰਕਾਰ ਆਪਣੀਆਂ ਖਬਰਾਂ ਲਈ ਖੁਦ ਜ਼ਿੰਮਵਾਰ ਹੋਣਗੇ। -ਸੰਪਾਦਕ

# ਗੁਰਬਾਣੀ ਇਸੁ ਜਗ ਮਹਿ ਚਾਨਣੁ॥

ਲੜੀ ਨੰਬਰ-126

## ਗ੍ਰੰਥ ਅਤੇ ਗ੍ਰੰਥੀ



ਅਵਤਾਰ ਸਿੰਘ ਮਿਸ਼ਨਰੀ
510-432-5827

ਮਹਾਨ ਕੋਸ਼ ਅਨੁਸਾਰ ਗ੍ਰੰਥ ਸੰਸਕ੍ਰਿਤ ਦਾ ਸ਼ਬਦ ਤੇ ਅਰਥ ਗੁੰਫਣਾ, ਗੁੰਦਣਾ, ਪੁਸਤਕ ਤੇ ਕਿਤਾਬ ਆਦਿਕ ਹਨ। ਗ੍ਰੰਥ ਧਾਰਮਿਕ, ਰਾਜਨੀਤਕ, ਆਰਥਿਕ ਤੇ ਸਮਾਜਿਕ ਸੰਸਾਰੀ ਤੇ ਨਿਰੰਕਾਰੀ ਹਰ ਵਿਸ਼ੇ ਨਾਲ ਸਬੰਧਿਤ ਹਨ। ਪੁਰਾਣੇ ਜ਼ਮਾਨੇ ’ਚ ਭੋਜ ਪੱਤਰਾਂ ਰੁੱਖਾਂ ਦੀਆਂ ਛਿੱਲਾਂ ਆਦਿਕ ’ਤੇ ਹੱਥਾਂ ਨਾਲ ਲਿਖੇ ਗਏ। ਗ੍ਰੰਥਾਂ ਦੀ ਮਟੀਰੀਅਲ ਸਮਗਰੀ ਘਾਹ ਫੂਸ, ਲਕੜ, ਰਬੜ ਤੇ ਕਪੜੇ ਆਦਿਕ ਤੋਂ ਲਈ ਜਾਂਦੀ ਹੈ। ਇਹ ਕਾਗਤ, ਸ਼ਿਆਹੀ, ਕਲਮ ਤੇ ਹੁਣ ਛਾਪੇ ਮਸ਼ੀਨਾਂ ਨਾਲ ਲਿਖੇ ਜਾਂਦੇ ਤੇ ਹੁਣ "ਈ ਗ੍ਰੰਥਾਂ" ਦਾ ਦੌਰ ਚੱਲ ਰਿਹਾ ਹੈ। ਵੱਖ ਵੱਖ ਵਿਸ਼ਿਆਂ ’ਤੇ ਵੱਖ ਵੱਖ ਮੱਤਾਂ ਦੇ ਵੱਖ ਵੱਖ ਗ੍ਰੰਥ ਨੇ ਪਰ ਆਪਾਂ ਗ੍ਰੰਥੀ ਨਾਲ ਸਬੰਧਤ ਗ੍ਰੰਥ ਤੇ ਗ੍ਰੰਥੀ ਬਾਰੇ ਜਾਣਦੇ ਹਾਂ।

"ਸ਼ਬਦ ਗੁਰੂ ਗ੍ਰੰਥ" ਸਿੱਖਾਂ ਦਾ ਧਾਰਮਿਕ ਗ੍ਰੰਥ ਹੈ। ਇਸ ਵਿੱਚ ੧੩ਵੀਂ ਸਦੀ ਦੇ ਸ਼ੇਖ ਫਰੀਦ ਅਤੇ ਜੈ ਦੇਵ ਆਦਿਕ ਭਗਤਾਂ ਦੀਆਂ ਕੁੱਝ ਰਚਨਾਵਾਂ ਤੋਂ ਲੈ ਕੇ ੧੭ਵੀਂ ਸਦੀ ਤੱਕ ਦੇ ਸਿੱਖ ਗੁਰੂਆਂ ਦੀਆਂ ਰਚਨਾਵਾਂ ਸ਼ਾਮਲ ਹਨ। ਇਸ ਪ੍ਰਕਾਰ ਇਹ ਗ੍ਰੰਥ ਇਸ ਦੇਸ਼ ਦੀਆਂ ਪੰਜ ਸਦੀਆਂ ਦੀ ਚਿੰਤਨਧਾਰਾ ਦੀ ਤਰਜਮਾਨੀ ਕਰਦਾ ਹੈ। ਸੰਨ ੧੬੦੪ ਵਿੱਚ ਇਸ ਗ੍ਰੰਥ ਦਾ ਸੰਕਲਨ ਤੇ ਸੰਪਾਦਨ ਗੁਰੂ ਅਰਜਨ ਸਾਹਿਬ ਨੇ (੧੫੬੩-੧੬੦੬) ਈ. ਦੌਰਾਨ ਆਪਣੇ ਸਮੇਤ ਪੰਜ ਗੁਰੂਆਂ ਅਤੇ ਹੋਰ ਮਹਾਨ ਭਗਤਾਂ ਸਿੱਖਾਂ ਜਿਨ੍ਹਾਂ ਵਿੱਚੋਂ ਕਈ ਹਿੰਦੂ ਅਤੇ ਇਸਲਾਮ ਮੱਤ ਨਾਲ ਸਬੰਧਤ ਸਨ ਦੀ ਬਾਣੀ ਇਕੱਤਰ ਕਰ ਕੇ ਕੀਤਾ। ਇਸ ਗ੍ਰੰਥ ਵਿੱਚ ਅੰਕਿਤ ਬਾਣੀਕਾਰਾਂ ਦੀਆਂ ਰਚਨਾਵਾਂ ਦੀ ਛਾਂਟੀ ਅਤੇ ਸੰਗ੍ਰਹ ਗੁਰੂ ਨਾਨਕ ਸਾਹਿਬ ਦੇ ਸਮੇਂ ਤੋਂ ਹੀ ਸ਼ੁਰੂ ਹੋ ਗਿਆ ਫਿਰ ਇਹ ਸਿਲਸਿਲਾ ਗੁਰੂ-ਦਰ-ਗੁਰੂ "ਗੁਰੂ ਆਰਜਨ ਸਾਹਿਬ" ਤੱਕ ਆਇਆ। ਇਸ ਅਨੋਖੇ ਸੰਪਾਦਿਤ ਗ੍ਰੰਥ ਬਰਾਬਰ ਸਾਰੇ ਹਿੰਦ-ਉਪਮਹਾਦੀਪ ਵਿੱਚ ਹੋਰ ਕੋਈ ਗ੍ਰੰਥ ਨਹੀਂ ਹੈ। ਸਮੇਂ, ਸਥਾਨ ਅਤੇ ਮੁੱਲਵਤਾ ਪੱਖੋਂ ਇਹ ਗ੍ਰੰਥ ਮਹਾਨ ਤੇ ਲਾਸਾਨੀ ਹੈ। ਗੁਰੂ ਗੋਬਿੰਦ ਸਿੰਘ (੧੬੬੬-੧੭੦੮) ਨੇ ੧੭੦੪ ਤੋਂ ੧੭੦੬ ਈ. ਦੌਰਾਨ ਗੁਰੂ ਪਿਤਾ ਤੇਗ ਬਹਾਦਰ ਦੀ ਬਾਣੀ ਇਸ ਵਿੱਚ ਸ਼ਾਮਲ ਕਰ, ਜੋਤੀ-ਜੋਤਿ ਸਮਾਉਣ ਤੋਂ ਪਹਿਲਾਂ, ਇਸ "ਗ੍ਰੰਥ" ਨੂੰ ਗੁਰਿਆਈ ਦੇ ਦਿੱਤੀ। ਇਹ ਦੁਨਿਆਂ ਦਾ ਸਭ ਤੋਂ ਮਹਾਨ ਗ੍ਰੰਥ ਅਤੇ ਇੱਕੋ-ਇੱਕ ਸ਼ਬਦ-ਗੁਰੂ ਹੈ ਜੋ ਕਿ ਸਿੱਖ ਗੁਰੂਆਂ ਅਤੇ ਹੋਰ ਸਿੱਖਾਂ-ਭਗਤਾਂ ਦੀਆਂ ਸਿੱਖਿਆਵਾਂ ਦਾ ਵਡਮੁੱਲਾ ਖਜ਼ਾਨਾ ਤੇ ਮਾਰਗ-ਦਰਸ਼ਕ ਹੁੰਦਾ ਹੋਇਆ ਸਿੱਖੀ ਵਿੱਚ ਗਿਆਨ ਦਾ ਕੇਂਦਰੀ ਧੁਰਾ ਹੈ।

ਗ੍ਰੰਥੀ-ਗੁਰਮਤਿ ਦਾ ਇਕ ਵਿਅਕਤੀ ਔਰਤ ਜਾਂ ਮਰਦ ਜੋ ਸਿੱਖੀ ’ਚ "ਸ਼ਬਦ ਗੁਰੂ ਗ੍ਰੰਥ ਸਾਹਿਬ" ਦਾ ਰਸਮੀ ਪਾਠਕ ਹੁੰਦੈ ਜੋ ਅਕਸਰ ਗੁਰਦੁਆਰਿਆਂ ’ਚ ਸੇਵਾ ਸੰਭਾਲ ਕਰਦਾ ਹੈ। ਗ੍ਰੰਥੀ ਨਾਮ ਸੰਸਕ੍ਰਿਤ ਗ੍ਰੰਥਿਕਾ ਤੋਂ ਆਇਐ ਜਿਸਦਾ ਅਰਥ ਗ੍ਰੰਥ ਦੇ ਪੜ੍ਹਨ ਜਾਂ ਸਿਰਜਨ ਵਾਲਾ ਉਹ ਵਿਅਕਤੀ ਜੋ ਗ੍ਰੰਥ ਨੂੰ ਪੜ੍ਹਨ ਪ੍ਰਚਾਰਨ ਤੇ ਸੇਵਾ ਸੰਭਾਲ ਦੀਆਂ ਰਸਮਾਂ ਅਦਾ ਕਰਦਾ ਸੀ ਤੇ ਹੁਣ ਗੁਰਮਤਿ ਦਾ ਪਾਲਨ ਕਰਨਾ ਕਰਾਉਣਾ, ਉਪਦੇਸ਼ ਦੇਣਾ ਤੇ ਪ੍ਰਚਾਰ ਕਰਨਾ ਆਦਿਕ ਕੰਮ ਵੀ ਬਹੁਤਾ ਗ੍ਰੰਥੀ ਦੇ ਜੁਮੇ ਕਰ ਦਿੱਤੇ ਗਏ ਹਨ। ਅਸਲ ਗ੍ਰੰਥੀ ਪੁਜਾਰੀ ਨਹੀਂ ਹੁੰਦਾ ਕਿਉਂਕਿ ਗੁਰਮਤਿ ’ਚ ਵਿਸ਼ਵਾਸ ਹੈ ਕਿ ਇੱਥੇ ਕੋਈ ਵਿਸ਼ੇਸ਼ ਵਿਚੋਲਾ ਨਹੀਂ ਸਗੋਂ ਸੇਵਕ ਸਿੱਖ ਸਭ ਬਰਾਬਰ ਹੁੰਦੇ ਹਨ।

ਜਦ ਬਾਣੀ ਦੇ ਗ੍ਰੰਥ ਦੀ ਮੂਲ ਬੀੜ ਤਿਆਰ ਹੋ ਜਾਣ ’ਤੇ ਗੁਰੂ ਅਰਜਨ ਸਾਹਿਬ ਨੇ ਉਸ ਦਾ ਪ੍ਰਕਾਸ਼ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਕਰ ਸੇਵਾ ਦੀ ਜੁਮੇਵਾਰੀ ਬਾਬਾ ਬੁੱਢਾ ਜੀ ਨੂੰ ਪਹਿਲੇ ਗ੍ਰੰਥੀ ਦੇ ਰੂਪ ’ਚ ਸੌਂਪੀ ਤੇ ਸੰਨ 1708 ਵਿਖੇ ਦਸ਼ਮੇਸ਼ ਜੀ ਨੇ ਦੇਹਧਾਰੀ ਪ੍ਰਥਾ ਖਤਮ ਕਰਦੇ ਇਸ ਨੂੰ ਭਰੀ ਸਭਾ ’ਚ ਗੁਰਤਾ ਦੇ ਦਿੱਤੀ। ਮਹਾਂਰਾਜਾ ਰਣਜੀਤ ਸਿੰਘ ਨੇ ਜਦ ਗੁਰਦੁਆਰਿਆਂ ਦਾ ਨਿਰਮਾਣ ਕੀਤਾ ਤਾਂ ਪੇਅਡ ਗ੍ਰੰਥੀ ਭਰਤੀ ਕੀਤੇ ਗਏ। ਅੱਗੇ ਜਿਉਂ ਜਿਉਂ ਗੁਰਮਤਿ ਦਾ ਵਿਸਥਾਰ ਹੋਇਆ ਗ੍ਰੰਥੀਆਂ ਦੀ ਗਿਣਤੀ ਵੀ ਵਧੀ ਜੋ ਐਸ ਵੇਲੇ ਲੱਖਾਂ ਦੀ ਗਿਣਤੀ ’ਚ ਹੈ।

ਗ੍ਰੰਥੀ ਦੀਆਂ ਯੋਗਤਾਵਾਂ-ਗ੍ਰੰਥੀ ਨਿਯੁਕਤ ਕਰਨ ਲਈ ਮੁੱਖ ਯੋਗਤਾ ਗੁਰਸਿੱਖੀ ਧਾਰਨ ਕਰ ਗੁਰਮਤਿ ਦਾ ਧਾਰਨੀ ਹੋਣਾ ਜਰੂਰੀ ਤੇ "ਸ਼ਬਦ ਗੁਰੂ ਗ੍ਰੰਥ ਸਾਹਿਬ" ਨੂੰ ਪੜ੍ਹਨ ਦੇ ਯੋਗ ਹੋਣਾ ਸ਼ਾਮਲ ਹੈ। ਗ੍ਰੰਥੀ "ਸ਼ਬਦ ਗੁਰੂ ਗ੍ਰੰਥ" ’ਚ ਲਿਖੀਆਂ ਬਾਣੀਆਂ ਦੀ ਵਿਆਖਿਆ ਕਰਨ ਦੇ ਯੋਗ ਤੇ ਗੁਰੂਦੁਆਰਾ ਸਾਹਿਬ ਵਿਖੇ ਸੰਗਤ ਨੂੰ ਉਪਦੇਸ਼ ਦੇਣ ਵਾਲਾ ਹੋਣਾ ਚਾਹੀਦਾ ਹੈ। ਗ੍ਰੰਥੀ ਦੀ ਡਿਉਟੀ ਵਿੱਚ "ਸ਼ਬਦ ਗੁਰੂ ਗ੍ਰੰਥ" ਦਾ ਪ੍ਰਕਾਸ਼, ਸੇਵਾ ਸੰਭਾਲ ਤੇ ਸੁਖ ਆਸਨ ਸ਼ਾਮਲ ਹੁੰਦੇ ਹਨ। ਸਫਲ ਗ੍ਰੰਥੀ ਪਾਠ, ਕੀਰਤਨ, ਕਥਾ ਤੇ ਅਰਦਾਸ ਆਦਿਕ ਵਿਖੇ ਮਾਹਰ ਹੁੰਦੈ ਪਰ ਅਸਲ ਗ੍ਰੰਥੀ ਜੋ ਗ੍ਰੰਥ ਦੀ ਸਿਖਿਆ ਦਾ ਧਾਰਨੀ ਹੋ ਹੋਰਨਾਂ ਨੂੰ ਗੁਰਦੁਆਰੇ ਵਿਖੇ ਗੁਰਮਤਿ ਸਿਖਾਉਂਦਾ ਹੈ। ਜਦ ਸਕੂਲ ਕਾਲਜ ਆਦਿਕ ਨਹੀਂ ਹੁੰਦੇ ਸਨ ਤਦ ਗ੍ਰੰਥੀ ਇੱਕ ਅਧਿਆਪਕ ਦੇ ਫਰਜ ਵੀ ਨਿਭਾਉਂਦਾ ਸੀ। "ਸ਼ਬਦ ਗੁਰੂ ਗ੍ਰੰਥ" ਗੁਰਮੁਖੀ ’ਚ ਲਿਖਿਆ ਹੋਣ ਕਰਕੇ ਗ੍ਰੰਥੀ ਗੁਰਦੁਆਰਿਆਂ ’ਚ ਵਿਸ਼ੇਸ਼ ਤੌਰ ’ਤੇ ਗੁਰਮੁਖੀ ਸਿਖਾਉਂਦੇ ਸਨ। ਇਹ ਸੇਵਾ ਬਾਬੇ ਬੁੱਢੇ, ਭਾਈ ਗੁਰਦਾਸ, ਬਾਬੇ ਦੀਪ ਸਿੰਘ ਤੇ ਭਾਈ ਮਨੀ ਸਿੰਘ ਜੀ ਨੇ ਬਾ-ਖੂਬੀ ਨਿਭਾਹੀ। ਸਿੰਘ ਸਭਾ ਲਹਿਰ ਤੱਕ ਕਿਰਤੀ ਸਿੱਖ ਇਹ ਸੇਵਾ ਨਿਭਾਉਂਦੇ ਰਹੇ ਪਰ ਜਦ ਦੇ ਬਹੁਤੇ ਡੇਰੇ, ਟਕਸਾਲਾਂ, ਵਿਦਿਆਲੇ ਤੇ ਮਿਸ਼ਨਰੀ ਕਾਲਜ ਖੁੱਲ੍ਹੇ ਨੇ ਜਿਆਦਾ ਪੁ-ਜਾਰੀਨੁਮਾਂ ਗ੍ਰੰਥੀ ਪੈਦਾ ਕਰ ਰਹੇ ਹਨ ਜਿਨ੍ਹਾਂ ਨੂੰ ਉਪਜੀਵਕਾ ਖਾਤਰ ਗਿਆਨਹੀਨ ਪ੍ਰਬੰਧਕਾਂ ਦੇ ਅਧੀਨ ਰਹਿਣਾ ਪੈਂਦਾ ਹੈ।

ਅਜੋਕੇ ਬਹੁਤੇ ਗ੍ਰੰਥੀ ਵੀ ਸੁਆਰਥੀ ਹੋ ਕੇਵਲ ਤੇ ਕੇਵਲ ਪੂਜਾ ਪਾਠ ਆਦਿਕ ਧਰਮ ਕਰਮ ਤੱਕ ਸੀਮਤ ਹੋ ਗਏ ਹਨ। ਇਸ ਦਾ ਵੱਡਾ ਕਾਰਨ ਬਹੁਤੇ ਗਿਆਨਹੀਨ ਹੰਕਾਰੀ ਪ੍ਰਬੰਧਕਾਂ ਵੱਲੋਂ ਘੱਟ ਤਨਖਾਹ ਵਾਲੇ ’ਤੇ ਜੀ-ਹਜੂਰ ਘੱਟ ਪੜ੍ਹੇ ਡੇਰੇਦਾਰ ਗ੍ਰੰਥੀ ਗੁਰਦੁਆਰੇ ਭਰਤੀ ਕਰਨਾ ਹੈ। ਦੇਖੋ! ਦੁਨੀਆਂ ਦੇ ਹਰੇਕ ਕੰਮ ਦੀ ਕੋਈ ਨਾ ਕੋਈ ਵਿਦਿਅਕ ਯੋਗਤਾ ਹੈ ਪਰ ਗ੍ਰੰਥੀ ਥੋੜਾ ਬਹੁਤਾ ਪਾਠ ਕੀਰਤਨ ਅਰਦਾਸ ਕਰਨ ਵਾਲੇ ਬਾਣਾਧਾਰੀ ਨੂੰ ਵੀ ਰੱਖ ਲਿਆ ਜਾਂਦਾ ਹੈ ਜੋ ਗੁਰਦੁਆਰੇ ’ਚ ਪੁੰਨਿਆਂ, ਮੱਸਿਆ, ਸੰਗ੍ਰਾਂਦਾਂ, ਦਸਵੀਆਂ, ਲੋਹੜੀਆਂ, ਦਸਹਿਰੇ ਤੇ ਦਵਾਲੀਆਂ ਆਦਿਕ ਬ੍ਰਾਹਮਣੀ ਤਿਉਹਾਰ ਵੀ ਮਨਾਉਂਦਾ, ਚੰਗੇ-ਮੰਦੇ ਦਿਨ ਦੱਸਦਾ "ਹਥੌਲੇ" ਵੀ ਕਰਦਾ ਤੇ ਇਹ ਸਭ ਕੁਝ "ਸ਼ਬਦ ਗੁਰੂ ਗ੍ਰੰਥ" ਦੇ ਹੁਕਮਨਾਮੇ ਦੇ ਬਰਾਬਰ ਮੋਟੇ ਅੱਖਰਾਂ ’ਚ ਬੋਰਡ ’ਤੇ ਵੀ ਲਿਖ ਦਿੰਦਾ ਹੈ। ਅਜੋਕੇ ਬਹੁਤੇ ਗ੍ਰੰਥੀ "ਸ਼ਬਦ ਗੁਰੂ ਗ੍ਰੰਥ" ਦੀ ਘੱਟ ਪਰ ਡੇਰੇਦਾਰ ਬਾਬਿਆਂ ਤੇ ਪ੍ਰਬੰਧਕਾਂ ਦੀ ਗੱਲ ਵੱਧ ਮੰਨਦੇ ਹਨ।

**ਨੋਟ-** ਸਿੱਖ ਪੰਥ ਨੂੰ ਚੰਗੇ ਪੜ੍ਹੇ ਲਿਖੇ ਯੋਗਤਾਵਾਨ ਗ੍ਰੰਥੀ ਪੈਦਾ ਕਰਨੇ ਚਾਹੀਦੇ ਤੇ ਵੱਧ ਤੋਂ ਵੱਧ ਤਨਖਾਹ ਦੇਣੀ ਚਾਹੀਦੀਐ ਜੋ ਪੁਜਾਰੀਪੁਣਾ ਛੱਡ ਸੱਕਣ ਜਾਂ ਬਾਬਾ ਬੁੱਢਾ ਜੀ ਵਾਂਗ ਆਪਣੀ ਕਰਤ ਕਮਾਈ ਕਰਨ ਵਾਲੇ ਸਿੱਖ ਸਿੱਖਣੀਆਂ ਨੂੰ ਇਹ ਸੇਵਾ ਚਾਅ, ਉਮਾਹ ਤੇ ਉਤਸ਼ਾਹ ਨਾਲ ਨਿਭਾਉਣੀ ਚਾਹੀਦੀ ਹੈ। ਇਹ ਸਨ ਗ੍ਰੰਥ ਤੇ ਗ੍ਰੰਥੀ ਬਾਰੇ ਕੁਝ ਸਾਰਥਕ ਵਿਚਾਰ ਜਿੰਨਾਂ ਤੇ ਗ੍ਰੰਥੀਆਂ ਤੇ ਪ੍ਰਬੰਧਕਾਂ ਨੂੰ ਗੌਰ ਕਰਨਾ ਚਾਹੀਦਾ ਹੈ।

# ਸ਼੍ਰੀਕਾਂਤ ਸ਼੍ਰੀਨਿਵਾਸਨ ਸੰਘੀ ਸਰਕਟ ਅਦਾਲਤ ਦੀ ਅਗਵਾਈ ਕਰਨ ਵਾਲੇ ਪਹਿਲੇ ਭਾਰਤੀ ਅਮਰੀਕੀ ਜੱਜ ਬਣੇ

**ਵਾਸ਼ਿੰਗਟਨ, ਡੀ.ਸੀ (ਰਾਜ ਗੋਗਨਾ)**- ਸ਼੍ਰੀਨਿ-ਵਾਸਨ ਦੇਸ਼ ਦੀ ਸੰਘੀ ਸਰਕਟ ਅਦਾਲਤ ਦੀ ਅਗਵਾਈ ਕਰਨ ਵਾਲੇ ਭਾਰਤੀ ਅਤੇ ਦੱਖਣੀ ਏਸ਼ੀਆਈ ਮੂਲ ਦੇ ਪਹਿਲੇ ਜੱਜ ਬਣ ਗਏ ਹਨ।

ਕੰਨਸਾਸ ਵਿੱਚ ਪੱਲਿਆਂ ਹੋਇਆ ਚੰਡੀਗੜ੍ਹ ਦਾ ਜੰਮਪਲ ਟਰੈਬਲੇਜ਼ਰ, ਡੀ.ਸੀ. ਸਰਕਟ ਲਈ ਅਮਰੀਕੀ ਕੋਰਟ ਆਫ਼ ਅਪੀਲਜ਼ ਦੇ ਚੀਫ਼ ਜੱਜ ਦਾ ਅਹੁਦਾ ਮਿਲਿਆਂ ਹੈ, ਜਿਸਨੂੰ ਮੈਰੀਕ ਗਾਰਲੈਂਡ ਤੋਂ ਬਾਅਦ ਦੇਸ਼ ਦੀ ਦੂਜੀ ਸਭ ਤੋਂ ਸ਼ਕਤੀਸ਼ਾਲੀ ਅਦਾਲਤ ਮੰਨਿਆ ਜਾਂਦਾ ਹੈ ।ਅਤੇ ਸੁਪਰੀਮ ਕੋਰਟ ਨੂੰ ਇੱਕ ਕਦਮ ਦਰਸਾਉਂਦਾ ਹੈ।ਰੰਗੀਨ ਵਿਅਕਤੀ ਲਈ ਅਜਿਹੀ ਪ੍ਰਸਿੱਧ ਅਦਾਲਤ ਦੀ ਅਗਵਾਈ ਕਰਨਾ ਬਹੁਤ ਘੱਟ ਹੁੰਦਾ ਹੈ; ਸੰਘੀ ਨਿਆਂਪਾਲਿਕਾ ਦੀ ਅਲੋਚਨਾ ਮੁੱਖ ਤੌਰ ਤੇ ਨਰ ਅਤੇ ਚਿੱਟੇ ਹੋਣ ਕਰਕੇ ਕੀਤੀ ਜਾਂਦੀ ਹੈ।ਸ੍ਰੀ, ਜਿਸਦਾ ਪੂਰਾ ਨਾਮ ਸ਼੍ਰੀਕਾਂਤ ਸ੍ਰੀਨਿਵਾਸਨ ਹੈ, ਓਬਾਮਾ ਨਿਯੁਕਤ ਹਨ ਜੋ ਪਹਿਲਾਂ ਹੀ ਸੁਪਰੀਮ ਕੋਰਟ ਦੀ ਸੀਟ ਲਈ ਵਿਚਾਰਿਆ ਜਾ ਚੁੱਕਾ ਹੈ। ਰਾਸ਼ਟਰਪਤੀ ਓਬਾਮਾ ਨੇ ਸ੍ਰੀਨਿਵਾਸਨ ਨੂੰ ਇਕ “ਟ੍ਰੈਬਲੇਜ਼ਰ” ਦੱਸਿਆ ਅਤੇ ਉਸ ਨੂੰ ਜੂਨ 2012 ਵਿੱਚ ਡੀਸੀ ਸਰਕਟ ਉੱਤੇ ਜੱਜ ਵਜੋਂ ਨਾਮਜ਼ਦ ਕੀਤਾ ਸੀ।ਅਗਲੇ ਸਾਲ ਮਈ ਵਿੱਚ ਸੈਨੇਟ ਵੱਲੋਂ 97-0 ਦੇ ਵੋਟ ਨਾਲ ਸਰਬਸੰਮਤੀ ਨਾਲ ਪੁਸ਼ਟੀ ਕੀਤੀ ਗਈ ਸੀ।ਸ੍ਰੀਨਿਵਾਸਨ ਸੰਨ 2013 ਤੋਂ ਫੈਡਰਲ ਅਪੀਲ ਕੋਰਟ ਵਿੱਚ ਜੱਜ ਵਜੋਂ ਸੇਵਾ ਨਿਭਾਅ ਰਿਹਾ ਹੈ, ਅਜਿਹਾ ਕਰਨ ਵਾਲਾ ਹੁਣ ਤੱਕ ਦਾ ਅਮਰੀਕਾ ਚ’ਇਕ ਇਕਲੌਤਾ ਭਾਰਤੀ ਹੈ। ਹੁਣ, ਚੋਟੀ ਦੇ ਜੱਜ ਵਜੋਂ, 52 ਸਾਲ ਦੀ ਉਮਰ ਵਿੱਚ, ਜਦੋਂ ਉਹ ਪ੍ਰਸ਼ਾਸਨਿਕ ਅਤੇ ਪਾਰਦਰਸ਼ਤਾ ਦੇ ਮੁੱਦਿਆਂ ਦੀ ਗੱਲ ਆਉਂਦੀ ਹੈ ਤਾਂ ਉਹ ਅਦਾਲਤ ਦੇ ਭਵਿੱਖ ਬਾਰੇ ਫੈਸਲੇ ਲਵੇਗਾ।ਡੀਸੀ ਕੋਰਟ ਆਫ਼ ਅਪੀਲਜ਼ ਵਿਖੇ ਉਸ ਨੂੰ ਜੱਜ ਬਣਾਇਆ ਜਾ ਰਿਹਾ ਹੈ। ਜੱਜ ਸ੍ਰੀਨਿਵਾਸਨ, ਵੱਲੋਂ ਉਸਨੇ ਮਾਈਕ੍ਰੋਬਲੱਗਿੰਗ ਸਾਈਟ ਟਵਿੱਟਰ’ ਤੇ ਦੱਸਿਆ ਹੈ।ਜਨਵਰੀ 2017 ਵਿਚ ਰਾਸ਼ਟਰਪਤੀ ਟਰੰਪ ਦੁਆਰਾ ਥਾਪੇ ਗਏ ਫੈਡਰਲ ਕਮਿਸ਼ਨ (ਐਫ. ਸੀ. ਸੀ.) ਦੇ ਚੇਅਰਮੈਨ ਵਜੋਂ ਸੇਵਾ ਨਿਭਾਉਣ ਵਾਲੇ ਵੀ ਉਹ ਪਹਿਲੇ ਭਾਰਤੀ ਅਮਰੀਕੀ ਅਜੀਤ ਪਾਈ ਨੇ ਟਵੀਟ ਕੀਤਾ, ਕਿ“ਜੱਜ ਸ੍ਰੀਨਿਵਾਸਨ ਨੂੰ ਵਾਸ਼ਿੰਗਟਨ ਡੀ.ਸੀ. ਲਈ ਅਪੀਲ ਕੋਰਟ ਦੇ ਮੁੱਖ ਜੱਜ ਬਣਨ ’ਤੇ ਉਹਨਾ ਵਧਾਈ ਦਿੱਤੀ । ਭਾਰਤੀ ਅਮਰੀਕੀ ķ ਕਮਿਊਨਟੀ ਲਈ ਇਕ ਮੀਲ ਪੱਥਰ ਹੈ। ਸ੍ਰੀਨਿਵਾਸਨ ਨੂੰ ਇਕ ਪ੍ਰਭਾਵਸ਼ਾਲੀ ਸ਼ਖਸੀਅਤ ਅਤੇ ਧਰਤੀ ਤੋਂ ਹੇਠਾਂ ਧਰਤੀ ਦੇ ਵਿਹਾਰ ਨਾਲ ਨਿਵਾਜਿਆ ਗਿਆ ਹੈ ਜਿਸ ਨੇ ਉਸ ਨੂੰ ਚੰਗੀ ਸਥਿਤੀ ਵਿਚ ਖੜਾ ਕੀਤਾ ਹੈ ਅਤੇ ਬਹੁਤ ਸਾਰੇ ਲੋਕਾਂ ਨੇ ਉਸ ਨੂੰ ਰੱਜ ਕੇ ਪਿਆਰ ਦਿੱਤਾ ਹੈ।ਅਕਤੂਬਰ 2013 ਵਿਚ ਉਸ ਦੇ ਨਿਵੇਸ਼ ਸਮੇਂ, ਜਦੋਂ ਉਸਨੇ ਫੈਡਰਲ ਅਪੀਲ ਕੋਰਟ ਦੇ ਜੱਜ ਵਜੋਂ ਸਹੁੰ ਚੁੱਕੀ ਸੀ, ਚੌਥੇ ਸਰਕਟ ਦੇ ਜੱਜ ਜੇ



ਹਾਰਵੀ ਵਿਲਕਿਨਸਨ ਨੇ ਇਕ ਬਹੁਤ ਜ਼ਿਆਦਾ ਭੀੜ ਨੂੰ ਦੱਸਿਆ ਕਿ ਸ੍ਰੀਨਿਵਾਸਨ ਨੇ “ਕਦੇ ਵੀ ਵਿਸ਼ਵਾਸ ਨਹੀਂ ਕੀਤਾ ਕਿ ਉਸ ਕੋਲ ਸਾਰੇ ਜਵਾਬ ਹਨ” ਅਤੇ ਵਿਸ਼ਵਾਸ ਸੀ ਕਿ ਉਹ ਬੈਂਚ ’ਤੇ ਸੁਣਨ ਦੀ ਗੁੰਮ ਗਈ ਕਲਾ ਨੂੰ ਮੁੜ ਸੁਰਜੀਤ ਕਰੇਗਾ।ਭਾਰਤੀ ਅਮਰੀਕੀ ਜੱਜ ਸ੍ਰੀ ਸ਼੍ਰੀਨਿਵਾਸਨ ਓਬਾਮਾ ਦੀ ਯੂ .ਐਸ ਸੁਪਰੀਮ ਕੋਰਟ ਦੇ ਜਸਟਿਸ ਨਾਮਜ਼ਦ ਹਨ।ਸਮਾਰੋਹ ਵਿਚ ਸ੍ਰੀਨਿਵਾਸਨ ਨੇ ਆਪਣੀ ਮਾਤਾ ਸ੍ਰੀਮਤੀ ਸਰੋਜਾ ਸ੍ਰੀਨਿਵਾਸਨ ਦੁਆਰਾ ਆਯੋਜਿਤ ਕੀਤੀ ਪਵਿੱਤਰ ਭਗਵਤ ਗੀਤਾ ਦੀ ਸਹੁੰ ਚੁੱਕੀ। ਸਮਾਗਮ ਵਿਚ ਇਕ ਸਰਬੋਤਮ ਸਰੋਤਿਆਂ ਨੂੰ ਸੰਬੋਧਨ ਕਰਦਿਆਂ ਸ੍ਰੀਨਿਵਾਸਨ ਨੇ ਆਪਣੀ ਸਫਲਤਾ ਦਾ ਸਿਹਰਾ ਆਪਣੇ ਮਾਪਿਆਂ ਨੂੰ ਦਿੱਤਾ। ਉਨ੍ਹਾਂ ਕਿਹਾ, “ਇਸ ਤਰ੍ਹਾਂ ਦਾ ਮੌਕਾ ਮਿਲਿਆ ਅਤੇ ਇਸ ਤਰ੍ਹਾਂ ਦਾ ਮੌਕਾ ਮੇਰੇ ਮਾਪਿਆਂ ਨੇ ਇੱਕ ਲੰਮੇ ਸਮੇਂ ਪਹਿਲਾਂ ਲਏ ਇੱਕ ਫੈਸਲਿਆਂ ਕਾਰਨ ਦਿੱਤਾ ਸੀ। “ਮੇਰੇ ਸਵਰਗਵਾਸੀ ਪਿਤਾ (ਤਿਰੁਣਾਨਕੋਵਿਲ ਪਦਮਨਾਭਨ ਸ੍ਰੀਨਿਵਾਸਨ) ਭਾਰਤ ਤੋਂ ਨਿਮਰਤਾਪੂਰਵਕ ਭਾਰਤ ਤੋਂ ਆਏ ਸਨ। ਉਹ ਯਾਤਰਾ ਜੋ ਉਸ ਨੂੰ ਉੱਥੋਂ ਇਸ ਦੇਸ਼ ਵੱਲ ਲੈ ਗਈ ਅਤੇ ਸਾਡੇ ਸਾਰਿਆਂ ਨੂੰ ਇਸ ਅਵਸਰ ਤੇ ਲੈ ਗਈ ਅਸਲ ਵਿੱਚ ਅਕਲਮੰਦੀ ਵਾਲੀ ਹੈ। ਉਹ ਸਾਡੇ ਸਾਰਿਆਂ ਨੂੰ ਇਸ ਪ੍ਰਵਾਸੀ ਸੁਪਨੇ ਦੀ ਭਾਲ ਵਿੱਚ ਲਿਆਏ।ਅਵਸਰ ਦੀ ਭਾਲ ਅਤੇ ਖੁਸ਼ਹਾਲੀ ਅਤੇ ਪੂਰਤੀ ਜੋ ਇਸ ਦੇਸ਼ ਦੇ ਨਾਲ ਜੁੜੇ ਮੌਕਿਆਂ ਦੇ ਕਾਰਨ ਆਉਂਦੀ ਹੈ। ਮੈਂ ਇਹ ਸੋਚਣਾ ਚਾਹੁੰਦਾ ਹਾਂ ਕਿ ਉਨ੍ਹਾਂ ਦੀਆਂ ਉਮੀਦਾਂ ਬਹੁਤ ਜ਼ਿਆਦਾ ਸਾਕਾਰ ਹੋ ਗਈਆਂ ਹਨ। ”ਸ਼੍ਰੀਨਿਵਾਸਨ ਨੇ ਪੁਸ਼ਟੀ ਕੀਤੀ, ਅਧਿਕਾਰਤ ਤੌਰ ’ਤੇ ਉਹ ਹੁਣ ਸਭ ਤੋਂ ਵੱਡੀ ਕਾਨੂੰਨੀ ਅਦਾਲਤ ਦਾ ਹਿੱਸਾ ਬਣ ਗਏ ਹਨ। ਆਪਣੇ ਪਰਿਵਾਰ ਨੂੰ ਉਸਨੇ ਕਿਹਾ, “ਮੇਰੀਆਂ ਭੈਣਾਂ, ਸ੍ਰੀਜਾ ਅਤੇ ਸ੍ਰੀਨਿਜਾ, ਮੈਂ ਬਹੁਤ ਹੀ ਛੋਟੀ ਉਮਰ ਤੋਂ ਹੀ ਤੁਹਾਡੇ ਪਿਆਰ’ ਤੇ ਭਰੋਸਾ ਕੀਤਾ ਹੈ ਅਤੇ ਇਹਨਾ ਨੇ ਮੈਨੂੰ ਸਾਰੇ ਸਮੇਂ ਤੱਕ ਕਾਇਮ ਰੱਖਿਆ ਹੈ। ਮਾਇਆ ਅਤੇ ਵਿਕਰਮ, ਤੁਸੀਂ ਦੋਵੇਂ ਮੇਰੇ ਨਾਲੋਂ ਵਧੇਰੇ ਪਿਆਰ ਅਤੇ ਪ੍ਰੇਰਣਾ ਦਿੰਦੇ ਹੋ ਕੋਈ ਵੀ ਮਾਪਿਆਂ ਦੁਆਰਾ ਬੱਚੇ ਤੋਂ ਸਹੀ ਤਰ੍ਹਾਂ ਦੀ ਉਮੀਦ ਕੀਤੀ ਜਾ ਸਕਦੀ ਹੈ। ਮੇਰੀ ਮੰਮੀ ਲਈ, ਤੁਸੀਂ ਸਾਡੇ ਸਾਰਿਆਂ ਦੇ ਨਾਲ ਹਰ ਇਕ ਅਰਥਪੂਰਨ ਕਦਮ ’ਤੇ ਰਹੇ ਹੋ। ਇਸ ਲਈ, ਇਹ ਵਿਸ਼ੇਸ਼ ਤੌਰ ’ਤੇ ਅਨਿੱਖੜਵਾਂ ਹੈ ਕਿ ਤੁਸੀਂ ਅੱਜ ਮੇਰੇ ਨਾਲ ਖੜ੍ਹੇ ਹੋ ਕੇ ਅਹੁਦੇ ਦੀ ਸਹੁੰ ਚੁੱਕਣ ਵਿਚ ਮੇਰੀ ਸਹਾਇਤਾ ਕਰਨ ਦੇ ਯੋਗ ਹੋ ਗਏ।” ਉਸ ਸਾਲ ਦੇ ਸ਼ੁਰੂ ਵਿਚ, ਡੀਸੀ ਸਰਕਟ ਤੇ ਜੈਨ ਵਜੋਂ ਸੈਨੇਟ ਦੁਆਰਾ ਉਸਦੀ ਪੁਸ਼ਟੀ ਕਰਨ ਦੇ ਇੱਕ ਸਵਾਗਤੀ ਸਮਾਰੋਹ ਵਿੱਚ, ਤਤਕਾਲੀ ਭਾਰਤੀ ਰਾਜਦੂਤ ਨਿਰੂਪਮਾ ਰਾਓ ਦੁਆਰਾ ਉਸਦੀ ਸਰਕਾਰੀ ਰਿਹਾਇਸ਼ ’ਤੇ ਵਾਸ਼ਿੰਗਟਨ ਵਿੱਚ ਸ਼੍ਰੀਨਿਵਾਸਨ ਨੇ ਸਖਤੀ ਨਾਲ ਸਮਰਥਨ ਕਰਨ ਲਈ ਭਾਰਤੀ ਅਮਰੀਕੀਆਂ ਦਾ ਧੰਨਵਾਦ ਕੀਤਾ।

ਉਸ ਨੇ ਪ੍ਰਮੁੱਖ ਕਮਿਊਨਟੀ ਕਾਰਕੁਨਾਂ ਦੇ ਭਰਪੂਰ ਇਕੱਠ ਨੂੰ ਕਿਹਾ, “ਮੈਂ ਜਾਣਦਾ ਹਾਂ ਕਿ ਇਹ ਅਵਸਰ ਮੇਰੀ ਪੁਸ਼ਟੀਕਰਣ ਨੂੰ ਯਾਦ ਕਰਾਉਣ ਲਈ ਕੀਤਾ ਗਿਆ ਸੀ, ਪਰ ਇਹ ਤੁਹਾਡੇ ਬਹੁਤ ਸਾਰੇ ਜੋ ਅੱਜ ਇੱਥੇ ਹਨ ਦੇ ਕਾਰਨ ਹੈ। ਮੈਂ ਤੁਹਾਡੇ ਪਰਿਵਾਰ ਦੀ ਤਰਫੋਂ, ਇਸ ਪ੍ਰਕ੍ਰਿਆ ਵਿਚ ਤੁਹਾਡੇ ਦੁਆਰਾ ਨਿਭਾਈ ਗਈ ਮਹੱਤਵਪੂਰਣ ਭੂਮਿਕਾਵਾਂ ਲਈ ਤੁਹਾਡੇ ਸਾਰਿਆਂ ਦਾ ਤਹਿ ਦਿਲੋਂ ਧੰਨਵਾਦ ਕਰਨਾ ਚਾਹੁੰਦਾ ਹਾਂ। ਤੁਹਾਡੇ ਸਾਰਿਆਂ ਲਈ ਜ਼ਰੂਰੀ ਸੀ ਅਤੇ ਮੇਰੀ ਪੁਸ਼ਟੀ ਕਰਕੇ ਅਤੇ ਤੁਹਾਡੇ ਸਾਰਿਆਂ ਨੇ ਮੈਨੂੰ ਅਤੇ ਮੇਰੇ ਪਰਿਵਾਰ ਨੂੰ ਦਿੱਤਾ ਬਹੁਤ ਵੱਡਾ ਸਮਰਥਨ ਕਰਕੇ ਮੈਂ ਬਹੁਤ ਨਿਮਰਤਾ ਨਾਲ ਸਨਮਾਨਿਤ ਹਾਂ।


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
’ਦੇਸ਼ ਦੁਆਬਾ’ ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਸਰਬੱਤ ਦੇ ਭਲੇ ਦੇ ਯੋਧੇ

**ਸਰਬੱਤ ਦੇ ਭਲੇ ਦੇ ਯੋਧੇ ਹੈ**
**ਸਾਡੇ Facebook page ਦਾ ਨਾਮ?**

ਕਿਉਂਕਿ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਸਾਹਿਬ ਸ੍ਰੀ ਗੁਰੂ ਗੰਥ ਸਾਹਿਬ ਜੀ ਮਹਾਰਾਜ ਵਿੱਚ ਬਿਰਾਜਮਾਨ ਸਾਰੇ ਹੀ ਮਹਾਂਪੁਰਸ਼ ''ਏਕ ਪਿਤਾ ਏਕਸ ਕੇ ਹਮ ਬਾਰਿਕ''ਅਤੇ "ਇਹੁ ਜਗੁ ਵਾੜੀ ਮੇਰਾ ਪ੍ਰਭੁ ਮਾਲੀ "ਦੇ ਅਟਲ ਪਹਿਰੇਦਾਰ ਹਨ, ਅਤੇ ਰਾਜਨੀਤੀ ਅਤੇ ਧਰਮਾਂ ਦੀ ਬੇਲੋੜੇ ਵਿਵਾਦ ਤੋਂ ਬਾਹਰ ਨਿਕਲ ਕੇ,ਧਰਤੀ ਤੇ ਜੀਵਨ ਦੀ ਰਖਵਾਲੀ ਲਈ ਹਰ ਮਨੁੱਖ ਨੂੰ ਵਾਤਾਵਰਨ ਤਿਆਰ ਕਰਨ ਦੀ ਹਿਦਾਇਤ ਕਰਦੇ ਹਨ। ਉਨ੍ਹਾਂ ਦੇ ਜੀਵਨ ਦਾ ਹਰ ਪਲ ਇਸ ਆਦਰਸ਼ ਦੀ ਪੂਰਤੀ ਲਈ ਸੀ। ਗੁਰੂ ਸਾਹਿਬ ਅਤੇ ਬੇਅੰਤ ਸਿੱਖਾਂ ਦੀਆਂ ਕੁਰਬਾਨੀਆਂ ਵੀ ਇਸ ਸਿਧਾਂਤ ਨੂੰ ਸੁਰਜੀਤ ਰੱਖਣ ਲਈ ਸੀ। Saint Warriors ਇਸੇ ਆਦਰਸ਼ ਦੀ ਪੂਰਤੀ ਲਈ ਨਿਸਵਾਰਥ ਸੰਘਰਸ਼ਸ਼ੀਲ ਮਨੁੱਖ ਦਾ ਨਾਮ ਹੈ।ਇਸ ਸਿਧਾਂਤ ਤੇ ਪਹਿਰਾ ਦੇਣ ਵਾਲੇ ਹਰ ਮਨੁੱਖ ਉਤੇ ਸੰਸਾਰ ਵਿੱਚ ਵਰਤ ਰਹੀ ਪਰਮੇਸ਼ਰ ਦੀ ਪੋਜਟਿਵ ਐਨਰਜੀ,ਗੁਰਪ੍ਰਸਾਦਿ ਰੂਪ ਵਿੱਚ ਕਾਰਜ ਕਰਨਾ ਸ਼ੁਰੂ ਕਰ ਦਿੰਦੀ ਹੈ। ਗੁਰੂ ਸਾਹਿਬ ਵੱਲੋਂ ਬਖ਼ਸ਼ੇ ਜੀਵਨ ਦੇ ਇਸ ਲਕਸ਼ ਵਿੱਚ ਜਦੋਂ ਅਸੀਂ ਪ੍ਰਵੇਸ਼ ਕਰ ਕਰ ਜਾਂਦੇ ਹਾਂ। ਤਾਂ ਧਰਤੀ ਤੇ ਬੇਗਮਪੁਰੇ ਅਤੇ ''ਸਬ ਸੁਖਾਲੀ ਵੁਠੀਆ'' ਦਾ ਸਿਧਾਂਤ ਅਸੰਭਵ ਨਹੀਂ ਲੱਗਦਾ। ਸਾਡੇ ਸਿਰ ਤੇ ਹੈ ਅਨਮੋਲ ਮਨੁੱਖੀ ਜੀਵਨ ਦਾਤੇ ਪਰਮੇਸ਼ਰ ਦਾ ਕਰਜ਼ ਇਸਦੇ ਨਾਲ ਹੀ ਹੈ ਗੁਰੂ ਦਾ, ਮਾਤਾ ਪਿਤਾ ਦਾ,ਗੁਰੂ ਸਾਹਿਬ ਅਤੇ ਸਿੱਖਾਂ ਦੀਆਂ ਬੇਅੰਤ ਕੁਰਬਾਨੀਆਂ ਦਾ ਕਰਜ਼,ਸੰਸਾਰ ਦੇ ਹੋਰ ਬਹੁਤ ਸਾਰੇ ਮਹਾਂਪੁਰਖਾਂ ਦੀ ਸਰਬੱਤ ਦੇ ਭਲੇ ਲਈ ਕੀਤੀ ਘਾਲਣਾ ਦਾ ਅਤੇ ਉਹਨਾਂ ਦੀਆ ਕੁਰਬਾਨੀਆਂ ਦਾ ਕਰਜ਼ ਜੋ ਸਾਡੇ ਸਬ ਦੇ ਸਿਰ ਤੇ ਹੈ।ਅਤੇ ਇਹ ਕਰਜ਼ ਹੀ ਪੰਥ ਅਤੇ ਸੰਸਾਰ ਦੀ ਅਸ਼ਾਂਤੀ ਦਾ ਕਾਰਨ ਹੈ।

ਆਮ ਲੋਕਾਂ ਨੂੰ ਸਵਾਰਥੀ ਲੋਕਾਂ ਨੇ ਭੰਬਲ਼ਭੂਸੇ ਵਿੱਚ ਪਾਕੇ ਇਸ ਪਾਸੇ ਵੱਲੋ ਪੜਦਾ ਪਾਇਆ ਹੋਇਆ ਹੈ।।ਜੋ ਕਿਸੇ ਗਿਆਨ ਜਾਂ ਧਿਆਨ ਨਾਲ ਨਹੀਂ ਸਗੋਂ ਨਿਸਵਾਰਥ ਹੋ ਨਿੱਜ ਤੋਂ ਉੱਪਰ ਉਠ ਕੇ ਪਰਮੇਸ਼ਰ ਦੀ ਵਿਸਾਲ ਰਚਨਾ ਵਿੱਚ ਵਿਸ਼ਾਲ ਹੋਣ ਤੇ ਗੁਰਪ੍ਰਸਾਦਿ ਨਾਲ ਹਟਦਾ ਹੈ।

ਇਹ ਕੋਈ ਪੜ੍ਹਨ ਲਈ Page ਨਹੀਂ ਅਤੇ ਨਾ ਹੀ ਕੋਈ ਮਸਹੂਰੀ ਹੈ। ਬਲਕਿ ਇਸ ਬੇਹਿਸਾਬ ਕਰਜ ਦੀ ਮਾਰ ਕਾਰਨ ਵਰਤ ਰਹੇ ਸੰਸਾਰ ਦੇ ਤਾਪ ਨੂੰ ਹਰਨ ਦਾ ਗੁਰੂ ਸਾਹਿਬ ਦਾ ਬਖਸਿਆ ਸਿਧਾਂਤ ਹੈ। ਅਸੀਂ ਸ਼ੁਰੂ ਕਰੀਏ ਤੇ ਪੂਰਾ ਵਿਸ਼ਵ ਖੁਸ਼ੀ ਨਾਲ ਸਵੀਕਾਰ ਕਰੇ ਕਿ ਇਹ ਹੀ ਜੀਵਨ ਦਾ ਸਾਰ ਹੈ। ਅਤੇ ਹਰ ਮਨੁੱਖ ਇਸ ਸਿਧਾਂਤ ਤੇ ਖ਼ੁਸ਼ੀ ਨਾਲ ਪਹਿਰਾ ਦੇਵੇ ਅਤੇ ਕਹੇ ਕਿ ਮੈ ਭੀ ਬਣਾਂ ਸਰਬੱਤ ਦੇ ਭਲੇ ਲਈ ਦਸਮ ਪਿਤਾ ਦਾ Saint Warriors ਅਕਾਲ ਪੁਰਖ ਕੀ ਫ਼ੌਜ ਸੰਸਾਰ ਖ਼ੁਸ਼ੀ ਨਾਲ ਸਵਿਕਾਰ ਕਰੇ ਸਬ ਦਾ ਸਾਂਝਾ ਰਹਿਬਰ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ

**ਦਾਸ ਪਰਮਪਾਲ ਸਿੰਘ ਫਰਿਜਨੋ**
1-559-795-8757

# ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਕਾਮਰੇਡ ਗੁਰਮੀਤ ਸਿੰਘ ਢੱਡਾ ਵਿਛੋੜਾ ਦੇ ਗਏ



**ਜਲੰਧਰ–** ਦੇਸ਼ ਭਗਤ ਯਾਦਗਾਰ ਕਮੇਟੀ ਦੇ ਕਮੇਟੀ ਦੇ ਪ੍ਰਧਾਨ, ਅਤੇ ਹਿੰਦ ਕਮਿਊਨਿਸਟ ਪਾਰਟੀ ਮਾਰਕਸਵਾਦੀ ਦੇ ਸੀਨੀਅਰ ਆਗੂ ਕਾਮਰੇਡ ਗੁਰਮੀਤ ਸਿੰਘ ਢੱਡਾ ਅੱਜ ਬਾਅਦ ਦੁਪਹਿਰ ਸਦੀਵੀ ਵਿਛੋੜਾ ਦੇ ਗਏ। ਉਹ ਪਿਛਲੇ ਕੁਝ ਦਿਨਾਂ ਤੋਂ ਬਿਮਾਰ ਸਨ ਅਤੇ ਹਸਪਤਾਲ ਵਿੱਚ ਦਾਖਲ ਸਨ। ਕਾਮਰੇਡ ਗੁਰਮੀਤ ਸਿੰਘ ਢੱਡਾ ਜੀ 84 ਵਰ੍ਹਿਆਂ ਦੇ ਸਨ। ਉਹ ਆਪਣੇ ਪਿਛੇ ਸੁਪਤਨੀ ਤੇ ਦੋ ਪੁੱਤਰ ਤੇ ਨੂੰਹਾਂ ਦਾ ਪਰਿਵਾਰ ਛੱਡ ਗਏ ਹਨ। ਕਾਮਰੇਡ ਢੱਡਾ ਜੀ ਨੇ ਆਪਣਾ ਰਾਜਸੀ ਜੀਵਨ ਅਧਿਆਪਕ ਦੇ ਤੌਰ 'ਤੇ ਸ਼ੁਰੂ ਕੀਤਾ ਅਤੇ ਲੰਮਾ ਸਮਾਂ ਉਨ੍ਹਾਂ ਨੇ ਗੌਰਮਿੰਟ ਟੀਚਰਜ਼ ਯੂਨੀਅਨ ਦੇ ਸਰਗਰਮ ਆਗੂ ਵਜੋਂ ਅਗਵਾਈ ਕੀਤੀ। ਮਿੱਠ ਬੋਲੜੇ ਸੁਭਾਅ ਦੇ ਢੱਡਾ ਜੀ ਆਪਣੇ ਸਾਥੀਆਂ, ਸਨੇਹੀਆਂ ਵਿਚ ਬਹੁਤ ਹਰਮਨ ਪਿਆਰੇ ਸਨ ਤੇ ਇਸ ਵੇਲੇ ਸੀ.ਪੀ.ਆਈ.ਐਮ. ਦੇ ਕੰਟਰੋਲ ਕਮਿਸ਼ਨ ਦੇ ਚੇਅਰਮੈਨ, ਜ਼ਿਲ੍ਹਾ ਸ਼ਿਕਾਇਤ ਨਿਵਾਰਣ ਕਮੇਟੀ ਦੇ ਮੈਂਬਰ ਵੀ ਸਨ। ਕਾਮਰੇਡ ਢੱਡਾ ਜੀ ਦੇ ਵਿਛੋੜੇ ਦੀ ਦੁਖਦਾਈ ਖ਼ਬਰ ਮਿਲਦਿਆਂ ਹੀ ਦੇਸ਼ ਭਗਤ ਯਾਦਗਾਰ ਹਾਲ 'ਚ ਹਾਜ਼ਰ ਮੈਂਬਰਾਂ ਨੇ ਸ਼ੋਕ ਸਭਾ ਕਰਕੇ ਉਨ੍ਹਾਂ ਨੂੰ ਭਾਵਭਿੰਨੀ ਸ਼ਰਧਾਂਜ਼ਲੀ ਅਰਪਿਤ ਕੀਤੀ ਅਤੇ ਉਨ੍ਹਾਂ ਦੇ ਵਿਛੋੜੇ 'ਤੇ ਵੱਡੀ ਗਿਣਤੀ ਵਿੱਚ ਸਾਥੀ, ਸਨੇਹੀਆਂ ਦੇ ਸ਼ੋਕ ਸੁਨੇਹੇ ਆ ਰਹੇ ਹਨ। ਕਾਮਰੇਡ ਢੱਡਾ ਜੀ ਦਾ ਅੰਤਿਮ ਸਸਕਾਰ ਕੱਲ 15 ਫਰਵਰੀ ਬਾਅਦ ਦੁਪਹਿਰ ਉਨ੍ਹਾਂ ਦੇ ਪਿੰਡ ਢੱਡਾ, ਜਲੰਧਰ ਵਿਖੇ ਕੀਤਾ ਜਾਵੇਗਾ।

# ਡਾ. ਬੀ. ਆਰ. ਅੰਬੇਦਕਰ ਸਭਾਵਾਂ ਅਤੇ ਸਮੁੱਚੇ ਪਿੰਡ ਵਲੋਂ ਜ਼ਰੂਰਤਮੰਦ ਲੜਕੀ ਦਾ ਵਿਆਹ ਸਮਾਗਮ ਆਯੋਜਿਤ ਕਰਵਾਇਆ

**ਅਲਾਵਲਪੁਰ (ਮਦਨ ਬੰਗੜ)** ਡਾ. ਬੀ. ਆਰ. ਅੰਬੇਦਕਰ ਸਪੋਰਟਸ ਐਂਡ ਵੈੱਲਫੇਅਰ ਕਲੱਬ ਬਿਆਸ ਪਿੰਡ, ਬਾਬਾ ਲੱਖ ਦਾਤਾ ਬਾਬਾ ਮੱਲ ਪ੍ਰਬੰਧਕ ਕਮੇਟੀ, ਸ੍ਰੀ ਗੁਰੂ ਰਵਿਦਾਸ ਨੌਜਵਾਨ ਸਭਾਵਾਂ ਬਿਆਸ ਪਿੰਡ, ਮਾਤਾ ਚਿੰਤਪੁਰਨੀ ਪ੍ਰਬੰਧਕ ਕਮੇਟੀ, ਬਾਬਾ ਸਾਹਿਬ ਮੈਮੋਰੀਅਲ ਕਮੇਟੀ, ਸਮੂਹ ਐਨ ਆਰ ਆਈ ਭਰਾਵਾਂ, ਸਮੁੱਚੀ ਪੰਚਾਇਤ ਬਿਆਸ ਪਿੰਡ ਅਤੇ ਸਮੂਹ ਨਗਰ ਦੇ ਸਹਿਯੋਗ ਨਾਲ ਇੱਕ



ਜ਼ਰੂਰਤਮੰਦ ਲੜਕੀ ਦਾ ਵਿਆਹ ਸਮਾਗਮ ਸ੍ਰੀ ਗੁਰੂ ਰਵਿਦਾਸ ਪੈਲਸ ਬਿਆਸ ਪਿੰਡ ਵਿਖੇ ਆਯੋਜਿਤ ਕੀਤਾ ਗਿਆ ਜਿਸ ਵਿੱਚ ਇਲਾਕੇ ਭਰ ਤੋਂ ਮੋਹਤਵਾਰ ਵਿਅਕਤੀਆਂ ਵੱਲੋਂ ਨਵੀਂ ਵਿਆਹੀ ਜੋੜੀ ਨੂੰ ਆਸ਼ੀਰਵਾਦ ਦਿੱਤਾ ਜ਼ਿਕਰਯੋਗ ਹੈ ਕਿ ਬਿਆਸ ਪਿੰਡ ਦੀਆਂ ਇਹ ਸਮੁੱਚੀਆਂ ਸਭਾਵਾਂ ਵੱਖ ਵੱਖ ਸਮੇਂ ਧਾਰਮਿਕ ਅਤੇ ਹੋਰ ਸਮਾਗਮਾਂ ਲਈ ਵੱਧ ਚੜ੍ਹ ਕੇ ਹਿੱਸਾ ਪਾਉਂਦੀਆਂ ਹਨ।

# ਅਮਰੀਕੀ ਏਅਰ ਫੋਰਸ ਵੱਲ ਧਾਰਮਿਕ ਚਿੰਨਾਂ ਸਬੰਧੀ ਨਵੇਂ ਨਿਰਦੇਸ਼ ਜਾਰੀ

**ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਅਮਰੀਕੀ ਏਅਰ ਫੋਰਸ ਨੇ ਨਵੇਂ ਦਿਸ਼ਾ ਨਿਰਦੇਸ਼ ਜਾਰੀ ਕੀਤੇ ਹਨ, ਜਿਹਨਾਂ ਤਹਿਤ ਅਮਰੀਕਾ ਵਾਸੀ ਵੱਖ ਵੱਖ ਧਰਮਾਂ ਦੇ ਲੋਕ ਆਪਣੇ ਧਾਰਮਿਕ ਚਿੰਨਾਂ ਸਮੇਤ ਨੌਕਰੀ ਕਰ ਸਕਣਗੇ। ਏਅਰ ਫੋਰਸ ਨੇ ਪਹਿਰਾਵੇ ਅਤੇ ਨਿੱਜੀ ਚਿੰਨਾਂ ਸਬੰਧੀ ਨੀਤੀ ਵਿਚ ਉਨਾਂ ਲੋਕਾਂ ਲਈ ਦਸਤਾਰ ਸਜਾਉਂਦੇ ਹਨ, ਹਿਜਾਬ ਪਹਿਨਦੇ ਹਨ ਜਾਂ ਦਾੜ੍ਹਾ ਵੀ ਰੱਖਦੇ ਹਨ, ਬਾਰੇ ਨੌਕਰੀ ਦੌਰਾਨ ਪਹਿਰਾਵੇ ਤੇ ਵਰਦੀ ਬਾਰੇ ਮਾਪਦੰਡ ਤੈਅ ਕੀਤੇ ਹਨ ਜਿਹਨਾਂ ਵਿਚ ਕਿਹਾ ਗਿਆ ਹੈ ਕਿ ਕੋਈ ਵੀ ਵਿਅਕਤੀ ਜਾਂ ਔਰਤ ਆਪਣੇ ਧਾਰਮਿਕ ਚਿੰਨਾਂ ਨਾਲ ਸਮਝੌਤਾ ਕੀਤੇ ਬਿਨਾਂ ਨੌਕਰੀ ਕਰ ਸਕਦੇ ਹਨ। ਏਅਰ ਫੋਰਸ ਨੇ ਇਸ ਸਬੰਧੀ ਮੈਨਜਮੈਂਟ ਨੂੰ ਕਿਹਾ ਹੈ ਕਿ ਜੇਕਰ ਕੋਈ ਆਪਣੇ ਧਾਰਮਿਕ ਚਿਨਾਂ ਸਬੰਧੀ ਪਰਵਾਨਗੀ ਲੈਣ ਲਈ ਬੇਨਤੀ ਕਰੇ ਤਾਂ ਉਸ ਨੂੰ ਇਕ ਨਿਸਚਿਤ ਸਮੇਂ ਵਿਚ ਜਵਾਬ ਦੇਣਾ ਪਵੇਗਾ। ਇਹ ਵੀ ਕਿਹਾ ਹੈ ਕਿ ਇਹ ਪਰਵਾਨਗੀ ਸਬੰ ਧਤ ਵਿਅਕਤੀ ਲਈ ਸਮੁੱਚੀ ਨੌਕਰੀ ਦੌਰਾਨ ਲਾਗੂ ਰਹੇਗੀ। ਇਥੇ ਵਰਣਨਯੋਗ ਹੈ ਕਿ ਏਅਰ ਫੋਰਸ ਵਿਚ ਨੌਕਰੀ ਕਰਨ ਲਈ ਸਿੱਖ, ਮੁਸਲਮਾਨ ਤੇ ਹੋਰ ਧਰਮਾਂ ਦੇ ਲੋਕ ਆਪਣੇ ਧਾਰਮਿਕ ਚਿਨਾਂ ਸਬੰਧੀ ਛੋਟ ਲੈਣ ਵਾਸਤੇ ਨਿੱਜੀ ਤੌਰ 'ਤੇ ਬੇਨਤੀ ਕਰਦੇ ਹਨ ਪਰੰ ਤ ਇਹ ਪਹਿਲੀ ਵਾਰ ਹੋਇਆ ਹੈ ਕਿ ਏਅਰ ਫੋਰਸ ਨੇ ਪਰਵਾਨਗੀ ਪਰਕਿਰਿਆ ਸਬੰਧੀ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਹਨ।




Law Office of
NIRWAN & ASSOCIATES



www.nirwanlaw.com

Business Incorporation
Articles of Incorp
Dissolution
501 © Non-Profit

Jagdip S. Nirwan, Esq
916-832-3144

IMMIGRATION LAW
* Adjustment of Status
* Citizenship
* Employment
* Appeals-1J/
* Family & Finance Visa
* Board /Federal Ct
* Labor Certification
* Asylum
* Removal & Deportation Defense

TAX LAW
* Offer in Compromise
* Payment Plans
* File Back Taxes
* Tax Preparation
* Audits, Appeals
* Tax Court Rep
* IRS/EDD/FTB Representation
* Personal & Business
* Income Tax Filling 1040/1020

1104 Corporate Way Sacramento, CA 95831

A & S
Auto Repair & Services
Specializing in Brakes & Axles

Mon-Fri
9:00 AM
to 6:00 PM
Saturday
9:00 AM to
5:00 PM

Free Tire Rotation and Brake Inspection with purchase of Oil Service for most cars

Diagnose check Engine light pre-buyers inspection tune-ups and more

Dealer Recommended Service Shocks/Struts A/C Servics





Ph: 916-238-4431
649 W. Elkhorn Blvd. Suite B2
Rio Linda, CA 95673

Amarjit Sandhu

# ਪੰਜਾਬ ਵਿੱਚ ਸਿੱਖਿਆ ਤੰਤਰ ਦਾ ਭਵਿੱਖ ਗੁਰੂ ਦੇ ਗਰੀਬ ਸਿੱਖਾਂ ਦੇ ਹੱਥ ਵਿਚ ਹੀ ਸੁਰੱਖਿਅਤ ਹੋ ਸਕਦਾ ਹੈ- ਬਸਪਾ ਸੂਬਾ ਪ੍ਰਧਾਨ

## ਸੰਗਰੂਰ ਵੈਨ ਹਾਦਸੇ ਵਿੱਚ ਨੈਤਿਕਤਾ ਦੇ ਆਧਾਰ ਉਪਰ ਸਿੱਖਿਆ ਮੰਤਰੀ ਅਸਤੀਫਾ ਦੇਵੇ

**ਚੰਡੀਗੜ੍ਹ–** ਬਹੁਜਨ ਸਮਾਜ ਪਾਰਟੀ ਪੰਜਾਬ ਦੇ ਸੂਬਾ ਪ੍ਰਧਾਨ ਨੇ ਕੱਲ੍ਹ ਮੁੱਖ ਦਫ਼ਤਰ ਜਾਰੀ ਪ੍ਰੈਸ ਨੋਟ ਵਿੱਚ ਪੰਜਾਬ ਦੇ ਹਾਲਾਤਾਂ ਉਪਰ ਸਵਾਲ ਉਠਾਦਿਆ ਕਿਹਾ ਕਿ ਪੰਜਾਬ ਵਿੱਚ ਸਿੱਖਿਆ ਦਾ ਪੱਧਰ ਨੀਵਾਂ ਦਰਜਾ ਛੂਹ ਚੁੱਕਾ ਹੈ। ਸਿੱਖਿਆ ਦੇ ਮਾਮਲੇ ਵਿਚ ਪੰਜਾਬ ਅੱਜ ਪੂਰੇ ਦੇਸ਼ ਵਿਚ ਨੀਚੇ ਤੋਂ ਦੂਜੇ ਨੰਬਰ ਤੇ ਹੈ। ਪੋਸਟ ਮੈਟ੍ਰਿਕ ਸਕਾਲਰਸ਼ਿਪ ਦੀ ਅਸਫਲਤਾ ਕਾਂਗਰਸ ਦੇ ਮੱਥੇ ਤੇ ਕਾਲ਼ਾ ਕਲੰਕ ਹੈ, ਜਿਸਨੇ ਗਰੀਬਾਂ ਕੋਲੋ ਉੱਚ ਸਿੱਖਿਆ ਖੋਹ ਲਈ ਹੈ। ਵੱਡੇ ਵੱਡੇ ਕਾਲਜ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਦੀ ਅਸਫਲਤਾ ਨਾਲ ਵਿਦਿਆਰਥੀਆਂ ਤੋਂ ਵਾਂਝੇ ਹੋ ਚੁੱਕੇ ਹਨ। ਗਰੀਬ ਬੱਚਿਆਂ ਲਈ ਰਾਇਟ ਟੂ ਐਜੂਕੇਸ਼ਨ ਐਕਟ ਹਾਲੀ ਤਕ ਪੰਜਾਬ ਵਿੱਚ ਲਾਗੂ ਨਹੀਂ ਹੋਇਆ ਹੈ, ਜਦੋਂ ਕਿ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਵਿੱਚ ਹਾਈ ਫ਼ਾਈ ਪ੍ਰਾਈਵੇਟ ਸਕੂਲ ਗਰੀਬ ਵਿਦਆਰਥੀਆਂ ਨੂੰ ਰਾਈਟ ਟੂ ਆਜੂਕੇਸ਼ਨ ਤਹਿਤ ਮੁਫ਼ਤ ਦਾਖਲਾ ਤੇ ਮੁਫ਼ਤ ਸਿੱਖਿਆ ਮਿਲ ਰਹੀ ਹੈ। ਸਿੱਖਿਆ ਤੰਤਰ ਦਾ ਰਹਿੰਦਾ ਸਾਹ ਪੰਜਾਬ ਦੀ ਕਾਂਗਰਸ ਸਰਕਾਰ ਵੀਹ ਪ੍ਰਤੀਸ਼ਤ ਨੰਬਰਾਂ ਨਾਲ ਪਾਸ ਕਰਨ ਦੀ ਨੀਤੀ ਲਿਆਕੇ ਕਰ ਰਹੀ ਹੈ।

ਸੰਗਰੂਰ ਵਿਖੇ ਸਕੂਲੀ ਵਿਦਿਆਰਥੀਆਂ ਦੇ ਵੈਨ ਹਾਦਸੇ ਵਿਚ ਹੋਈਆ ਮੌਤਾਂ ਤੇ ਦੁੱਖ ਦਾ ਪ੍ਰਗਟਾਵਾ ਕਰਦਿਆ ਬਸਪਾ ਪ੍ਰਧਾਨ ਨੇ ਕਿਹਾ ਕਿ ਸੰਬੰਧਿਤ ਜਿਲ੍ਹੇ ਦੇ ਡਿਪਟੀ ਕਮਿਸ਼ਨਰ, ਜਿਲ੍ਹਾ ਸਿੱਖਿਆ ਅਫ਼ਸਰ ਅਤੇ ਸਿੱਖਿਆ ਸਕੱਤਰ ਉਪਰ ਵੀ ਧਾਰਾ 302 ਦਾ ਪਰਚਾ ਦਰਜ ਹੋਣਾ ਚਾਹੀਦਾ ਹੈ। ਸਿੱਖਿਆ ਮੰਤਰੀ ਨੂੰ ਤੁਰੰਤ ਨੈਤਿਕਤਾ ਦੇ ਆਧਾਰ ਉਪਰ ਅਸਤੀਫਾ ਦੇਣਾ ਚਾਹੀਦਾ ਹੈ। ਸਕੂਲਾਂ ਵਿਚ ਵਿਦਿਆਰੀਆਂ ਦੇ ਆਉਣ ਜਾਣ ਵਾਲੇ ਵਹੀਕਲਾਂ ਦੇ ਨਿਯਮਾਂ ਨੂੰ ਲਾਗੂ ਨਾ ਕਰ ਸਕਣਾ ਕਾਂਗਰਸ ਸਰਕਾਰ ਦੀ ਅਸਫਲਤਾ ਹੈ। ਸਿੱਖਿਆ ਤੰਤਰ ਵਿਚ ਭਵਿੱਖ ਨਿਰਮਾਤਾ ਅਧਿਆਪਕ ਵਰਗ ਪ੍ਰਤੀ ਸਰਕਾਰੀ ਨੀਤੀਆ ਹੌਸਲਾ ਗਿਰਾਉਣ ਵਾਲੀਆ ਹਨ। ਬਸਪਾ ਸੂਬਾ ਪ੍ਰਧਾਨ ਸਰਦਾਰ ਗੜ੍ਹੀ ਨੇ ਪੰਜਾਬ ਵਾਸੀਆਂ ਨੂੰ ਭਰੋਸਾ ਦਿਵਾਇਆ ਕਿ ਬਸਪਾ ਦੇ ਸੱਤਾ ਵਿਚ ਆਉਣ ਤੇ ਸਭ ਤੋਂ ਪਹਿਲਾਂ ਅਧਿਆਪਕ ਵਰਗ ਦੀਆ ਟਰੱਕਾਂ ਦੇ ਨੰਬਰਾਂ ਵਾਲੇ ਅੱਲਗ ਅੱਲਗ ਕੇਡਰਾਂ ਨੂੰ ਪ੍ਰਾਇਮਰੀ, ਮਿਡਲ, ਹਾਈ ਤੇ ਸੀਨੀਅਰ ਸੈਕੰਡਰੀ ਕੇਡਰ ਵਿਚ ਨਵੇਂ ਰੂਪ ਵਿਚ ਸੰਗਠਿਤ ਕੀਤਾ ਜਾਵੇਗਾ ਅਤੇ ਅੱਲਗ ਅਲੱਗ ਪੇ ਸਕੇਲ ਨੂੰ ਇਕਰੂਪਤਾ ਦਿੱਤੀ ਜਾਵੇਗੀ। ਭਾਰਤ ਦੇ ਸੰਵਿਧਾਨ ਅਨੁਸਾਰ ਸਿੱਖਿਆ ਤੰਤਰ ਮਜਬੂਤ ਕਰਨ ਲਈ ਪੰਜਾਬ ਦੇ ਬਜ਼ਟ ਦਾ ਸਿੱਖਿਆ ਤੰਤਰ ਤੇ ਹਿੱਸਾ 10 ਪ੍ਰਤਿਸਤ ਤੋਂ ਜਿਆਦਾ ਖਰਚ ਕਰਨਾ ਯਕੀਨੀ ਬਣਾਇਆ ਜਾਵੇਗਾ। ਸਿੱਖਿਆ ਤੰਤਰ ਨੂੰ ਹੋਰ ਲਾਹੇਵੰਦ ਰੂਪ ਦੇਕੇ ਚਾਈਨਾ ਪੈਟਰਨ ਤੇ ਵਿਦਿਆਰਥੀਆ ਨੂੰ ਹੁਨਰਮੰਦ ਕੀਤਾ ਜਾਵੇਗਾ। ਪੰਜਾਬ ਦੇ ਲੋਕਾਂ ਨੂੰ ਕਾਂਗਰਸ ਅਤੇ ਅਕਾਲੀਆਂ ਦਾ ਨਿਕੰਮਾ ਰਾਜ ਦੇਖਣ ਤੋ ਹੁਣ ਬਸਪਾ ਦੇ ਬਾਰੇ ਸੰਜੀਦਗੀ ਨਾਲ ਸੋਚਣਾ ਚਾਹੀਦਾ ਹੈ। ਇਸ ਮੌਕੇ ਪ੍ਰਦੇਸ ਦੇ ਉਪ ਪ੍ਰਧਾਨ ਹਰਜੀਤ ਸਿੰਘ ਲੌਂਗੀਆ, ਜਨਰਲ ਸੱਕਤਰ ਡਾ: ਨਛੱਤਰ ਪਾਲ, ਠੇਕੇਦਾਰ ਭਗਵਾਨ ਦਾਸ ਜੀ, ਰਾਜਾ ਰਜਿੰਦਰ ਸਿੰਘ ਨਨਹੇਰੀਆਂ, ਡਾ: ਜਸਪ੍ਰੀਤ ਸਿੰਘ, ਸ੍ਰੀ ਦਲਜੀਤ ਰਾਏ, ਸ੍ਰੀ ਬਲਦੇਵ ਮਹਿਰਾ, ਸ੍ਰੀ ਬਲਵਿੰਦਰ ਕੁਮਾਰ, ਸ੍ਰੀ ਕੁਲਦੀਪ ਸਿੰਘ ਸਰਦੂਲਗੜ, ਸ੍ਰੀ ਤੀਰਥ ਰਾਜਪੁਰਾ, ਸ੍ਰੀ ਜਗਦੀਪ ਗੋਗੀ, ਸ਼੍ਰੀ ਪਰਮਜੀਤ ਮੱਲ ਆਦਿ ਹਾਜ਼ਰ ਸਨ।



# ਰਾਹੋਂ ਦੇ ਸਕਿਊਰਟੀ ਗਾਰਡ ਦੀ ਬੇਟੀ ਬਣੀ ਜੱਜ



**ਰਾਹੋਂ–** ਪੰਜਾਬ ਸਿਵਲ ਸਰਵਿਸ ਦੀ ਪ੍ਰੀਖਿਆ ਪਾਸ ਕਰਕੇ ਪਿੰਡ ਉਦੋਵਾਲ (ਰਾਹੋਂ) ਦੀ ਬਲ-ਜੰਦਰ ਕੌਰ ਨੇ ਜੱਜ ਬਣਨ ਦਾ ਸੁਪਨਾ ਪੂਰਾ ਕੀਤਾ। ਜਾਣਕਾਰੀ ਅਨੁਸਾਰ ਥਾਣਾ ਰਾਹੋਂ 'ਚ ਪੈਂਦੇ ਪਿੰਡ ਉਧੋਵਾਲ ਦੀ ਰਹਿਣ ਵਾਲੀ 28 ਸਾਲ ਦੀ ਬਲਜਿੰਦਰ ਕੌਰ ਨੇ ਪੰਜਾਬ ਸਿਵਲ ਸਰਵਿਸ (ਪੀ. ਸੀ. ਐਸ.) ਦੀ ਪ੍ਰੀਖਿਆ ਪਾਸ ਕਰਕੇ ਜੱਜ ਬਣ ਕੇ ਆਪਣੇ ਪਿੰਡ ਉਧੋਵਾਲ ਦਾ ਨਾਂ ਅਤੇ ਆਪਣੇ ਮਾਤਾ-ਪਿਤਾ ਦਾ ਨਾਂ ਰੌਸ਼ਨ ਕੀਤਾ। ਬਲਜਿੰਦਰ ਕੌਰ ਨੇ ਦੱਸਿਆ ਕਿ ਉਹਨਾਂ ਦੇ ਪਿਤਾ ਬੈਂਕ ਵਿਚ ਸਕਿਊਰਟੀ ਗਾਰਡ ਦੀ ਸੇਵਾ ਨਿਭਾਅ ਰਹੇ ਸੀ। ਉਹਨਾਂ ਇਹ ਵੀ ਦੱਸਿਆ ਕਿ ਜਦੋਂ ਉਹ ਪੜ੍ਹ ਰਹੀ ਸੀ ਤਾਂ ਉਸ ਦੇ ਪਿਤਾ ਰਿਟਾਇਰਡ ਸਨ ਅਤੇ ਉਹਨਾਂ ਦੀ ਪੈਨਸ਼ਨ ਸਿਰਫ 1800 ਰੁਪਏ ਸੀ ਅਤੇ ਬਾਅਦ ਵਿਚ ਮੇਰੇ ਪਿਤਾ ਨੇ ਸਕਿਊਰਟੀ ਗਾਰਡ ਦੀ ਸੇਵਾ ਬੈਂਕ 'ਚ ਲਈ ਅਤੇ ਉਹਨਾਂ ਦੀ ਤਨਖਾਹ 2500 ਰੁਪਏ ਸੀ। ਅਸੀਂ 3 ਭੈਣ ਭਰਾ ਹਾਂ ਫਿਰ ਵੀ ਮੇਰੇ ਪਿਤਾ ਨੇ ਮੈਨੂੰ ਪੁੱਛਿਆ ਕਿ ਜੇਕਰ ਤੂੰ ਪੀ. ਸੀ. ਐਸ. ਦੀ ਪ੍ਰੀਖਿਆ ਪਾਸ ਕਰਨਾ ਚਾਹੁੰਦੀ ਹੈ ਤਾਂ ਮੈਂ ਮੋਟਰ ਸਾਈਕਲ 'ਤੇ ਜਾਣ ਦੀ ਸਜਾਏ ਸਾਈਕਲ 'ਤੇ ਜਾ ਸਕਦਾ ਹਾਂ। ਉਹਨਾਂ ਦੱਸਿਆ ਕਿ ਉਸ ਦੇ ਜੱਜ ਬਣਨ ਦਾ ਸਿਹਰਾ ਉਸ ਦੇ ਮਾਤਾ-ਪਿਤਾ ਅਤੇ ਅਧਿਆਪਕਾ ਗੌਰਵ ਕੁਮਾਰ ਨੂੰ ਜਾਂਦਾ ਹੈ। ਉਹਨਾਂ ਦੇ ਦੱਸੇ ਰਾਹ 'ਤੇ ਚਲਦੇ ਹੋਏ ਅੱਜ ਮੈਂ ਜੱਜ ਬਣ ਸਕੀ ਹਾਂ। ਪਿੰਡ ਉਧੋਵਾਲ ਦੇ ਤਰਸੇਮ ਸਿੰਘ ਨੇ ਦੱਸਿਆ ਕਿ 17 ਫਰਵਰੀ ਨੂੰ ਬਲਜਿੰਦਰ ਕੌਰ ਪਿੰਡ ਉਧੋਵਾਲ 'ਚ ਪਹੁੰਚੇਗੀ।

**–ਭਾਰਦਵਾਜ**

# ਪੁਲਵਾਮਾ ਅੱਤਵਾਦੀ ਹਮਲੇ ਵਿਚ ਸ਼ਹੀਦ ਹੋਏ ਜਵਾਨਾਂ ਨੂੰ ਸ਼ਰਧਾਂਜਲੀ

**ਜਲੰਧਰ ਬਿਊਰੋ)–** ਜੰਮੂ-ਕਸ਼ਮੀਰ ਦੇ ਪੁਲਵਾਮਾ ਵਿਚ ਪਿਛਲੇ ਸਾਲ ਸੀ. ਆਰ. ਪੀ. ਐਫ. ਦੇ 40 ਦੇ ਕਰੀਬ ਜਵਾਨ ਅੱਤਵਾਦੀ ਹਮਲੇ ਵਿਚ ਸ਼ਹੀਦ ਹੋ ਗਏ ਸਨ, ਉਹਨਾਂ ਨੂੰ ਸ਼ਰਧ-ਂਜਲੀ ਦੇਣ ਲਈ ਰਾਜੇਸ਼ ਬਾਘਾ ਉਪ ਪ੍ਰਧਾਨ ਭਾਰਤੀ ਜਨਤਾ ਪਾਰਟੀ ਪੰਜਾਬ ਅਤੇ ਸਾਬਕਾ ਪ੍ਰਧਾਨ ਅਨੂਸੂਚਿਤ ਜਾਤੀ ਕਮਿਸ਼ਨ ਪੰਜਾਬ ਪਹੁੰਚੇ। ਜਲੰਧਰ ਵਿਖੇ ਸ਼ਰਧਾਂਜਲੀ ਸਮਾਰੋਹ ਆਯੋਜਿਤ ਕੀਤਾ ਗਿਆ।ਇਸ ਪ੍ਰੋਗਰਾਮ ਵਿਚ ਸ਼ਹੀਦਾਂ ਨੂੰ ਫੁੱਲਾਂ ਅਤੇ ਮੋਮਬੱਤੀਆਂ ਜਲਾ ਕੇ ਸ਼ਰਧਾਂਜਲੀ ਦਿੱਤੀ ਗਈ। ਭਾਜਪਾ ਨੇਤਾ ਰਾਜੇਸ਼ ਬਾਘਾ ਨੇ ਦੱਸਿਆ ਕਿ ਭਾਰਤ ਲਈ ਫਰਵਰੀ ਵਿਚ ਇਹ ਕਾਲਾ ਦਿਵਸ ਹੈ। ਇਸ ਦਿਨ ਅੱਤਵਾਦੀਆਂ ਨੇ ਸਾਡੇ ਮੁਲਕ ਦੇ 40 ਜਵਾਨਾਂ ਨੂੰ ਸ਼ਈਦ ਕੀਤਾ, ਜਿਸ ਕਾਰਨ ਸਾਰੀ ਦੁਨੀਆਂ ਵਿਚ ਰੋਸ ਦੀ ਲਹਿਰ ਦੌੜ ਗਈ ਸੀ। ਅਸੀਂ ਪੁਲਵਾਮਾ ਦੇ ਮਹਾਨ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਦੇ ਹਾਂ। ਉਹਨਾਂ ਕਿਹਾ ਕਿ ਸ਼ਹੀਦ ਜਵਾਨ ਹਮੇਸ਼ਾ ਸਾਡੇ ਦਿਲਾਂ 'ਤੇ ਰਾਜ ਕਰਦੇ ਰਹਿਣਗੇ। ਇਹ ਸਾਡੇ ਲਈ ਕੁਰਬਾਨੀ ਦਾ ਪ੍ਰਤੀਕ ਹਨ।





## 'ਦੇਸ਼ ਦੁਆਬਾ'

### ਹਰ ਹਫਤੇ ਛਪਣ ਵਾਲਾ ਅਖਬਾਰ

ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?

ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?

ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।

### ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ

ਆਪਣੀ ਰਚਨਾ ਹਰ ਸ਼ਨਿਚਰਵਾਰ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ।

ਰਚਨਾ ਸਿਰਫ ਅਣਛਪੀ ਹੀ ਭੇਜੀ ਜਾਵੇ।

ਖ਼ਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੈ।

ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ

ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।

1-916-947-8920 (ਫੋਨ), 1-916-238-1393 (ਫੈਕਸ)

E-mail : deshdoaba@yahoo.com

www.deshdoaba.com www.ambedkartimes.com



TANDOOR
Indian Restaurant

27167 Mission Blvd. Hayward, CA 95544




ਵਿਆਹ ਸ਼ਾਦੀ, ਬਰਥ-ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੈਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ

WE ARE SPECIALIST IN CATERING & SPECIAL ITEMS ARE AVAILABLE HERE :

FISH PAKORE, CHILLI CHICKEN, GOAT KARI, SHAHI PANEER, BUTTER CHICKEN, SWEETS, SNACKS AND MORE SPECIAL ITEMS.



ਕੇਟਰਿੰਗ ਦੇ ਮਾਹਿਰ, ਹਫਤੇ ਦੇ 7 ਦਿਨ ਉਪਲਬੱਧ

BUFFET LUNCH 11:00 AM To 3:00 PM

We are open seven days 11 AM to 10 PM

Contact Us:

Ph. 510-885-1212

Fax. 510-885-1532

# ਬੇਗ਼ਮਪੁਰੇ ਦੇ ਸੁਪਨਸਾਜ਼ ਗੁਰੂ ਰਵਿਦਾਸ ਜੀ ਦਾ 643ਵਾਂ ਜਨਮ ਦਿਹਾੜਾ ਮਨਾਇਆ ਗਿਆ

## ਗੁਰੂ ਰਵਿਦਾਸ ਜੀ ਦੇ ਜਨਮ ਦਿਹਾੜੇ 'ਤੇ ਪਿੰਡ ਚੱਕ ਕਲਾਲ 'ਚ ਦੀਪਮਾਲਾ ਤੇ ਆਤਿਸ਼ਬਾਜ਼ੀ ਕੀਤੀ ਗਈ

**ਬੰਗਾ/ਨਵਾਂਸ਼ਹਿਰ (ਜੱਸੀ):** ਸ਼੍ਰੀ ਗੁਰੂ ਰਵਿਦਾਸ ਜੀ ਮਹਾਨ ਸੰਤ, ਸਮਾਜ ਸੁਧਾਰਕ ਅਤੇ ਭਗਤੀ ਅੰਦੋਲਨ ਦੇ ਰਹਿਨੁਮਾ ਜੀ ਦੀ 643ਵੀਂ ਜਨਮ ਵਰ੍ਹੇਗੰਢ ਮੌਕੇ ਪਿੰਡ ਚੱਕ ਕਲਾਲ ਵਿਖੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਭੋਗ ਉਪਰੰਤ ਭਾਈ ਗ਼ੁਲਾਬ ਸਿੰਘ ਕਨੌਨ ਵਾਲ਼ਿਆਂ ਨੇ ਕੀਰਤਨ/ਕਥਾ ਰਾਹੀਂ ਗੁਰੂ ਜੀ ਦੇ ਜੀਵਨ, ਮਿਸ਼ਨ ਬਾਰੇ ਵਿਚਾਰ ਸਾਂਝੇ ਕੀਤੇ ਅਤੇ ਸੰਗਤਾਂ ਨੂੰ ਗੁਰਬਾਣੀ ਨਾਲ ਜੋੜ੍ਹਿਆ। ਇਸ ਮੌਕੇ ਉੱਘੇ ਮਿਸ਼ਨਰੀ ਗਾਇਕ ਧਰਮਿੰਦਰ ਮਸਾਣੀ ਨੇ ਮੇਰਾ ਕਾਂਸ਼ੀ ਵਾਲਾ ਬਾਬਾ ਦੁਨੀਆਂ ਨੂੰ ਰਾਹੇ ਪਾ ਗਿਆ, ਬਾਬਾ ਸਾਹਿਬ ਸਿਰਫ਼ ਇੱਕ ਨਾਮ ਨਹੀਂ ਬਾਬਾ ਸਾਹਿਬ ਦਾ ਨਾਮ ਬਗ਼ਾਵਤ ਹੈ, ਜੋ ਬੋਲੇ ਸੋ ਨਿਰਭੈ ਮੇਰੇ ਕਾਂਸ਼ੀ ਵਾਲ਼ੇ ਦੀ ਜੈ, ਦੁਨੀਆਂ ਦਾ ਕੋਈ ਵੀ ਰੁੱਤਬਾ ਬਾਬਾ ਸਾਹਿਬ ਦੇ ਮੇਚ ਨਹੀਂ ਆ ਸਕਦਾ, ਆ ਜਾਓ ਆਪਾਂ ਇਕੱਠੇ ਹੋ ਕੇ ਬੇਗ਼ਮਪੁਰਾ ਵਸਾਈਏ, ਇੱਕ ਰੋਟੀ ਘੱਟ ਖਾ ਲਿਓ ਬੱਚੇ ਆਪਣੇ ਜਰੂਰ ਪੜ੍ਹਾਇਓ ਆਦਿ ਅਨੇਕਾਂ ਮਿਸ਼ਨਰੀ ਗੀਤ ਅਤੇ ਰਚਨਾਵਾਂ ਆਪਣੀ ਬੁਲੰਦ ਆਵਾਜ਼ ਨਾਲ ਪੇਸ਼ ਕੀਤੀਆਂ।

ਇਸ ਸਮਾਗਮ ਦੇ ਦੂਜੇ ਪੜਾਅ ਰਾਤ ਸਮੇਂ ਉੱਭਰਦੇ ਗਾਇਕ ਜਸ ਇੰਦਰ ਬੰਗਾ ਨੇ ਕਾਂਸ਼ੀ ਵਿੱਚ ਲੱਗਿਆ ਮੇਲਾ, ਮੇਲੇ ਵਿੱਚ ਰੌਣਕ ਭਾਰੀ ਏ, ਹੁਣ ਸਾਡਾ ਸਿੱਕਾ ਚੱਲੂ ਪਹਿਲਾਂ ਹੋਰ ਚਲਾਉਂਦੇ ਸੀ, ਸਾਰੇ ਕਰਲੋ ਏਕਾ ਬੇਗ਼ਮਪੁਰਾ ਵਸਾਉਣਾ ਏ, ਲੈ ਕੇ ਬਾਬਾ ਸਾਹਿਬ ਨੇ ਦਿੱਤੇ ਸਾਨੂੰ ਹੱਕ ਬਰਾਬਰ ਦੇ ਆਦਿ ਰਚਨਾਵਾਂ ਨਾਲ ਸਾਰੀ ਸੰਗਤ ਨੂੰ ਮੰਤਰ-ਮੁਗਧ ਕਰਦਿਆਂ ਝੂੰਮਣ ਲਾ ਦਿੱਤਾ। ਰਾਤ ਕਰੀਬ 2:30 ਵਜੇ ਤੱਕ ਚੱਲੇ ਇਸ ਸਮਾਗਮ ਵਿੱਚ ਸਾਂਈ ਪੱਪਲ ਸ਼ਾਹ ਜੀ ਭਰੋ ਮਜਾਰਾ, ਪ੍ਰਧਾਨ ਸੂਫ਼ੀਆਨਾ ਦਰਗਾਹ ਪੰਜਾਬ ਵਾਲ਼ਿਆਂ ਨੇ ਕੋਈ ਨਾ ਪੁੱਛਦਾ ਬਾਤ ਜੇ ਦੋ ਰਹਿਬਰ ਆਉਂਦੇ ਨਾ; ਸਤਿਗੁਰੂ ਰਵਿਦਾਸ ਤੇ ਬਾਬਾ ਸਾਹਿਬ ਜੇ ਆਉਂਦੇ ਨਾ, ਕੋਈ



ਭੇਜ਼ ਮਸੀਹਾ ਜਿਹੜਾ ਦਰਦ ਵੰਡਾਵੇ, ਅੱਜ ਦੇਵੋ ਵਧਾਈਆਂ ਕਾਂਸ਼ੀ ਵਿੱਚ ਆਇਆ ਕਰਤਾਰ ਹੈ, ਟਾਹਣੀ-ਟਾਹਣੀ ਤੇ ਪੱਤੇ-ਪੱਤੇ ਨੂਰ ਛਾ ਗਿਆ; ਜਦੋਂ ਕਾਂਸ਼ੀ ਵਿੱਚ ਮੇਰਾ ਸਤਿਗੁਰ ਆ ਗਿਆ, ਢਾਹਿਆ ਮੰਦਿਰ ਗੁਰਾਂ ਦਾ ਬੜੇ ਕਹਿਰ ਗੁਜ਼ਾਰੇ; ਤੇਰਾ ਬਹਿ ਜਾਏ ਬੇੜਾ ਜ਼ਾਲਿਮ ਸਰਕਾਰੇ ਆਦਿ ਰਚਨਾਵਾਂ ਸਤਿਸੰਗ ਦੇ ਰੂਪ ਵਿੱਚ ਪੇਸ਼ ਕਰਕੇ ਸੰਗਤਾਂ ਨੂੰ ਗੁਰੂ ਸਾਹਿਬ ਜੀ ਦੀ ਵਿਚਾਰਧਾਰਾ ਅਤੇ ਮਿਸ਼ਨ ਨਾਲ ਜ਼ੋੜ੍ਹਿਆ। ਰਾਤ ਨੂੰ ਸਮੁੱਚੇ ਪਿੰਡ ਵਿੱਚ ਦੀਪਮਾਲਾ ਅਤੇ ਆਤਿਸ਼ਬਾਜ਼ੀ ਵੀ ਕੀਤੀ ਗਈ। ਜਿਸ ਦੀ ਇਲਾਕੇ ਭਰ 'ਚ ਭਰਪੂਰ ਸ਼ਲਾਘਾ ਕੀਤੀ ਗਈ। ਇਸ ਸ਼ੁੱਭ ਮੌਕੇ ਡਾ. ਅੰਬੇਡਕਰ ਚੌਂਕ 'ਤੇ ਪਿੰਡ ਦੇ ਨੌਜਵਾਨਾਂ ਵਲੋਂ ਸਵੇਰ ਵੇਲੇ ਗੁਰੂ ਜੀ ਦੇ ਜਨਮ ਦਿਹਾੜੇ ਦੇ ਸਬੰਧ ਵਿੱਚ ਕੇਕ ਵੀ ਕੱਟਿਆ ਗਿਆ। ਦੁਪਹਿਰ ਵੇਲੇ ਗੁਰੂ ਜੀ ਦਾ ਲੰਗਰ ਅਤੁੱਟ ਵਰਤਾਇਆ ਗਿਆ।

ਇਸ ਮੌਕੇ 'ਤੇ ਇਸ ਸਮਾਗਮ ਦੇ ਮੁੱਖ ਮਹਿਮਾਨ ਸ਼੍ਰੀ ਸਤਵੀਰ ਸਿੰਘ ਪੱਲੀ ਝਿੱਕੀ ਚੇਅਰਮੈਨ ਜਿਲ੍ਹਾ ਯੋਜਨਾ ਬੋਰਡ ਸ਼ਹੀਦ ਭਗਤ ਸਿੰਘ ਨਗਰ ਨੇ ਗੁਰੂ ਸਾਹਿਬ ਜੀ ਦੇ ਜਨਮ ਦਿਹਾੜੇ 'ਤੇ ਵਧਾਈਆਂ ਦਿੰਦੇ ਹੋਏ ਉਹਨਾਂ ਨੂੰ ਮਾਨਵਤਾ ਦਾ ਮਸੀਹਾ ਦੱਸਿਆ। ਉਨ੍ਹਾਂ ਇਸ ਮੌਕੇ ਪਿੰਡ ਵਿੱਚ ਬਣਨ ਵਾਲ਼ੀ ਵੱਡੀ ਲਾਈਬ੍ਰੇਰੀ, ਡਾ. ਅੰਬੇਡਕਰ ਸਮਾਰਕ, ਗ਼ਲੀਆਂ-ਨਾਲ਼ੀਆਂ, ਧਰਮਸ਼ਾਲਾ, ਸੋਲਰ ਲਾਈਟਾਂ, ਜਿੰਮ ਆਦਿ ਕੰਮਾਂ ਦੇ ਨਿਰਮਾਣ ਲਈ 25 ਲੱਖ ਰੁਪਏ ਦੀ ਗਰਾਂਟ ਦਾ ਐਲਾਨ ਵੀ ਕੀਤਾ। ਵਰਣਨਯੋਗ ਹੈ ਕਿ ਇਸ ਪਿੰਡ ਨੇ ਸਾਖ਼ਰਤਾ ਮਿਸ਼ਨ, ਦਲਿਤ ਅਤੇ ਲੋੜ੍ਹਵੰਦਾਂ ਦੀ ਭਲਾਈ ਲਈ ਅਤੇ ਉਨ੍ਹਾਂ ਦਾ ਜੀਵਨ ਪੱਧਰ ਉੱਚਾ ਚੁੱਕਣ ਲਈ, ਔਰਤਾਂ ਦੇ ਸਵੈ ਰੋਜ਼ਗਾਰ ਲਈ ਅਤੇ ਸਵੱਛ ਭਾਰਤ ਵਿੱਚ ਜਿਲ੍ਹੇ ਵਿੱਚ ਵੱਡਮੁੱਲੀਆਂ ਪ੍ਰਾਪਤੀਆਂ ਕੀਤੀਆਂ। ਇਸ ਮੌਕੇ 'ਤੇ 21 ਵਿਧਵਾ ਅਤੇ ਲੋੜ੍ਹਵੰਦ ਔਰਤਾਂ ਨੂੰ ਸੂਟ ਅਤੇ ਨੌਜਵਾਨਾਂ ਨੂੰ 51 ਗਰਮ ਮਫ਼ਲਰ ਵੀ ਵੰਡੇ ਗਏ। ਇਸ ਮੌਕੇ ਸ੍ਰ: ਦਰਬਜੀਤ ਸਿੰਘ ਪੂੰਨੀਆਂ ਚੇਅਰਮੈਨ ਮਾਰਕੀਟ ਕਮੇਟੀ ਬੰਗਾ, ਸ੍ਰ: ਬਲਦੇਵ ਸਿੰਘ ਮਕਸੂਦਪੁਰ ਵਾਈਸ ਚੇਅਰਮੈਨ ਮਾਰਕੀਟ ਕਮੇਟੀ ਬੰਗਾ, ਮਾਸਟਰ ਰਜਿੰਦਰ ਸ਼ਰਮਾ, ਸਚਿਨ ਘਈ ਐਮ. ਸੀ. ਬੰਗਾ, ਸੋਢੀ ਲਾਲ ਬੰਗਾ, ਹਰੀ ਪਾਲ ਸਾਬਕਾ ਐਮ.ਸੀ., ਸੁਨੀਤਾ ਦੇਵੀ ਸਰਪੰਚ, ਗੁਰਪ੍ਰੀਤ ਕੌਰ ਜੱਸੀ ਪੰਚ, ਜਤਿੰਦਰ ਕੁਮਾਰ ਪੰਚ, ਗੁਰਬਚਨ ਸਿੰਘ ਪੰਚ, ਸੋਢੀ ਲਾਲ ਪੰਚ, ਕਸ਼ਮੀਰ ਕੌਰ ਪੰਚ, ਅਮਰਜੀਤ ਕੌਰ ਜੱਸੀ ਸਾਬਕਾ ਸਰਪੰਚ, ਹੰਸ ਰਾਜ ਨੰਬਰਦਾਰ, ਸੰਤੋਖ ਸਿੰਘ ਜੱਸੀ (ਪੰਜਾਬ ਸਰਕਾਰ ਤੋਂ ਸਨਮਾਨਿਤ ਸਰਪੰਚ) ਪ੍ਰਧਾਨ ਪੰਚਾਇਤ ਯੂਨੀਅਨ ਬਲਾਕ ਬੰਗਾ, ਅਮਰਜੀਤ ਸਾਬਕਾ ਸਰਪੰਚ, ਰਾਜ ਕੁਮਾਰ ਦੀਵਾਨ ਬੈਂਕ ਮੈਨੇਜਰ, ਗੀਤਕਾਰ ਕੁਲਦੀਪ ਬੇਗ਼ਮਪੁਰੀ, ਮਾਸਟਰ ਸੁਦੇਸ਼ ਕੁਮਾਰ ਦੀਵਾਨ, ਜਗਮੋਹਣ ਸਿੰਘ, ਮਲਕੀਤ ਸਿੰਘ, ਧਰਮ ਪਾਲ (ਨਹਿਰੂ), ਕਰਮ ਚੰਦ, ਭਾਈ ਹਰਮੇਸ਼ ਸਿੰਘ, ਸਤਨਾਮ ਸਿੰਘ ਜੱਸੀ, ਦਰਸ਼ਨ ਲਾਲ, ਅਜੇ ਕੁਮਾਰ ਵਰਮਾ, ਗੁਰਮੀਤ ਕੌਰ, ਕਸ਼ਮੀਰ ਕੌਰ, ਗੁਰਮੀਤ ਸਿੰਘ ਜੱਸੀ, ਬਖਸ਼ੋ ਰਾਣੀ, ਅਵਤਾਰ ਰਾਮ ਮਹਿਤੋ, ਰਾਜ ਕੁਮਾਰ, ਰੇਸ਼ਮ ਲਾਲ, ਮੋਹਣ ਸਿੰਘ, ਜਸਵਿੰਦਰ ਸਿੰਘ ਆਦਿ ਹਾਜ਼ਰ ਸਨ।

# ਸਤਿਗੁਰੂ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਉਪਦੇਸ਼ਾਂ ਦੀ ਪਾਲਣਾ ਕਰਨਾ ਆਧੁਨਿਕ ਯੁੱਗ ਦੀ ਲੋੜ- ਸ੍ਰੀ ਅਲੋਕ ਕੁਮਾਰ

ਵਾਰਾਨਸੀ- ਸ੍ਰੀ ਗੁਰੂ ਰਵਿਦਾਸ ਜਨਮ ਸਥਾਨ ਕਾਸ਼ੀ ਵਿਚ ਸਤਿਗੁਰੂ ਸ੍ਰੀ ਗੁਰੂ ਰਵਿਦਾਸ 643ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਗੁਰਮਤਿ ਸਮਾਗਮ ਹੋਇਆ, ਜਿਸ ਵਿਚ ਵੱਖ-ਵੱਖਰਾਗੀ ਜਥਿਆਂ ਅਤੇ ਪ੍ਰਚਾਰਕਾਂ ਨੇ ਗਰੂ ਮਹਾਰਾਜ ਦੀਆਂ ਸਿੱਖਿਆਵਾਂ ਅਤੇ ਇਤਿਹਾਸ ਤੋਂ ਜਾਣੂ ਕਰਵਾਇਆ। ਇਸ ਦੌਰਾਨ ਸ੍ਰੀ ਗੁਰੂ ਰਵਿਦਾਸ ਜਨਮ ਸਥਾਨ ਸੀਰ ਗੋਵਰਧਨ ਕਾਸ਼. ਵਿਚ ਮਹਿਮਾਨ ਸ੍ਰੀ ਅਲੋਕ ਕੁਮਾਰ ਜੀ ਉਪ ਪ੍ਰਧਾਨ ਭਾਰਤੀ ਜਨਤਾ ਪਾਰਟੀ ਅਤੇ ਰਾਜੇਸ਼ ਕੁਮਾਰ ਬਾਗਾ ਅਨੁਸੂਚਿਤ ਜਾਤੀ ਕਮਿਸ਼ਨ (ਪੰਜਾਬ) ਵਿਸ਼ੇਸ਼ ਤੌਰ ਤੇ ਹਾਜ਼ਰ ਸਨ।




ਇਸ ਦੌਰਾਨ ਸੰਤ ਸ੍ਰੀ ਨਿਰੰਜਨ ਦਾਸ ਮਹਾਰਾਜ ਜੀ ਨੇ ਸ੍ਰੀ ਅਲੋਕ ਕੁਮਾਰ ਅਤੇ ਸ੍ਰੀ ਰਾਜੇਸ਼ ਬਾਘਾ ਦਾ ਸਨਮਾਨ ਵੀ ਕੀਤਾ। ਆਪਣੇ ਸੰਬੋਧਨ ਵਿਚ ਸ੍ਰੀ ਅਲੋਕ ਕੁਮਾਰ ਨੇ ਕਿਹਾ ਕਿ ਅੱਜ ਦੁਨੀਆਂ ਵਿਚ ਨਫਰਤ ਦਾ ਬੋਲਬਾਲਾ ਕਾਫੀ ਵੱਧ ਗਿਆ ਹੈ। ਅਜਿਹੇ ਸਮੇਂ ਵਿਚ ਸ੍ਰੀ ਗੁਰੂ ਰਵਿਦਾਸ ਮਹਾਰਾਜ ਦੀਆਂ ਸਿੱਖਿਆਵਾਂ ਨੂੰ ਅਪਣਾਉਂਦੇ ਹੋਏ ਭਾਈਚਾਰੇ ਨੂੰ ਮਜ਼ਬੂਤ ਬਣਾਉਣ ਦੀ ਦਿਸ਼ਾਂ ਵਿਚ ਕੰਮ ਕਰਨ ਦੀ ਲੋੜ ਹੈ ਤਾਂ ਜੋ ਵਿਸ਼ਵ ਵਿਚ ਸ਼ਾਂਤੀ ਦਾ ਪ੍ਰਸਾਰ ਹੋ ਸਕੇ।




# ਸੁਲੇਖ ਜੀ ਦੀ ਸਵੈਜੀਵਨੀ ਲੋਕ ਅਰਪਿਤ

## ਰਸਮ ਮੰਤਰੀ ਚਰਨਜੀਤ ਚੰਨੀ ਜੀ ਅਤੇ ਪ੍ਰਿੰਸੀਪਲ ਸੈਕਟਰੀ ਵੂਦਰੂ ਜੀ ਨੇ ਨਿਭਾਈ- ਭਰਵਾਂ ਸਵਾਗਤ

ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਸਮਾਜਿਕ ਸੈਂਟਰ ਪ੍ਰਬੰਧ ਹੇਠ 5 ਫਰਵਰੀ ਨੂੰ ਕੀਤੇ ਗਏ ਸਮਾਰੋਹ ਵਿਚ ਬਾਬਾ ਸਾਹਿਬ ਅੰਬੇਡਕਰ ਦੇ ਨਿਕਟ ਸੰਪਰਕ ਵਿਚ ਰਹਿ ਚੁੱਕੇ ਸ੍ਰੀ ਕੇ. ਸੀ. ਸੁਲੇਖ ਦੀ ਸਵੈ-ਜੀਵਨੀ 'ਮੇਰਾ ਜੀਵਨ ਸਫਰ-ਅੰਬੇਡਕਰ ਮਿਸ਼ਨ ਦੀ ਰਾਹ 'ਤੇ' ਰਿਲੀਜ਼ (ਲੋਕ ਅਰਪਿਤ) ਕੀਤੀ ਗਈ। ਦੂਰੋਂ ਨੇੜਿਉਂ ਆਏ ਕਾਲਜ ਪ੍ਰੋਫੈਸਰਾਂ, ਸਟੂਡੈਂਟਸ ਅਤੇ ਸਮਾਜਿਕ ਬੁੱਧੀਜੀਵੀਆਂ ਦੀ ਭਾਰੀ ਹਾਜ਼ਰੀ ਵਿਚ ਪੰਜਾਬ ਦੇ ਮੰਤਰੀ ਚਰਨਜੀਤ ਚੰਨੀ ਅਤੇ ਹਰਿਆਣਾ ਸਰਕਾਰ ਦੇ ਪ੍ਰਿੰਸੀਪਲ ਸੈਕਟਰੀ ਰਾਜ ਸ਼ੇਖਰ ਵੂੰਦਰੂ ਦੁਆਰਾ ਰਿਲੀਜ਼ ਕੀਤੀ ਗਈ। ਸੈਂਟਰ ਦੇ ਡਾਇਰੈਕਟਰ੍ਹ ਪ੍ਰੋ. ਅਮੈਨੂਅਲ ਨਾਹਰ ਨੇ ਆਪਣੇ ਉਦਘਾਟਨੀ ਸਪੀਚ ਵਿਚ ਕਿਤਾਬ ਦੇ ਮੁੱਖ ਹਿੱਸਿਆਂ ਦੀ ਵਿਸਥਾਰ ਪੂਰਵਕ ਚਰਚਾ ਕਰਦੇ ਹੋਏ ਸੁਲੇਖ ਜੀ ਬਾਰੇ ਕਿਹਾ ਕਿ ਉਹ ਆਪਣੇ ਲੇਖਾਂ ਦੇ ਆਧਾਰ 'ਤੇ ਉਘੇ ਲੇਖਕ ਅਤੇ ਸਾਹਿਤਕਾਰ ਹੀ ਨਹੀਂ ਬਲਕਿ ਵਿਚਾਰਧਾਰਾ ਦੇ ਨਜ਼ਰੀਏ ਤੋਂ ਖੁਦ ਇਕ ਇੰਸਟੀਚਿਊਸ਼ਨ (ਸੰਸਥਾ) ਹਨ। ਪ੍ਰੋ. ਰੌਣਕੀ ਰਾਮ (ਡੀਨ ਫੈਕਲਟੀ ਆਫ ਆਰਟਸ) ਨੇ ਆਪਣੇ ਸੰਬੋਧਨ ਵਿਚ ਸੁਲੇਖ ਜੀ ਨਾਲ ਇਕ ਲੰਮੀ ਸਹਿਯੋਗਤਾ ਦੀ ਯਾਦ ਦਿਵਾਉਂਦੇ ਹੋਏ ਕਿਹਾ ਕਿ ਸੁਲੇਖ ਜੀ ਬਾਬਾ ਸਾਹਿਬ ਦੇ ਮਿਸ਼ਨ ਨੂੰ ਸਮਰਪਿਤ ਲੇਖਕ ਅਤੇ ਸੰਘਰਸ਼ਸ਼ੀਲ ਜੁਝਾਰੂ ਵਿਅਕਤੀ ਰਹੇ ਹਨ, ਜਿਹਨਾਂ ਨੇ ਸ਼ੁਰੂਆਤੀ ਦੌਰ ਵਿਚ ਸੇਠ ਕਿਸ਼ਨ ਦਾਸ ਨਾਲ ਜੁੜ ਕੇ ਪੰਜਾਬ ਸ਼ੈਡੂਲਡ ਕਾਸਟਸ ਫੈਡਰੇਬਨ ਦੇ ਜਨਰਲ ਸੈਕ-ਟਰੀ ਅਤੇ ਪੰਜਾਬ ਵਿਚ ਇਕ ਮੋਹਰੀ ਉਰਦੂ ਹਫਤਾਵਾਰੀ 'ਉਜਾਲਾ' ਦੇ ਸੰਪਾਦਕ ਦੇ ਰੂਪ ਵਿਚ ਭੂਮਿਕਾ ਨਿਭਾਈ ਅਤੇ




ਬਾਬਾ ਸਾਹਿਬ ਦੀਆਂ ਅਕਤੂਬਰ 1951 ਵਿਚ ਜਲੰਧਰ, ਲੁਧਿਆਣਾ ਅਤੇ ਪਟਿਆਲਾ ਵਿਖੇ ਹੋਈਆਂ ਕਾਨਫਰੰਸਾਂ ਸਮੇਂ ਉਹਨਾਂ ਦੇ ਅੰਗ ਸੰਗ ਰਹਿ ਕੇ ਉਹਨਾਂ ਦੇ ਪੰਜਾਬ ਦੌਰੇ ਨੂੰ ਸਫਲ ਬਣਾਇਆ।

ਪੰਜਾਬ ਵਿਚ ਵੱਖ-ਵੱਖ ਸਮਿਆਂ ਵਿਚ ਦਲਿਤ ਸਮਾਜ ਦੀ ਸਮਾਜਿਕ ਦਸ਼ਾ ਕੀ ਸੀ, ਉਸ ਬਾਰੇ ਕਿਤਾਬ ਵਿਚ ਭਰਪੂਰ ਚਾਨਣਾ ਪਾਇਆ ਗਿਆ ਹੈ। ਸਮਾਰੋਹ ਦੇ ਵਿਸ਼ੇਸ਼ ਮਹਿਮਾਨ ਰਾਜਸ਼ੇਖਰ ਵੂੰਦਰੂ ਜੀ ਨੇ ਸੁਲੇਖ ਜੀ ਦੀਆਂ ਲਿਖੀਆਂ ਅਤੇ ਛਪਵਾਈਆਂ ਰਚਨਾਵਾਂ ਦਾ ਹਵਾਲਾ ਦਿੰਦੇ ਹੋਏ ਕਿਹਾ ਕਿ ਇਹਨਾਂ ਰਚਨਾਵਾਂ ਤੋਂ ਬਾਬਾ ਸਾਹਿਬ ਦੇ ਵਿਚਾਰਾਂ ਅਤੇ ਮਿਸ਼ਨ ਬਾਰੇ ਭਰਪੂਰ ਜਾਣਕਾਰੀ ਤੋਂ ਇਲਾਵਾ ਕੁਝ ਕਰਨ ਦੀ ਵੀ ਪ੍ਰੇਰਨਾ ਮਿਲਦੀ ਹੈ। ਸੁਲੇਖ ਜੀ ਨੇ ਆਪਣੇ ਭਾਸ਼ਣ ਵਿਚ ਸਮਾਗਮ ਵਿਚ ਸ਼ਾਮਲ ਹੋਣ ਵਾਲੇ ਦੋਸਤਾਂ ਅਤੇ ਸਹਿਯੋਗੀਆਂ ਦਾ ਸ਼ੁਕਰੀਆ ਕਰਦੇ ਹੋਏ ਮਹਾਂਪੁਰਸ਼ਾਂ ਦੀਆਂ ਸਵੈ-ਜੀਵਨੀਆਂ ਦੀ ਮਹੱਤਤਾ ਬਾਰੇ ਚਾਨਣਾ ਪਾਇਆ ਕਿ ਸਵੈਜੀਵਨੀਆਂ ਦੂਜੇ ਸ਼ਬਦਾਂ ਵਿਚ ਆਪਣੇ ਸਮੇਂ ਦੇ ਮੁਤਾਬਕ ਬੜੇ ਇਤਿਹਾਸ ਦਾ ਇਕ ਛੋਟਾ ਰੂਪ ਹੁੰਦੀਆਂ ਹਨ। ਜਿਹਨਾਂ ਵਚੋਂ ਸਮਾਜ ਨੂੰ ਬਹੁਤ ਅੱਛਾ ਲਾਭਕਾਰੀ ਸਬਕ ਸਿੱਖਣ ਨੂੰ ਮਿਲ ਸਕਦਾ ਹੈ। ਅਤੀਤ ਵਿਚ ਕੀਤੀਆਂ ਗਲਤੀਆਂ ਭੁੱਲਾਂ, ਕਮਜ਼ੋਰੀਆਂ ਨੂੰ ਸੁਧਾਰਨ ਅਤੇ ਨਵੀਆਂ ਉਮੀਦਾਂ ਲਈ ਨਵਾਂ ਉਤਸ਼ਾਹ ਜਗਾਉਣ ਲਈ ਮਦਦ ਮਿਲ ਸਕਦੀ ਹੈ। ਸੰਖੇਪ ਵਿਚ ਬਾਬਾ ਸਾਹਿਬ ਨਾਲ ਹੋਈਆਂ ਮੁਲਾਕਾਤਾਂ ਦੀ ਵੀ ਚਰਚਾ ਕੀਤੀ। ਪੰਜਾਬ ਦੇ ਮੰਤਰੀ ਸ੍ਰੀ ਚਰਨਜੀਤ ਚੰਨੀ ਨੇ ਸੁਲੇਖ ਜੀ ਦੇ ਸਮਾਜ ਪ੍ਰਤੀ ਦਿੱਤੇ ਸਾਹਿਤਕ ਯੋਗਦਾਨ ਬਾਰੇ ਬੋਲਦਿਆਂ ਕਿਹਾ ਕਿ ਉਹਨਾਂ ਤੋਂ ਬਾਬਾ ਸਾਹਿਬ ਦੇ ਜੀਵਨ ਅਤੇ ਮਿਸ਼ਨ ਬਾਰੇ ਬਹੁਤ ਲਾਹੇਵੰਦ ਜਾਣਕਾਰੀ ਉਹਨਾਂ ਦੀ ਲਿਖੀ ਆਤਮ ਕਥਾ ਤੋਂ ਮਿਲ ਸਕਦੀ ਹੈ ਜੋ ਹਰ ਇਕ ਨੂੰ ਪੜ੍ਹਨੀ ਚਾਹੀਦੀ ਹੈ। ਸਮਾਗਮ ਦਾ ਸਟੇਜ ਸੰਚਾਲਨ ਡਾ. ਕੰਚਨ ਨੇ ਕੀਤਾ।

ਸਮਾਰੋਹ ਵਿਚ ਸ਼ਾਮਲ ਹੋਣ ਵਾਲੇ ਹੋਰਨਾਂ ਤੋਂ ਇਲਾਵਾ ਮੁੱਖ ਵਿਅਕਤੀ ਸਨ ਐਸ. ਆਰ. ਲੱਧੜ (ਰਿਟਾ. ਆਈ. ਏ. ਐਸ.), ਫੂਲੇ ਅੰਬੇਡਕਰ ਮੁਹਿੰਮ ਦੇ ਸੰਸਥਾਪਕ ਤੇਜਿੰਦਰ ਸਿੰਘ ਝੱਲੀ, ਅੰਬੇਡਕਰ ਭਵਨ ਜਲੰਧਰ ਦੇ ਵਾਈਸ ਚੇਅਰਮੈਨ ਡਾ. ਰਾਮ ਲਾਲ ਜੱਸੀ, ਸੰਪਾਦਕ 'ਹਾਸ਼ੀਆ', ਡਾ. ਗੁਰਮੀਤ ਕੱਲਰ ਮਾਜਰੀ, ਲੇਖਕ ਫਤਿਹ ਜੰਠਾ ਸਿੰਘ, ਗੁਰੂ ਰਵਿਦਾਸ ਸਭਾ ਸੈਕਟਰ 30 ਦੇ ਪ੍ਰਧਾਨ ਓ. ਪੀ. ਚੋਪੜਾ, ਰਿਟਾ. ਚੀਫ ਪੋਸਟ ਮਾਸਟਰ ਜਨਰਲ, ਪ੍ਰਿਥਵੀ ਰਾਜ ਕੁਮਾਰ, ਅੰਬੇਡਕਰ ਊਰਜਾ ਭਵਨ ਪਟਿਆਲਾ ਦੇ ਪ੍ਰਧਾਨ ਐਫ. ਸੀ. ਜੱਸਲ, ਅੰਬੇਡਕਰ ਐਸ. ਸੀ. ਐਸੋਸੀਏਸ਼ਨ ਦੇ ਗੁਰਦੀਪ ਸਿੰਘ ਅਤੇ ਬਾਲਿੰਦਰ।

# ਸ੍ਰੀ ਗੁਰੂ ਰਵਿਦਾਸ ਜੀ ਦੇ ਪ੍ਰਕਾਸ਼ ਪੁਰਬ ਅਤੇ ਨਗਰ ਕੀਰਤਨ ਮੌਕੇ ਹਜ਼ਾਰਾਂ ਸੰਗਤਾਂ ਹੋਈਆਂ ਨਤਮਸਤਕ

ਸ੍ਰੀ ਗੁਰੂ ਰਵਿਦਾਸ ਜੀ ਦਾ ਪ੍ਰਕਾਸ਼ ਦਿਹਾੜਾ ਅਤੇ ਭੋਗਪੁਰ ਦਾ ਬਲਾਕ ਪੱਧਰੀ ਨਗਰ ਕੀਰਤਨ ਪਿੰਡ ਬਿਨਪਾਲਕੇ ਦੀ ਅਗਵਾਈ ਵਿਚ ਬੜੀ ਹੀ ਸ਼ਰਧਾ ਅਤੇ ਸਤਿਕਾਰ ਸਹਿਤ ਮਨਾਇਆ ਗਿਆ। ਸ੍ਰੀ ਗੁਰੂ ਰਵਿਦਾਸ ਮਿਸ਼ਨ ਪ੍ਰਚਾਰ ਸੰਸਥਾਂ ਬਿਨਪਾਲਕੇ ਦੀ ਫੁੱਲਾਂ ਨਾਲ ਸਜਾਈ ਸੁੰਦਰ ਬਸ ਪਾਲਕੀ ਸਾਹਿਬ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਸ਼ਸ਼ੋਭਿਤ ਕਰਕੇ ਨਗਰ ਕੀਰਤਨ ਪੰਜ ਪਿਆਰਿਆਂ ਦੀ ਅਗਵਾਈ ਵਿਚ ਸਵੇਰੇ 10 ਵਜੇ ਰਵਾਨਾ ਹੋਇਆ। ਪਿੰਡ ਬਿਨਪਾਲਕੇ ਦੀ ਪਰਰਮਾ ਕਰਕੇ ਨਗਰ ਕੀਰਤਨ ਸ੍ਰੀ ਗੁਰੂ ਰਵਿਦਾਸ ਨਗਰ ਭੋਗਪੁਰ, ਪਿੰਡ ਮੋਗਾ, ਨਵੀਂ ਆਬਾਦੀ, ਪੁਰਾਣੀ ਆਬਾਦੀ, ਡੱਲੀ, ਸੱਧਾ-ਚੱਕ, ਘੋੜਾਵਾਹੀ, ਕਿੰਗਰਾ, ਲੁਹਾਰਾਂ, ਚੱਕ-ਝੰਡੂ, ਲਾਹਦੜਾ, ਨੰਗਲ ਅਰਾਈਆਂ ਤੋਂ ਹੁੰਦਾ ਹੋਇਆਂ ਬਿਨਪਾਲਕੇ ਵਿਖੇ ਸੰਪੰਨ ਹੋਇਆ।ਹਜ਼ਾਰਾਂ ਸੰਗਤਾਂ ਦੇ ਇਕੱਠ ਨੇ ਬੜੀ ਹੀ ਸ਼ਰਧਾ ਅਤੇ ਉਤਸ਼ਾਹ ਨਾਲ ਸਤਿਗੁਰੂ ਜੀ ਨੂੰ ਜੀ ਆਇਆ ਕਿਹਾ।ਸਾਰੇ ਪਿੰਡਾਂ ਦੇ ਨਿਵਾਸੀਆਂ ਨੇ ਸੰਗਤਾਂ ਦੀ ਵੱਖ-ਵੱਖ ਪ੍ਰਕਾਰ ਦੇ ਲੰਗਰਾਂ ਨਾਲ ਸੇਵਾ ਕੀਤੀ।



ਪਿੰਡ ਡੱਲੀ ਵਿਖੇ ਮੁੱਖ ਵਿਸ਼ਰਾਮ ਦੌਰਾਨ ਪਿੰਡ ਨਿਵਾਸੀਆਂ ਨੇ ਸਾਰੀਆਂ ਸੰਗਤਾਂ ਨੂੰ ਗੁਰੂ ਕੇ ਲੰਗਰ ਛਕਾਏ।ਗੁਰੂ ਰਵਿਦਾਸ ਬਾਣੀ ਦਾ ਮਨੋਹਰ ਕੀਰਤਨ ਭਾਈ ਦਿਲਬਾਗ ਸਿੰਘ ਜੀ ਅਤੇ ਉਨ੍ਹਾਂ ਦੇ ਜਥੇ ਨੇ ਕੀਤਾ। ਸਟੇਜ ਸਕੱਤਰ ਦੀ ਭੂਮਿਕਾ ਚਰਨਜੀਤ ਸਿੰਘ ਬਿਨਪਾਲਕੇ ਨੇ ਨਿਭਾਈ। ਪ੍ਰਕਾਸ਼ ਪੁਰਬ ਦੇ ਸਮਾਗਮ ਪਿੰਡ ਬਿਨਪਾਲਕੇ ਨਿਵਾਸੀਆਂ ਵਲੋਂ ਬੜੇ ਹੀ ਉਤਸ਼ਾਹ ਨਾਲ ਮਨਾਏ ਗਏ। ਅਖੰਡ ਪਾਠ ਦੇ ਭੋਗ ਉਪਰੰਤ ਢਾਡੀ ਤਰਸੇਮ ਸਿੰਘ ਡੀਗਰੀਆਂ ਵਾਲਿਆਂ ਨੇ ਸੁਤਿਗੁਰੂ ਜੀ ਦੇ ਜੀਵਨ ਇਤਹਾਸ ਤੋਂ ਜਾਣੂ ਕਰਾਇਆ। ਮਨਜੀਤ ਰੂਬੀ ਦੇ ਰਾਗੀ ਜਥੇ ਨੇ ਗੁਰੂ ਰਵਿਦਾਸ ਜੀ ਦੀ ਮਹਿਮਾਂ ਦਾ ਗੁਣ-ਗਾਣ ਕੀਤਾ।ਰਾਤਰੀ ਦੀਵਨਾ ਵਿਚ ਭਾਈ ਪ੍ਰਭਜੀਤ ਸਿੰਘ ਪੰਡੋਰੀ ਨਿਝਰਾਂ ਵਾਲਿਆਂ ਨੇ ਸਤਿਗੁਰੂ ਰਵਿਦਾਸ ਜੀ ਦੀ ਬਾਣੀ ਦੇ ਸ਼ਬਦ ਸਰਵਣ ਕਰਾਏ। ਪ੍ਰਬੰਧਕਾਂ ਵਿਚ ਸਰਵ ਸ੍ਰੀ ਜੋਗਿੰਦਰ ਰਾਮ, ਮਹਿੰਗਾ ਰਾਮ, ਜਗਨਨਾਥ, ਰਾਮ ਲਾਲ, ਸੁੱਚਾ ਸਿੰਘ, ਬਖਸ਼ੀ ਰਾਮ, ਜਸਵਿੰਦਰ ਕੁਮਾਰ, ਮਨਜੀਤ ਸਿੰਘ, ਕਮਲਜੀਤ, ਜਸਵੀਰ ਸਿੰਘ, ਰਣਜੀਤ ਸਿੰਘ, ਰਾਜ ਕੁਮਾਰ, ਅਮਰੀਕ ਸਿੰਘ ਅਤੇ ਹੋਰ ਮੈਂਬਰ ਹਾਜ਼ਰ ਸਨ।ਸਰਕਾਰੀ ਅਦਾਰਿਆਂ ਵਿਚ ਪਿੰਡ ਦੀਆਂ ਤਰੱਕੀ ਪ੍ਰਾਪਤ ਸ਼ਖਸ਼ੀਅਤਾਂ ਅਤੇ ਹੋਰ ਪ੍ਰਮੁੱਖ ਸ਼ਖਸ਼ੀਅਤਾਂ ਨੂੰ ਸਿਰੋਪਾਉ ਦੇ ਕੇ ਸਨਮਾਨਿਤ ਕੀਤਾ ਗਿਆ। ਸਮਾਗਮ ਦੇ ਅੰਤ ਵਿਚ ਆਈਆਂ ਸਰਬੱਤ ਸੰਗਤਾਂ, ਸੇਵਾਦਾਰਾ, ਅਤੇ ਪ੍ਰਬੰਧਕਾਂ ਦਾ ਧੰਨਵਾਦ ਚਰਨਜੀਤ ਸਿੰਘ ਬਿਨਪਾਲਕੇ ਨੇ ਕੀਤਾ। **- ਚਰਨਜੀਤ ਸਿੰਘ ਬਿਨਪਾਲਕੇ: 98148-39944**

# ਐੱਸ. ਡੀ. ਕਾਲਜ ਵਿੱਦਿਅਕ ਸੰਸਥਾਵਾਂ ਦੀਆਂ ਸਾਲਾਨਾ ਖੇਡਾਂ ਸ਼ੁਰੂ

**ਬਰਨਾਲਾ (ਅੰਮ੍ਰਿਤਪਾਲ ਦੂੱਗ)-** ਐੱਸ. ਡੀ. ਕਾਲਜ ਵਿੱਦਿਅਕ ਸੰਸਥਾਵਾਂ ਦੀਆਂ ਤਿੰਨ ਰੋਜ਼ਾ 60ਵੀਆਂ ਸਾਲਾਨਾ ਖੇਡਾਂ ਧੂਮਧਾਮ ਨਾਲ ਸ਼ੁਰੂ ਹੋ ਗਈਆਂ ਹਨ। ਸ੍ਰੀ ਅਨਮੋਲ ਸਿੰਘ ਧਾਲੀਵਾਲ, ਐਸਡੀਐਮ ਬਰਨਾਲਾ ਬਤੌਰ ਮੁੱਖ ਮਹਿਮਾਨ ਸ਼ਾਮਿਲ ਹੋਏ। ਉਹਨਾਂ ਨੇ ਇਹਨਾਂ ਖੇਡਾਂ ਵਿੱਚ ਹਿੱਸਾ ਲੈਣ ਵਾਲੇ ਐੱਸ. ਡੀ. ਪੋਸਟ ਗ੍ਰੈਜੂਏਟ ਕਾਲਜ, ਐੱਸ.ਡੀ. ਕਾਲਜ ਆਫ਼ ਐਜੂਕੇਸ਼ਨ, ਐੱਸ.ਡੀ. ਕਾਲਜ ਆਫ਼ ਫਾਰਮੇਸੀ, ਐੱਸ. ਡੀ. ਕਾਲਜ ਆਫ਼ ਡੀ. ਫਾਰਮੇਸੀ ਅਤੇ ਡਾ. ਰਘੂਬੀਰ ਪ੍ਰਕਾਸ਼ ਐੱਸ. ਡੀ. ਸੀਨੀ. ਸੈਕ-ਡਰੀ ਸਕੂਲ ਦੇ ਵਿਦਿਆਰਥੀਆਂ ਅਤੇ ਖਿਡਾਰੀਆਂ ਤੋਂ ਸ਼ਾਨਦਾਰ ਮਾਰਚ ਪਾਸਟ ਦੀ ਸਲਾਮੀ ਲੈਂਦੇ ਹੋਏ ਖੇਡਾਂ ਦਾ ਰਸਮੀ ਉਦਘਾਟਨ ਕੀਤਾ। ਮਾਰਚ ਪਾਸਟ ਦੀ ਅਗਵਾਈ ਯੂਨੀਵਰਸਿਟੀ ਅਤੇ ਰਾਸ਼ਟਰੀ ਪੱਧਰ 'ਤੇ ਖੇਡਾਂ ਵਿੱਚ ਪ੍ਰਾਪਤੀਆਂ ਕਰਨ ਵਾਲੇ ਖਿਡਾਰੀ ਕਰ ਰਹੇ ਸਨ। ਖਿਡਾਰੀਆਂ ਨੂੰ ਸੰਬੋਧਨ ਕਰਦਿਆਂ ਉਹਨਾਂ ਕਿਹਾ ਕਿ ਜਿੱਤ ਹਾਰ ਖੇਡ ਦਾ ਹਿੱਸਾ ਹਨ ਅਤੇ ਸਾਨੂੰ ਹਾਰ ਤੋਂ ਘਬਰਾਉਣ ਦੀ ਜਗ੍ਹਾ ਇਸ ਨੂੰ





ਬਰਦਾਸ਼ਤ ਕਰਨਾ ਵੀ ਸਿੱਖਣਾ ਚਾਹੀਦਾ ਹੈ। ਉਹਨਾਂ ਵਿਦਿਆਰਥੀਆਂ ਨੂੰ ਨਸ਼ਿਆਂ ਵਰਗੀ ਅਲਾਮਤ ਤੋਂ ਬਚਣ ਦੀ ਤਾਕੀਦ ਕੀਤੀ। ਉਹਨਾਂ ਖੇਡਾਂ ਦੇ ਖੇਤਰ ਵਿਚ ਵੱਡੀਆਂ ਮੱਲਾਂ ਮਾਰਨ 'ਤੇ ਸੰਸਥਾ ਨੂੰ ਵਧਾਈ ਦਿੱਤੀ। ਸੰਸਥਾ ਦੇ ਜਨਰਲ ਸਕੱਤਰ ਸ੍ਰੀ ਜਤਿੰਦਰ ਨਾਥ ਸ਼ਰਮਾ ਨੇ ਮੁੱਖ ਮਹਿਮਾਨ ਦਾ ਸਵਾਗਤ ਕਰਦਿਆਂ ਕਿਹਾ ਕਿ ਇਹ ਸੰਸਥਾ ਸ਼ੁਰੂ ਤੋਂ ਹੀ ਮਿਆਰੀ ਸਿੱਖਿਆ ਪ੍ਰਦਾਨ ਕਰਨ ਦੇ ਨਾਲ-ਨਾਲ ਖੇਡਾਂ ਅਤੇ ਹੋਰ ਸਹਿ-ਵਿੱਦਿਅਕ ਗਤੀਵਿਧੀਆਂ ਵਿਦਿਆਰਥੀਆਂ ਅੰਦਰ ਉਤਪੰਨ ਕਰਨ ਲਈ ਯਤਨਸ਼ੀਲ ਰਹੀ। ਰਸਮੀ ਮਾਰਚ ਪਾਸਟ ਤੋਂ ਬਾਅਦ ਵਿਦਿਆਰਥਣਾਂ ਦੁਆਰਾ ਗਿੱਧੇ ਦੀ ਪੇਸ਼ਕਾਰੀ ਕੀਤੀ ਗਈ। ਇਸ ਮੌਕੇ ਫ਼ਾਰਮੇਸੀ ਦੇ ਵਿਦਿਆਰਥੀਆਂ ਨੇ ਐਰੋਬਿਕਸ ਦਾ ਮੁਜ਼ਾਹਰਾ ਕੀਤਾ। ਉਦਘਾਟਨੀ ਸਮਾਰੋਹ ਵਿਚ ਹੋਰਨਾਂ ਤੋਂ ਇਲਾਵਾ ਸੰਸਥਾ ਦੇ ਪ੍ਰਧਾਨ ਡਾ. ਅਨੀਸ਼ ਪ੍ਰਕਾਸ਼, ਉਪ ਪ੍ਰਧਾਨ ਸ੍ਰੀ ਨਰੇਸ਼ ਸਿੰਗਲਾ, ਜਨਰਲ ਸਕੱਤਰ ਸ੍ਰੀ ਜਤਿੰਦਰ ਨਾਥ ਸ਼ਰਮਾ, ਡਾਇਰੈਕਟਰ ਸ੍ਰੀ ਹਰਦਿਆਲ ਸਿੰਘ ਅੱਤਰੀ, ਪ੍ਰਿੰਸੀਪਲ ਡਾ. ਰਮਾ ਸ਼ਰਮਾ, ਪ੍ਰਿੰਸੀਪਲ ਡਾ. ਤਪਨ ਕੁਮਾਰ ਸਾਹੂ, ਪ੍ਰਿੰਸੀਪਲ ਡਾ. ਵਿਜੈ ਕੁਮਾਰ ਬਾਂਸਲ, ਪ੍ਰਿੰਸੀਪਲ ਸ੍ਰੀ.ਕਸ਼ਮੀਰ ਸਿੰਘ, ਪ੍ਰਿੰਸੀਪਲ ਸ੍ਰੀ ਰਾਕੇਸ਼ ਗਰਗ, ਸਮੁੱਚਾ ਟੀਚਿੰਗ ਅਤੇ ਨਾਨ-ਟੀਚਿੰਗ ਸਟਾਫ਼ ਹਾਜ਼ਰ ਸੀ। ਚੀਫ਼ ਕੋਆਰਡੀਨੇਟਰ ਡਾ. ਰਮਾ ਸ਼ਰਮਾ ਨੇ ਧੰਨਵਾਦੀ ਸ਼ਬਦ ਕਹੇ। ਇਹ ਖੇਡ ਮੁਕਾਬਲੇ ਸਰੀਰਕ ਸਿੱਖਿਆ ਅਧਿਆਪਕਾਂ ਡਾ. ਬਹਾਦਰ ਸਿੰਘ ਸੰਧੂ, ਪ੍ਰੋ. ਬਲਵਿੰਦਰ ਕੁਮਾਰ ਬਿੱਟੂ, ਪ੍ਰੋ. ਜਸਵਿੰਦਰ ਕੌਰ ਅਤੇ ਲੈਕ. ਅਮਨਦੀਪ ਕੌਰ ਦੀ ਅਗਵਾਈ ਵਿਚ ਕਰਵਾਏ ਜਾ ਰਹੇ ਹਨ। ਮੰਚ ਸੰਚਾਲਨ ਦੇ ਫਰਜ਼ ਪ੍ਰੋ. ਰੀਤੂ ਅੱਗਰਵਾਲ ਨੇ ਬਾਖ਼ੂਬੀ ਨਿਭਾਏ।

## ਪਹਿਲਵਾਨ ਸੁਨੀਲ ਨੇ 27 ਸਾਲਾਂ ਬਾਅਦ ਗ੍ਰੀਕ ਰੋਮਨ 'ਚ ਰਚਿਆ ਇਤਿਹਾਸ

**ਨਵੀਂ ਦਿੱਲੀ (ਬਿਊਰੋ)-** ਭਾਰਤ ਦਾ ਇੱਥੇ ਕੇਡੀ ਜਾਧਵ ਸਟੇਡੀਅਮ ਵਿਚ ਏਸ਼ੀਅਨ ਕੁਸ਼ਤੀ ਚੈਂਪੀਅਨਸ਼ਿਪ ਵਿਚ ਆਗਾਜ਼ ਸ਼ਾਨਦਾਰ ਤਰੀਕੇ ਨਾਲ ਹੋਇਆ ਜਦ 27 ਸਾਲ ਤੋਂ ਬਾਅਦ ਦੇਸ਼ ਨੂੰ ਗ੍ਰੀਕੋ ਰੋਮਨ 'ਚ ਗੋਲਡ ਮੈਡਲ ਮਿਲਿਆ। ਗ੍ਰੀਕੋ ਰੋਮਨ ਵਿਚ ਭਾਰਤ ਦਾ ਪ੍ਰਦਰਸ਼ਨ ਹਰ ਟੂਰਨਾਮੈਂਟ ਵਿਚ ਖ਼ਰਾਬ ਹੀ ਰਿਹਾ ਹੈ ਪਰ ਮੰਗਲਵਾਰ ਨੂੰ ਸੁਨੀਲ ਕੁਮਾਰ ਨੇ ਇਸ ਨੂੰ ਬਦਲਦੇ ਹੋਏ ਗੋਲਡ ਮੈਡਲ 'ਤੇ ਕਬਜ਼ਾ ਕਰ ਲਿਆ। ਉਨ੍ਹਾਂ ਨੇ 87 ਕਿਲੋਗ੍ਰਾਮ ਦੇ ਫਾਈਨਲ ਵਿਚ ਕਿਰਗਿਸਤਾਨ ਦੇ ਸਾਲਿਦਿਨੋਵ ਨੂੰ ਇਕਤਰਫ਼ਾ ਅੰਦਾਜ਼ ਵਿਚ 5-0 ਨਾਲ ਹਰਾਇਆ। ਸੁਨੀਲ ਪਿਛਲੇ ਸਾਲ ਵੀ



ਇਸ ਚੈਂਪੀਅਨਸ਼ਿਪ ਦੇ ਫਾਈਨਲ ਵਿਚ ਪੁੱਜੇ ਸਨ ਪਰ ਉਨ੍ਹਾਂ ਨੂੰ ਸਿਲਵਰ ਮੈਡਲ ਨਾਲ ਸਬਰ ਕਰਨਾ ਪਿਆ ਸੀ। ਇਸ ਤੋਂ ਪਹਿਲਾਂ ਗ੍ਰੀਕੋ ਰੋਮਨ ਵਿਚ 1993 ਵਿਚ ਭਾਰਤੀ ਭਲਵਾਨ ਪੱਪੂ ਯਾਦਵ ਨੇ ਗੋਲਡ ਮੈਡਲ ਜਿੱਤਿਆ ਸੀ। ਇਸ ਤੋਂ ਪਹਿਲਾਂ ਭਾਰਤ ਦੇ ਅਰਜੁਨ ਹਾਲਾਕੁਰਕੀ ਨੇ ਕਾਂਸੇ ਦਾ ਮੈਡਲ ਜਿੱਤਿਆ। ਇਹ ਉਨ੍ਹਾਂ ਦਾ ਸੀਨੀਅਰ ਅੰਤਰਰਾਸ਼ਟਰੀ ਟੂਰਨਾਮੈਂਟ ਵਿਚ ਪਹਿਲਾ ਮੈਡਲ ਹੈ। ਉਥੇ ਹੋਰ ਭਾਰਤੀ ਭਲਵਾਨ ਮੇਹਰ ਸਿੰਘ ਨੂੰ ਆਖ਼ਰੀ ਚਾਰ ਦੇ ਮੁਕਾਬਲੇ ਵਿਚ ਹਾਰ ਦਾ ਸਾਹਮਣਾ ਕਰਨਾ ਪਿਆ। ਉਨ੍ਹਾਂ ਨੂੰ ਕੋਰੀਆ ਦੇ ਮਿੰਗਸੇਓਕ ਕਿਮ ਨੇ 9-1 ਨਾਲ ਹਰਾਇਆ।

## ਕੋਰੋਨਾ ਵਾਇਰਸ ਨਾਲ ਵੂਹਾਨ ਹਸਪਤਾਲ ਦੇ ਡਾਇਰੈਕਟਰ ਦੀ ਮੌਤ

**ਬੀਜਿੰਗ-** ਚੀਨ ਵਿਚ ਫੈਲੀ ਮਹਾਮਾਰੀ ਦੇ ਕੇਂਦਰ ਵੂਹਾਨ ਸਥਿਤ ਇਕ ਹਸਪਤਾਲ ਦੇ ਡਾਇਰੈਕਟਰ ਦੀ ਮੰਗਲਵਾਰ ਨੂੰ ਕੋਰੋਨਾ ਵਾਇਰਸ ਨਾਲ ਮੌਤ ਹੋ ਗਈ। ਚੀਨ ਦੇ ਸਰਕਾਰੀ ਮੀਡੀਆ ਸੀਸੀਟੀਵੀ ਨੇ ਇਹ ਜਾਣਕਾਰੀ ਦਿੱਤੀ। ਖ਼ਬਰ ਅਨੁਸਾਰ, ਵੁਚਾਂਗ ਹਸਪਤਾਲ ਦੇ ਡਾਇਰੈਕਟਰ ਲਿਓ ਝਿਮਿੰਗ ਦੀ ਜਾਨ ਬਚਾਉਣ ਦੇ ਸਾਰੇ ਯਤਨ ਅਸਫਲ ਹੋ ਗਏ ਅਤੇ ਉਨ੍ਹਾਂ ਦੀ ਮੌਤ ਹੋ ਗਈ। ਲਿਓ ਤੋਂ ਪਹਿਲੇ ਕੋਰੋਨਾ ਵਾਇਰਸ ਕਾਰਨ ਹਸਪਤਾਲ ਦੇ ਡਾਇਰੈਕਟਰ ਪੱਧਰ ਦੇ ਕਿਸੇ ਵਿਅਕਤੀ ਦੇ ਮਰਨ ਦੀ ਖ਼ਬਰ ਨਹੀਂ ਆਈ ਸੀ। ਉਧਰ, ਕੋਰੋਨਾ ਵਾਇਰਸ ਨਾਲ ਚੀਨ ਵਿਚ ਮਰਨ ਵਾਲਿਆਂ ਦੀ ਗਿਣਤੀ 1,868 ਹੋ ਗਈ ਹੈ ਜਦਕਿ ਇਸ ਤੋਂ ਪ੍ਰਭਾਵਿਤ ਹੋਣ ਵਾਲਿਆਂ ਦੀ ਕੁਲ ਗਿਣਤੀ 72,436 ਹੋ ਗਈ ਹੈ। ਲਿਓ ਦੀ ਮੌਤ ਦੀ ਖ਼ਬਰ ਸਭ ਤੋਂ ਪਹਿਲੇ ਚੀਨੀ ਮੀਡੀਆ ਅਤੇ ਬਲਾਗਰਾਂ ਨੇ ਮੰਗਲਵਾਰ ਅੱਧੀ ਰਾਤ ਪਿੱਛੋਂ ਦਿੱਤੀ ਸੀ ਪ੍ਰੰਤੂ ਫਿਰ ਇਸ ਖ਼ਬਰ ਨੂੰ ਹਟਾ ਲਿਆ ਗਿਆ ਸੀ। ਤਦ ਦੱਸਿਆ ਜਾ ਰਿਹਾ ਸੀ ਕਿ ਡਾਕਟਰ ਬਿਮਾਰ ਲਿਓ ਨੂੰ ਬਚਾਉਣ ਦੇ ਯਤਨ ਵਿਚ ਲੱਗੇ ਹਨ। ਲਿਓ ਦੀ ਮੌਤ ਨੂੰ ਵੂਹਾਨ ਦੇ ਅੱਖਾਂ ਦੇ ਡਾਕਟਰ ਲੀ ਵੇਨ ਲਿਯਾਂਗ ਦੀ ਮੌਤ ਨਾਲ ਵੀ ਜੋੜ ਕੇ ਦੇਖਿਆ ਜਾ ਰਿਹਾ ਹੈ। ਅੱਖਾਂ ਦੇ ਡਾਕਟਰ ਲੀ ਵੇਨ ਲਿਯਾਂਗ ਨੂੰ ਦਸੰਬਰ ਦੇ ਅਖੀਰ ਵਿਚ ਕੋਰੋਨਾ ਵਾਇਰਸ ਦੇ ਖ਼ਤਰੇ ਪ੍ਰਤੀ ਆਗਾਹ ਕਰਨ ਲਈ ਚੀਨ ਦੀ ਪੁਲਿਸ ਨੇ ਸਜ਼ਾ ਦਿੱਤੀ ਸੀ। ਲੀ ਦੀ ਮੌਤ 'ਤੇ ਦੇਸ਼ ਭਰ ਵਿਚ ਰੋਸ ਦੇ ਨਾਲ ਹੀ ਲੋਕਾਂ ਨੇ ਸਰਕਾਰੀ ਵਿਵਸਥਾ 'ਤੇ ਵਾਇਰਸ ਦੇ ਖ਼ਤਰੇ ਨੂੰ ਨਜ਼ਰਅੰਦਾਜ਼ ਕਰਨ ਦਾ ਦੋਸ਼ ਲਗਾਇਆ ਸੀ। ਲੋਕਾਂ ਨੇ ਮੰਗਲਵਾਰ ਨੂੰ ਸੋਸ਼ਲ ਮੀਡੀਆ 'ਤੇ ਲਿਓ ਦੇ ਨਾਲ ਲੀ ਨੂੰ ਵੀ ਯਾਦ ਕੀਤਾ। ਦੱਸਣਯੋਗ ਹੈ ਕਿ ਚੀਨ ਵਿਚ ਕੋਰੋਨਾ ਵਾਇਰਸ ਨਾਲ ਹੁਣ ਤਕ ਛੇ ਡਾਕਟਰ ਕਰਮੀਆਂ ਦੀ ਮੌਤ ਹੋ ਚੁੱਕੀ ਹੈ ਅਤੇ 1,716 ਕਰਮੀ ਇਸ ਤੋਂ ਪ੍ਰਭਾਵਿਤ ਹੋਏ ਹਨ।

ਵੂਹਾਨ ਵਿਚ ਡਾਕਟਰਾਂ ਕੋਲ ਮਾਸਕ ਅਤੇ ਰੱਖਿਆਤਮਕ ਬਾਡੀਸੂਟ ਦੀ ਕਮੀ ਹੈ। ਕੁਝ ਡਾਕਟਰ ਤਾਂ ਕੰਮ ਚਲਾਊ ਮਾਸਕ ਅਤੇ ਸੂਟ ਪਾ ਕੇ ਲਗਾਤਾਰ ਕੰਮ ਕਰ ਰਹੇ ਹਨ।

### ਬੇਗ਼ਮਪੁਰੇ ਦੇ ਸੁਪਨਸਾਜ਼ ਸ਼੍ਰੀ ਗੁਰੂ ਰਵਿਦਾਸ ਜੀ ਦੇ 643ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ

# ਰੱਬ ਦੇ ਭਗਤ, ਖ਼ਲਕਤ ਦੇ ਗੁਰੂ, ਗੁਰੂ ਰਵਿਦਾਸ ਜੀ



ਸ਼੍ਰੀ ਗੁਰੂ ਰਵਿਦਾਸ ਜੀ ਦਾ ਜਨਮ ਸੀਰ ਗੋਵਰਧਨਪੁਰ, ਵਾਰਾਨਸੀ (ਉੱਤਰ ਪ੍ਰਦੇਸ਼) ਵਿਖੇ ਸੰਨ 1377 ਈਸਵੀ ਨੂੰ ਮਾਘ ਮਹੀਨੇ ਦੀ ਪੂਰਨਮਾਸ਼ੀ ਨੂੰ ਪਿਤਾ ਸ਼੍ਰੀ ਸੰਤੋਖ ਦਾਸ ਜੀ ਅਤੇ ਮਾਤਾ ਸ਼੍ਰੀਮਤੀ ਕਲਸਾ ਦੇਵੀ ਜੀ ਦੇ ਘਰ ਐਤਵਾਰ ਵਾਲ਼ੇ ਦਿਨ ਹੋਇਆ। ਇਸ ਲਈ ਆਪ ਜੀ ਦਾ ਨਾਮ ਰਵਿਦਾਸ ਰੱਖਿਆ ਗਿਆ। ਸ਼੍ਰੀ ਗੁਰੂ ਰਵਿਦਾਸ ਜੀ ਮੱਧਕਾਲੀਨ ਭਾਰਤ ਦੇ ਉਹਨਾਂ 15 ਮਹਾਂਪੁਰਸ਼ਾਂ ਵਿੱਚੋਂ ਇੱਕ ਹਨ, ਜਿਨ੍ਹਾਂ ਦੀ ਪਾਵਨ ਬਾਣੀ ਦੇ 40 ਸ਼ਬਦ (16 ਰਾਗ) ਸ਼੍ਰੀ ਗੁਰੂ ਅਰਜਨ ਦੇਵ ਜੀ ਨੇ ਭਗਤਾਂ ਦੀ ਬਾਣੀ ਸਿਰਲੇਖ ਹੇਠ ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਕਰਕੇ ਆਪਣੇ ਤੁਲ ਸਨਮਾਨ ਦਿੱਤਾ।

ਆਪ ਜੀ ਆਪਣੀ ਜਾਤੀ ਅਤੇ ਵਡੇਰਿਆਂ ਦੇ ਵਰਣ ਵੰਡ ਕਾਰਨ ਕੀਤੇ ਜਾਂਦੇ ਕੰਮ ਬਾਰੇ ਫਰਮਾਉਂਦੇ ਹਨ:-

ਮੇਰੀ ਜਾਤਿ ਕੁਟ ਬਾਂਢਲਾ ਢੋਰ ਢੋਵੰਤਾ,
ਨਿਤਹਿ ਬਾਨਾਰਸੀ ਆਸ ਪਾਸਾ।।
ਅਬ ਬਿਪ੍ਰ ਪਰਧਾਨ ਤਿਹਿ ਕਰਹਿ ਡੰਡਉਤਿ,
ਤੇਰੇ ਨਾਮ ਸਰਣਾਇ ਰਵਿਦਾਸੁ ਦਾਸਾ।।3।।1।।ਮਲਾਰ।।
(ਸ਼੍ਰੀ ਗੁਰੂ ਗ੍ਰੰਥ ਸਾਹਿਬ ਅੰਗ: 1293)
ਜਾਤੀ ਓਛਾ ਪਾਤੀ ਓਛਾ ਓਛਾ ਜਨਮੁ ਹਮਾਰਾ।।
ਰਾਜਾ ਰਾਮ ਕੀ ਸੇਵ ਨ ਕੀਨੀ ਕਹਿ ਰਵਿਦਾਸ ਚਮਾਰਾ।।
(ਸ਼੍ਰੀ ਗੁਰੂ ਗ੍ਰੰਥ ਸਾਹਿਬ ਅੰਗ: 486)
ਦਾਰਿਦੁ ਦੇਖਿ ਸਭ ਕੋ ਹਸੈ ਐਸੀ ਦਸਾ ਹਮਾਰੀ।।
(ਸ਼੍ਰੀ ਗੁਰੂ ਗ੍ਰੰਥ ਸਾਹਿਬ ਅੰਗ: 858)
ਨਾਗਰ ਜਨਾਂ ਮੇਰੀ ਜਾਤਿ ਬਿਖਿਆਤ ਚੰਮਾਰੰ।।
ਰਿਦੈ ਰਾਮ ਗੋਬਿੰਦ ਗੁਨ ਸਾਰੰ।।
(ਸ਼੍ਰੀ ਗੁਰੂ ਗ੍ਰੰਥ ਸਾਹਿਬ ਅੰਗ: 1293)



ਸੰਤੋਖ ਸਿੰਘ ਜੱਸੀ
91-70876-19800

ਆਪ ਜੀ ਨੇ ਜ਼ੋੜ੍ਹੇ ਗੰਢਣ ਦਾ ਪਿਤਾ ਪੁਰਖੀ ਕਿੱਤਾ ਅਪਣਾਇਆ ਤੇ ਹਿਰਦੈ ਵਿੱਚ ਪ੍ਰਮਾਤਮਾ ਦਾ ਨਾਮ ਵਸਾਇਆ। ਲੋਭ, ਮੋਹ, ਹੰਕਾਰ, ਕਾਮ, ਕ੍ਰੋਧ ਤੋਂ ਅਭਿੱਜ ਰਹੇ।

ਜੈਸਾ ਰੰਗੁ ਕਸੁੰਭ ਕਾ ਤੈਸਾ ਇਹੁ ਸੰਸਾਰੁ।।
ਮੇਰੇ ਰਮਈਏ ਰੰਗੁ ਮਜੀਠ ਕਾ ਕਹੁ
ਰਵਿਦਾਸ ਚਮਾਰ।।
(ਸ਼੍ਰੀ ਗੁਰੂ ਗ੍ਰੰਥ ਸਾਹਿਬ ਅੰਗ: 346)
ਸੰਪਤਿ ਬਿਪਤਿ ਪਟਲ ਮਾਇਆ ਧਨੁ।।
ਤਾ ਮਹਿ ਮਗਨ ਹੋਤ ਨ ਤੇਰੋ ਜਨੁ।।
(ਸ਼੍ਰੀ ਗੁਰੂ ਗ੍ਰੰਥ ਸਾਹਿਬ ਅੰਗ: 486-487)

ਉਸ ਸਮੇਂ ਗੁਰੂ ਰਵਿਦਾਸ ਜੀ ਦੇ ਸਮਾਜ ਨੂੰ ਵਰਣ-ਵੰਡ ਅਤੇ ਜ਼ਾਤ-ਪਾਤ ਦੀ ਵੰਡੀ ਕਾਰਨ ਅਖੌਤੀ ਉੱਚ ਜਾਤੀਆਂ ਵਲੋਂ ਸਮਾਜਿਕ, ਧਾਰਮਿਕ, ਆਰਥਿਕ ਅਤੇ ਰਾਜਨੀਤਿਕ ਪੱਖੋਂ ਨਕਾਰਿਆ ਹੋਇਆ ਸੀ। ਵਿਦੇਸ਼ੀ ਹਕੂਮਤ ਅਤੇ ਪੁਜਾਰੀਆਂ ਦੀ ਨਫ਼ਰਤ ਦੇ ਡਰ ਕਾਰਨ ਉਹਨਾਂ ਦਾ ਸਮਾਜ ਸਾਹਸਹੀਣ ਅਤੇ ਜ਼ੁਲਮ ਸਹਿਣ ਦਾ ਆਦੀ ਹੋ ਚੁੱਕਾ ਸੀ। ਗੁਰੂ ਜੀ ਨੇ ਆਪਣੇ ਸਮਾਜ ਨੂੰ ਉੱਪਰ ਚੁੱਕਣ ਵਾਸਤੇ ਬੇਗ਼ਮਪੁਰੇ ਦੀ ਕਲਪਨਾ ਕੀਤੀ ਤੇ ਬਾਣੀ ਉਚਾਰੀ:-

ਬੇਗ਼ਮਪੁਰਾ ਸਹਰ ਕੋ ਨਾਉ।। ਦੂਖੁ ਅੰਦੋਹੁ ਨਹੀ ਤਿਹ ਠਾਉ।।
ਨਾਂ ਤਸਵੀਸ ਖਿਰਾਜੁ ਨ ਮਾਲੁ।। ਖਉਫੁ ਨ ਖਤਾ ਨ ਤਰਸੁ ਜਵਾਲੁ।।
ਅਬ ਮੋਹਿ ਖੂਬ ਵਤ ਗਹ ਪਾਈ।। ਊਹਾਂ ਖੈਰਿ ਸਦਾ ਮੇਰੇ ਭਾਈ।।1।।ਰਹਾਉ।।
ਕਾਇਮੁ ਦਾਇਮੁ ਸਦਾ ਪਾਤਿਸਾਹੀ।। ਦੋਮ ਨ ਸੇਮ ਏਕ ਸੋ ਆਹੀ।।
ਆਬਾਦਾਨੁ ਸਦਾ ਮਸਹੂਰ।। ਊਹਾਂ ਗਨੀ ਬਸਹਿ ਮਾਮੂਰ।।2।।
ਤਿਉ ਤਿਉ ਸੈਲ ਕਰਹਿ ਜਿਉ ਭਾਵੈ।। ਮਹਰਮ ਮਹਲ ਨ ਕੋ ਅਟਕਾਵੈ।।
ਕਹਿ ਰਵਿਦਾਸ ਖਲਾਸ ਚਮਾਰਾ।। ਜੋ ਹਮ ਸਹਰੀ ਸੁ ਮੀਤੁ ਹਮਾਰਾ।।3।।2।।
(ਸ਼੍ਰੀ ਗੁਰੂ ਗ੍ਰੰਥ ਸਾਹਿਬ ਅੰਗ: 345)

ਗੁਰੂ ਰਵਿਦਾਸ ਜੀ ਨੇ ਬੇਗ਼ਮਪੁਰ ਦੇ ਸੰਕਲਪ ਨੂੰ ਪੂਰਾ ਕਰਨ ਲਈ ਕਿਸੇ ਭੜਕਾਹਟ ਜਾਂ ਉਤੇਜ਼ਨਾ ਦਾ ਪ੍ਰਗਟਾਵਾ ਨਹੀਂ ਕੀਤਾ ਸਗੋਂ ਸਹਿਜ ਸੁਭਾਅ ਸੰਤੁਲਨ ਮਨ ਨਾਲ ਆਪਣੀ ਪ੍ਰੇਮਮਈ ਸੁਰ ਵਾ਼ਲੀ ਜੁਗਤਿ ਨੂੰ ਨਿਰੰਤਰ ਜਾਰੀ ਰੱਖਿਆ। ਤਤਕਾਲ ਪ੍ਰਸ਼ਾਸਨ ਪ੍ਰਣਾ਼ਲੀ ਦਾ ਪਾਜ ਉਘਾੜਿਆ ਤੇ ਸਹੀ ਦਿਸ਼ਾ ਵਿੱਚ ਕੰਮ ਕਰਨ ਦੀ ਪ੍ਰੇਰਣਾ ਦਿੱਤੀ। ਆਪ ਜੀ ਦੀ ਕੀਰਤੀ ਹਰ ਪਾਸੇ ਫੈਲ ਗਈ। ਆਪ ਜੀ ਨੇ ਫ਼ਰਮਾਨ ਕੀਤਾ ਕਿ:-

ਐਸੀ ਲਾਲ ਤੁਝ ਬਿਨੁ ਕਉਨੁ ਕਰੈ।।
ਗਰੀਬ ਨਿਵਾਜੁ ਗੁਸਈਆ ਮੇਰਾ ਮਾਥੈ ਛਤਰੁ ਧਰੈ।।1।।ਰਹਾਉ।।
ਜਾ ਕੀ ਛੋਤਿ ਜਗਤ ਕਉ ਲਾਗੈ ਤਾ ਪਰ ਤੁਹੀ ਢਰੈ।।
ਨੀਚਹ ਊਚ ਕਰੈ ਮੇਰਾ ਗੋਬਿੰਦੁ ਕਾਹੂ ਤੇ ਨ ਡਰੈ।।1।।
ਨਾਮਦੇਵ ਕਬੀਰੁ ਤਿਲੋਚਨੁ ਸਧਨਾ ਸੈਨੁ ਤਰੈ।।
ਕਹਿ ਰਵਿਦਾਸੁ ਸੁਨਹੁ ਰੇ ਸੰਤਹੁ ਹਰਿ ਜੀਉ ਤੇ ਸਭੈ ਸਰੈ।।2।।1।।ਮਾਰੂ।।
(ਸ਼੍ਰੀ ਗੁਰੂ ਗ੍ਰੰਥ ਸਾਹਿਬ ਅੰਗ: 1106)

ਸਤਿਗੁਰੂ ਕਬੀਰ ਜੀ ਆਪ ਜੀ ਦੇ ਸਮਕਾਲੀ ਸਨ। ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਅੰਗ (1377) 'ਤੇ ਸਤਿਗੁਰੂ ਕਬੀਰ ਜੀ ਦਾ ਸਲੋਕ ਦਰਜ ਹੈ:-

ਹਰਿ ਸੋ ਹੀਰਾ ਛਾਡਿ ਕੈ ਕਰਹਿ ਆਨ ਕੀ ਆਸ।।
ਤੇ ਨਰ ਦੋਜਕ ਜਾਹਿਗੇ ਸਤਿ ਭਾਖੈ ਰਵਿਦਾਸ।।242।।

ਸ਼੍ਰੀ ਗੁਰੂ ਰਵਿਦਾਸ ਜੀ ਆਪਣੇ ਆਪ ਨੂੰ ਦਾਸਾਂ ਦਾ ਦਾਸ ਕਹਿੰਦੇ ਹਨ ਭਾਵ ਨਿਮਰਤਾ ਵਾ਼ਲੇ ਹਨ। ਉਸ ਸਮੇਂ ਦਾ ਸੰਸਾਰ ਭਗਤ ਕਹਿ ਕੇ ਸਤਿਕਾਰ ਕਰਨ ਲੱਗਾ। ਸਮੇਂ ਦੇ ਹਾਕਮ ਅਤੇ ਪੁਜਾਰੀ ਵਰਗ ਵੀ ਆਪ ਜੀ ਦੀ ਕੀਰਤੀ ਨੂੰ ਨਮਸਕਾਰ ਕਰਨ ਲੱਗੇ। ਸਮਾਜ ਵਿੱਚ ਚੇਤਨਤਾ ਆਉਣ ਲੱਗੀ। ਆਪ ਜੀ ਨੇ ਫ਼ਰਮਾਇਆ-

ਪੰਡਿਤ ਸੂਰ ਛਤ੍ਰਪਤਿ ਰਾਜਾ ਭਗਤ ਬਰਾਬਰਿ ਅਉਰ ਨ ਕੋਇ।।
ਜੈਸੇ ਪੁਰੈਨ ਪਾਤ ਰਹੈ ਜਲ ਸਮੀਪ ਭਨਿ ਰਵਿਦਾਸ ਜਨਮੇ ਜਗਿ ਓਇ।।3।।2।।
(ਸ਼੍ਰੀ ਗੁਰੂ ਗ੍ਰੰਥ ਸਾਹਿਬ ਅੰਗ: 858)
ਬ੍ਰਹਮਨ ਬੈਸ ਸੂਦ ਅਰੁ ਖਤ੍ਰੀ ਡੋਮ ਚੰਡਾਰ ਮਲੇਛ ਮਨ ਸੋਇ।।
ਹੋਇ ਪੁਨੀਤ ਭੰਗਵੰਤ ਭਜਨ ਤੇ ਆਪੁ ਤਾਰਿ ਤਾਰੇ ਕੁਲ ਦੋਇ।।1।।
(ਸ਼੍ਰੀ ਗੁਰੂ ਗ੍ਰੰਥ ਸਾਹਿਬ ਅੰਗ: 858)

ਸ਼੍ਰੀ ਗੁਰੂ ਰਵਿਦਾਸ ਜੀ ਨੇ ਨਸ਼ਿਆਂ ਦੇ ਵਿਰੁੱਧ ਆਵਾਜ਼ ਬੁਲੰਦ ਕਰਦਿਆਂ ਕਿਹਾ ਕਿ ਸ਼ਰਾਬ ਭਾਵੇਂ ਗੰਗਾ ਜਲ ਦੀ ਹੀ ਕਿਉਂ ਨਾ ਬਣੀ ਹੋਵੇ, ਉਸ ਦੀ ਵਰਤੋਂ ਨਹੀਂ ਕਰਨੀ ਚਾਹੀਦੀ, ਆਪ ਜੀ ਫ਼ਰਮਾਉਂਦੇ ਹਨ:-

ਸੁਰਸਰੀ ਸਲਲ ਕ੍ਰਿਤ ਬਾਰੁਨੀ ਰੇ ਸੰਤ ਜਨ ਕਰਤ ਨਹੀ ਪਾਨੰ।।
ਸੁਰਾ ਅਪਵਿਤ੍ਰ ਨਤ ਅਵਰ ਜਲ ਰੇ ਸੁਰਸਰੀ ਮਿਲਤ ਨਹਿ ਹੋਇ ਆਨੰ।।1।।
(ਸ਼੍ਰੀ ਗੁਰੂ ਗ੍ਰੰਥ ਸਾਹਿਬ ਅੰਗ: 1293)

ਸ਼੍ਰੀ ਗੁਰੂ ਅਰਜਨ ਦੇਵ ਜੀ ਆਪ ਜੀ ਦੀ ਉਸਤਤਿ ਕਰਦੇ ਆਪਣੀ ਬਾਣੀ ਵਿੱਚ ਫ਼ਰਮਾਉਂਦੇ ਹਨ:-

ਭਲੋ ਕਬੀਰੁ ਦਾਸੁ ਦਾਸਨ ਕੋ ਊਤਮੁ ਸੈਨੁ ਜਨੁ ਨਾਈ।।
ਊਚ ਤੇ ਊਚ ਨਾਮਦੇਉ ਸਮਦਰਸੀ ਰਵਿਦਾਸ ਠਾਕੁਰ ਬਣਿ ਆਈ।।1।।
(ਸ਼੍ਰੀ ਗੁਰੂ ਗ੍ਰੰਥ ਸਾਹਿਬ ਅੰਗ: 1207)

ਸ਼੍ਰੀ ਗੁਰੂ ਰਾਮਦਾਸ ਜੀ ਆਪਣੀ ਬਾਣੀ ਵਿੱਚ ਫ਼ਰਮਾਉਂਦੇ ਹਨ:-

ਰਵਿਦਾਸੁ ਚਮਾਰੁ ਉਸਤਤਿ ਕਰੇ ਹਰਿ ਕੀਰਤਿ ਨਿਮਖ ਇਕ ਗਾਇ।।
ਪਤਿਤ ਜਾਤਿ ਉਤਮੁ ਭਇਆ ਚਾਰਿ ਵਰਨ ਪਏ ਪਗਿ ਆਇ।।2।।
(ਸ਼੍ਰੀ ਗੁਰੂ ਗ੍ਰੰਥ ਸਾਹਿਬ ਅੰਗ: 733)
ਨਾਮਾ ਜੈਦੇਉ ਕੰਬੀਰੁ ਤ੍ਰਿਲੋਚਨੁ ਅਉਜਾਤਿ ਰਵਿਦਾਸੁ ਚਮਿਆਰੁ ਚਮਈਆ।।
ਜੋ ਜੋ ਮਿਲੈ ਸਾਧੂ ਜਨ ਸੰਗਤਿ ਧਨੁ ਧੰਨਾ ਜਟੁ ਸੈਣੁ ਮਿਲਿਆ ਹਰਿ ਦਈਆ।।7।।
(ਸ਼੍ਰੀ ਗੁਰੂ ਗ੍ਰੰਥ ਸਾਹਿਬ ਅੰਗ: 835)

ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਸਵੱਈਏ ਮਹਲਾ ਪਹਿਲਾ ਅਧੀਨ ਅੰਗ 1390 'ਤੇ ਆਪ ਜੀ ਉਸਤਤਿ ਸ਼ਬਦ ਦਰਜ਼ ਹੈ:-

ਗੁਣ ਗਾਵੈ ਰਵਿਦਾਸ ਭਗਤੁ ਜੈਦੇਵ ਤ੍ਰਿਲੋਚਨ।।
ਨਾਮਾ ਭਗਤੁ ਕਬੀਰੁ ਸਦਾ ਗਾਵਹਿ ਸਮ ਲੋਚਨ।।

ਸੋ ਜਿਸ ਤਰ੍ਹਾਂ ਘਿਓ ਜਿਸ ਭਾਂਡੇ ਵਿੱਚ ਮਰਜ਼ੀ ਪਾ ਦਿਓ ਉਹ ਘਿਓ ਹੀ ਰਹਿੰਦਾ ਹੈ, ਠੀਕ ਉਸੇ ਤਰ੍ਹਾਂ ਹੀ ਸੰਤਾਂ, ਗੁਰੂਆਂ, ਮਹਾਂਪੁਰਸ਼ਾਂ ਦੀ ਕੋਈ ਜਾਤ ਨਹੀਂ ਹੁੰਦੀ। ਉਹ ਪ੍ਰਭੂ ਦੇ ਪਿਆਰੇ ਹੁੰਦੇ ਹਨ। ਉਹ ਆਪਣਾ ਜੀਵਨ ਲੋਕਾਈ ਦੇ ਭਲੇ ਲਈ ਬਤੀਤ ਕਰਦੇ ਹਨ। ਠੰਡੇ ਜਿਗਰੇ ਨਾ਼ਲ ਸਮਾਜਿਕ, ਧਾਰਮਿਕ, ਆਰਥਿਤ ਅਤੇ ਰਾਜਨੀਤਿਕ ਤਸ਼ੱਦਦ ਆਪਣੇ-ਆਪਣੇ ਪਿੰਡੇ 'ਤੇ ਸਹਾਰਦੇ ਹਨ ਤੇ ਸਮਾਜ ਨੂੰ ਸੇਧ ਦਿੰਦੇ ਹਨ ਅਤੇ ਗੁਰੂ ਦੀ ਪਦਵੀ ਪ੍ਰਾਪਤ ਕਰਦੇ ਹਨ।

ਸ਼੍ਰੀ ਗੁਰੂ ਰਵਿਦਾਸ ਜੀ ਫ਼ਰਮਾਉਂਦੇ ਹਨ:-

ਐਸਾ ਚਾਹੂੰ ਰਾਜ ਮੈਂ ਜਹਾਂ ਮਿਲੈ ਸਭਨ ਕੋ ਅੰਨ।।
ਛੋਟ ਬੜੇ ਸਭ ਸਮ ਬਸੈ ਰਵਿਦਾਸ ਰਹੈ ਪ੍ਰਸੰਨ।।

ਬਾਬਾ ਸਾਹਿਬ ਡਾ. ਬੀ.ਆਰ. ਅੰਬੇਡਕਰ ਵਲੋਂ ਗੁਰੂ ਰਵਿਦਾਸ (ਸੰਤਾਂ ਦਾ ਸਨਮਾਨ)

ਬਾਬਾ ਸਾਹਿਬ ਡਾ. ਬੀ.ਆਰ. ਅੰਬੇਡਕਰ ਜੀ ਨੇ ਦਲਿਤਾਂ ਦੇ ਦੁੱਖਾਂ ਦੀ ਖੋਜ਼ ਕੀਤੀ ਉਨ੍ਹਾਂ ਆਪਣੀ ਖੋਜ਼ ਭਰਪੂਰ ਪੁਸਤਕ "ਦਾ ਅਨਟਚੇਬਲ" ਸੰਤਾਂ ਨੂੰ ਭੇਂਟ ਕਰਕੇ ਸੰਤਾਂ ਦਾ ਸਨਮਾਨ ਕੀਤਾ। ਉਨ੍ਹਾਂ ਕਿਹਾ ਕਿ ਮੈਂ ਇਹ ਪੁਸਤਕ ਤਿੰਨ ਪ੍ਰਸਿੱਧ ਸੰਤਾਂ ਨੰਦਨਾਰ, ਰਵਿਦਾਸ ਅਤੇ ਚੋਖਾਮੇਲਾ ਨੂੰ ਭੇਂਟ ਕਰਦਾ ਹਾਂ ਜੋ ਅਛੂਤਾਂ ਵਿੱਚ ਪੈਦਾ ਹੋਏ ਅਤੇ ਆਪਣੀ ਪਵਿੱਤਰਤਾ, ਨੇਕੀ ਅਤੇ ਸਦਾਚਾਰ ਸਦਕਾ ਸਭਨਾਂ ਲਈ ਸਤਿਕਾਰਯੋਗ ਬਣੇ।

ਭਾਰਤ ਦੇ ਸਾਬਕਾ ਰਾਸ਼ਟਰਪਤੀ ਡਾ. ਆਰ. ਕੇ. ਨਰਾਇਣਨ ਜੀ ਨੇ 28ਅਗਸਤ, 1999 ਈਸਵੀ ਨੂੰ ਰਾਸ਼ਟਰ-ਪਤੀ ਭਵਨ 'ਚ ਸ਼੍ਰੀ ਗੁਰੂ ਰਵਿਦਾਸ ਜੀ ਬਾਰੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ:-

Satgur Ravidass was a great social reformer of medieval era, who preached for spiritual unity, Equality and fraternity. His teachings are of more relevance even today.

(ਸਤਿਗੁਰੂ ਰਵਿਦਾਸ ਜੀ ਮੱਧਕਾਲੀਨ ਯੁੱਗ ਦੇ ਇੱਕ ਮਹਾਨ ਸਮਾਜ ਸੁਧਾਰਕ ਸਨ, ਜਿਨ੍ਹਾਂ ਨੇ ਅਧਿਆਤਮਿਕ ਏਕਤਾ, ਸਮਾਨਤਾ ਅਤੇ ਭਾਈਚਾਰੇ ਲਈ ਪ੍ਰਚਾਰ ਕੀਤਾ। ਉਨ੍ਹਾਂ ਦੀਆਂ ਸਿੱਖਿਆਵਾਂ ਅੱਜ ਵੀ ਬਹੁਤ ਪ੍ਰਸੰਗਿਕ ਹਨ।)

ਓਸ਼ੋ (ਰਜ਼ਨੀਸ਼):- ਪ੍ਰਸਿੱਧ ਦਾਰਸ਼ਨਿਕ ਓਸ਼ੋ ਰਜ਼ਨੀਸ਼ 'ਮਨ ਹੀ ਪੂਜਾ, ਮਨ ਹੀ ਧੂਫ਼ (ਰਵਿਦਾਸ ਬਾਣੀ) 'ਚ ਲਿਖਦੇ ਹਨ ਕਿ ਭਾਰਤ ਦਾ ਅਕਾਸ਼ ਸੰਤਾਂ ਦੇ ਸਿਤਾਰਿਆਂ ਨਾ਼ਲ ਭਰਿਆ ਪਿਆ ਹੈ। ਸੰਤ ਰਵਿਦਾਸ ਸਭ ਸਿਤਾਰਿਆਂ ਵਿੱਚ ਧਰੂ (ਧਰੁਵ) ਤਾਰਾ ਹਨ। ਇਹ ਇਸ ਲਈ ਕਿ ਸ਼ੂਦਰ ਦੇ ਘਰ ਪੈਦਾ ਹੋ ਕੇ ਵੀ ਕਾਂਸ਼ੀ ਦੇ ਪੰਡਿਤਾਂ ਨੂੰ ਵੀ ਮੰਨਣ ਲਈ ਮਜ਼ਬੂਰ ਕਰ ਦਿੱਤਾ। ਰਵਿਦਾਸ ਜੀ ਵਿੱਚ ਕੁੱਝ ਖਾਸ ਗੱਲ ਹੈ ਕਿ ਪੰਡਿਤ ਉਨ੍ਹਾਂ ਨੂੰ ਪੁੱਟ ਨਹੀਂ ਸਕੇ, ਸਗੋਂ ਸਵੀਕਾਰ ਕਰਨਾ ਪਿਆ। ਉਨ੍ਹਾਂ ਦੇ ਵਚਨਾਂ ਨੂੰ ਸਮਝਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ।

ਡਾ. ਜੀਤ ਸਿੰਘ ਸੀਤਲ ਨੇ ਸਰਕਾਰੀ ਮੈਗਜ਼ੀਨ ਪੰਜਾਬੀ ਦੁਨੀਆਂ ਦੇ ਵਿਸ਼ੇਸ਼ ਅੰਕ ਸੰਨ 1977 ਪੰਨਾ: 15 'ਤੇ ਗੁਰੂ ਰਵਿਦਾਸ ਜੀ ਬਾਰੇ ਲਿਖਦੇ ਹਨ ਕਿ:- ਮਾਰਕਸ, ਲ਼ੈਨਿਨ ਆਦਿ ਵੀ ਸ਼ਾਇਦ ਅਜਿਹੇ ਸਮ-ਦੇਸ, ਸਮਰਾਜ, ਸਮ-ਸ਼ਹਿਰੀ, ਸਮ-ਅਧਿਕਾਰੀ ਤੇ ਮਾਨਵ ਵਤਨਗਾਹ ਦਾ ਸੰਕਲਪ ਨਾ ਕਰ ਸਕਦੇ। ਸ਼੍ਰੀ ਗੁਰੂ ਰਵਿਦਾਸ ਜੀ ਨੇ ਇਸਤਰੀ ਵਰਗ ਦੇ ਸਨਮਾਨ, ਅਧਿਕਾਰਾਂ ਦੀ ਸੁਰੱਖਿਆ ਲਈ ਅਧਿਆਤਮਿਕਤਾ ਦੇ ਬੰਦ ਦਰਵਾਜ਼ੇ ਖੋਲ੍ਹੇ। ਆਪ ਜੀ ਨੇ ਚਿਤੌੜ੍ਹਗੜ੍ਹ ਦੀ ਮਹਾਂਰਾਣੀ ਝਾਲੀ ਬਾਈ, ਰਤਨ ਕੁੰਵਰ ਅਤੇ ਉਸ ਦੀ ਨੂੰਹ ਭਾਰਤ ਦੀ ਪ੍ਰਸਿੱਧ ਸੰਤ ਮੀਰਾ ਬਾਈ ਨੂੰ ਦੀਕਸ਼ਾ ਦੇ ਕੇ ਇਸਤਰੀ ਦੇ ਮਾਣ-ਸਨਮਾਨ ਅਤੇ ਸਤਿਕਾਰ ਵਿੱਚ ਵਾਧਾ ਕੀਤਾ।

ਅੱਜ ਗੁਰੂ ਰਵਿਦਾਸ ਜੀ ਦੀ ਜਦੋਂ ਜੀਵਨ, ਵਿਚਾਰਧਾਰਾ, ਫ਼ਲਸਫ਼ਾ ਆਮ ਲੋਕਾਈ ਤੱਕ ਪਹੁੰਚਦਾ ਹੈ ਤਾਂ ਉਨ੍ਹਾਂ ਦੇ ਅਨੁਆਈ ਪੈਰੋਕਾਰ ਉਨ੍ਹਾਂ ਨੂੰ ਕੌਮ ਦੇ ਗੁਰੂ ਮੰਨਦੇ ਹਨ। ਗੁਰੂ ਰਵਿਦਾਸ ਜੀ ਅਜਿਹੇ ਮਹਾਂਪੁਰਸ਼ ਹੋਏ ਹਨ ਜਿਨ੍ਹਾਂ ਨੇ ਆਪਣੇ ਗਿ਼ਲੇ ਸ਼ਿਕਵੇ ਪ੍ਰਮਾਤਮਾ ਨਾ਼ਲ ਵੀ ਕੀਤੇ। ਗੁਰੂ ਰਵਿਦਾਸ ਜੀ ਨੇ ਆਪਸੀ ਭਾਈਚਾਰਾ ਬਣਾਈ ਰੱਖਣ, ਅਵਿੱਦਿਆ, ਅਗਿਆਨਤਾ ਤੋਂ ਮੁਕਤ ਪਾਉਣ ਲਈ ਵਿਵੇਕ ਰੂਪੀ ਦੀਪ ਦੀ ਮਲੀਨਤਾ ਨੂੰ ਵਿੱਦਿਆ ਦੇ ਨੂਰ ਨਾਲ ਪ੍ਰਜ਼ਵਲਿਤ ਕਰਨ, ਨਸ਼ਿਆਂ ਦੇ ਸੇਵਨ ਤੋਂ ਪ੍ਰਹੇਜ਼ ਕਰਨ, ਰਹਿਣੀ-ਬਹਿਣੀ ਅਤੇ ਦੂਸਰਿਆਂ ਪ੍ਰਤੀ ਹਮਦਰਦੀ ਅਰਥਾਤ ਪਰਾਇਆ ਦਰਦ ਵੰਡਾਉਣ ਦੀ ਪ੍ਰੇਰਨਾ ਦਿੱਤੀ।

ਸੋ ਕਤ ਜਾਨੈ ਪੀਰ ਪਰਾਈ।।
ਜਾ ਕੇ ਅੰਤਰਿ ਦਰਦ ਨਾ ਪਾਈ।।

ਸੱਚ ਨਾ ਹੁੰਦਾ ਤਾਂ ਸੰਸਾਰ ਜ਼ਲ ਉੱਠਦਾ। ਸਮਾਜ ਦੇ ਉਜਵਲ ਭਵਿੱਖ ਲਈ ਸਿੱਖਿਆ, ਸਗੰਠਿਤ ਅਤੇ ਆਪਣੇ ਮਨੁੱਖੀ ਹੱਕਾਂ ਲਈ ਸੰਘਰਸ਼ ਦਾ ਸੰਕਲਪ ਲੈਣ ਦੀ ਲੋੜ੍ਹ ਹੈ। ਗੁਰੂ ਸਾਹਿਬ ਨੇ ਜਾਤੀਵਾਦ ਤੇ ਊਚ-ਨੀਚ ਖਿਲਾਫ਼ ਪ੍ਰਚਾਰ ਕੀਤਾ।

ਗੁਰੂ ਰਵਿਦਾਸ, ਗੁਰੂ ਕਬੀਰ, ਗੁਰੂ ਨਾਨਕ ਇੱਕ-ਦੂਜੇ ਦੇ ਸਮਕਾਲੀ ਮੰਨੇ ਗਏ ਹਨ। ਇਨ੍ਹਾਂ ਮਹਾਂਪੁਰਸ਼ਾਂ ਨੇ ਰੂੜ੍ਹੀਵਾਦ ਦਾ ਵਿਰੋਧ ਕਰਕੇ ਮਨੁੱਖੀ ਅਤੇ ਭਾਈਚਾਰੇ ਦਾ ਪ੍ਰਚਾਰ-ਪ੍ਰਸਾਰ ਕਰਕੇ ਸਮਾਜ ਨੂੰ ਇੱਕ ਨਵੀਂ ਦਿਸ਼ਾ ਦਿੱਤੀ। ਗੁਰੂ ਸਾਹਿਬ ਜੀ ਨੇ ਆਪਣੇ ਅਨੁਭਵੀ ਕਰਮ ਤੋਂ ਵਿਸ਼ਵ ਤੇ ਸਮਾਜ ਨੂੰ ਇੱਕ ਨਵਾਂ ਚਿੰਤਨ ਅਤੇ ਨਵੀਂ ਦਿਸ਼ਾ ਦਿੱਤੀ।

ਸਾਡਾ ਸਾਰਿਆਂ ਦਾ ਇਹ ਫ਼ਰਜ਼ ਬਣਦੈ ਕਿ ਸਤਿਗੁਰੂ ਰਵਿਦਾਸ ਜੀ ਦੀ ਇਨਕਲਾਬੀ ਵਿਚਾਰਧਾਰਾ ਨੂੰ ਅਮਲੀ ਤੇ ਵਿਵਹਾਰਿਕ ਰੂਪ ਵਿੱਚ ਆਪਣੇ ਜੀਵਨ ਵਿੱਚ ਧਾਰਨ ਕਰਨ ਦਾ ਯਤਨ ਕਰੀਏ, ਤਾਂ ਹੀ ਆਪ ਜੀ ਦੇ ਪੁਰਬ ਮਨਾਉਣੇ ਅਤੇ ਧਾਰਮਿਕ ਸਮਾਗਮ ਆਯੋਜਿਤ ਕਰਨੇ ਸਾਰਥਕ ਹੋ ਸਕਦੇ ਹਨ।

# ਖਾਲਸਾ ਇੰਟਰਨੈਸ਼ਨਲ ਸਪੋਰਟਸ ਐਂਡ ਐਜੂਕੇਸ਼ਨਲ ਟਰੱਸਟ ਬੀਬੀ ਦਲਜੀਤ ਕੌਰ ਪੰਨੂ ਨੂੰ ਪੰਜਾਬ ਦੇ ਪ੍ਰਧਾਨ ਬਣਨ ਤੇ ਐਨ ਆਰ ਆਈਜ਼ ਵਲੋ ਸੰਤੁਸ਼ਟੀ ਦਾ ਇਜਹਾਰ

**ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-** ਬਰੈਮਪਟਨ ਵੈਸਟ ਤੋਂ ਮੈਂਬਰ ਪਾਰਲੀਮੈਂਟ ਕਮਲ ਖਹਿਰਾ ਵਲੋ ਬੀਬੀ ਦਲਜੀਤ ਕੌਰ ਪੰਨੂ ਨੂੰ ਟਰੱਸਟ ਦੇ ਪੰਜਾਬ ਇਕਾਈ ਦੇ ਪ੍ਰਧਾਨ ਬਣਨ ਤੇ ਮੁਬਾਰਕਬਾਦ ਤੇ ਚੋਣ ਤੇ ਸੰਤੁਸ਼ਟੀ ਪ੍ਰਗਟ ਕਰਦਿਆਂ ਆਖਿਆ ਕਿ ਇਹ ਟਰੱਸਟ ਪੰਜਾਬ ਵਿੱਚ ਪਿਛਲੇ ਲੰਬੇ ਸਮੇਂ ਤੋਂ ਪੜਾਈ ਅਤੇ ਖੇਡਾਂ ਨੂੰ ਉਤਸ਼ਾਹ ਕਰਨ ਦੇ ਲਈ ਬਹੁਤ ਵੱਡਾ ਯੋਗਦਾਨ ਪਾ ਰਿਹਾ ਹੈ !



ਯੂ.ਕੇ ਤੋਂ ਟਰੱਸਟ ਦੇ ਚੇਅਰਮੈਨ ਸ. ਜਤਿੰਦਰਪਾਲ ਸਿੰਘ ਰੰਧਾਵਾ, ਸੋਨੂ ਜੰਮੂ, ਜੋਬਨ ਸੰਧੂ, ਜਰਮਨਜੀਤ, ਰੰਧਾਵਾ ਬ੍ਰਦਰ,ਹਰਪ੍ਰੀਤ ਜੋਸਨ, ਦੀਪਾ ਘੁਮਾਣ, ਗੈਰੀ ਗੈਂਗਰ, ਬਿੰਦਰ ਗੈਂਗਰ, ਮੌਂਟੀ ਗੈਂਗਰ, ਜੱਸਾ ਗੈਂਗਰ, ਹਰਪੰਥਪ੍ਰੀਤ ਸਿੰਘ, ਬਲਬੀਰ ਸਿੰਘ ਬੈਂਸ ਹਰਜੈਗੋਪਾਲ ਸਿੰਘ ਰੰਧਾਵਾ, ਹਰਸਿਮਰਪਾਲ ਕੌਰ ਰੰਧਾਵਾ, ਹਰਪ੍ਰੀਤ ਕੌਰ ਚਾਨਾ, ਮਨਦੀਪ ਕੌਰ ਸੰਘਾ, ਹਰਪ੍ਰੀਤ ਕੌਰ ਢਿੱਲੋ ਸਾਰੇ ਯੂ. ਕੇ. ਅਤੇ ਕੈਨੇਡਾ ਤੋਂ ਨਿਰਵੈਰ ਸਿੰਘ ਸੋਤਰਾ ਪ੍ਰਧਾਨ, ਸੁੱਖ ਭੌਰਾ, ਗੈਰੀ ਭੌਰਾ, ਜਗਜੀਤ ਸਿੰਘ ਤਾਤਲਾ, ਰਵੀਨ ਸਿੰਘ ਕੰਦੋਲਾ, ਬਲਿਹਾਰ ਸਿੰਘ ਰਾਏ, ਹਰਨੇਕ ਵਿਰਦੀ, ਜੀਤਾ ਰਟੈਂਡਾ, ਸਤਿੰਦਰ ਰੰਧਾਵਾ, ਰਾਜਬੀਰ ਸਿੱਧੂ, ਦਲਵੀਰ ਸਿੱਧੂ, ਆਸਟ੍ਰੇਲੀਆ ਤੋਂ ਅਖਤਿਆਰ ਸਿੱਧੂ, ਯੂ ਐਸ ਏ ਤੋਂ ਜੈਸੀ ਥਾਂਦੀ ਸੀ.ਈ.ਓ., ਤਰਲੋਚਨ ਸਿੰਘ ਦੁਪਾਲਪੁਰ ਸਾਬਕਾ ਐਸ ਜੀ ਪੀ ਸੀ ਮੈਂਬਰ, ਸਮਾਜਿਕ ਆਗੂ ਐਮ.ਆਰ. ਪਾਲ ਆਦਿ ਨੇ ਬੀਬੀ ਦਲਜੀਤ ਕੌਰ ਪੰਨੂ ਨੂੰ ਮੁਬਾਰਕਬਾਦ ਸੁਨੇਹੇ ਭੇਜੇ।

ਵਰਨਣਯੋਗ ਹੈ ਕਿ ਬੀਬੀ ਦਲਜੀਤ ਕੌਰ ਪੰਨੂ ਕਰੀਬ 30 ਸਾਲ ਤੋਂ ਗੁਰੂ ਨਾਨਕ ਮਿਸ਼ਨ ਹਸਪਤਾਲ ਵਿੱਚ ਅੱਖਾਂ ਦੇ ਵਿਭਾਗ ਵਿੱਚ ਸੇਵਾ ਕਰ ਰਹੇ ਹਨ ਤੇ ਸਮਾਜਿਕ ਕਾਰਜਾਂ ਵਿੱਚ ਹਿੱਸਾ ਲੈਂਦੇ ਰਹੇ ਹਨ।

# ਸਚਿਨ ਤੇਂਦੁਲਕਰ ਨੂੰ ਲੌਰੇਸ ਪੁਰਸਕਾਰ ਮਿਲਿਆ



**ਬਰਲਿਨ-** ਮਹਾਨ ਬੱਲੇਬਾਜ਼ ਸਚਿਨ ਤੇਂਦੁਲਕਰ ਨੂੰ 2000 ਤੋਂ 2020 ਤੱਕ ਦੇ 'ਲਾਰੇਸ ਸਰਵੋਤਮ ਖੇਡ ਪਲਾਂ' (ਲੌਰੇਸ ਸਪੋਰਟਿੰਗ ਮੋਮੈਂਟ ਐਵਾਰਡ) ਦੇ ਪੁਰਸਕਾਰ ਲਈ ਚੁਣਿਆ ਗਿਆ ਹੈ। ਭਾਰਤੀ ਪ੍ਰਸ਼ੰਸਕਾਂ ਦੇ ਸਮਰਥਨ ਨਾਲ ਤੇਂਦੁਲਕਰ ਨੂੰ ਇਸ ਪੁਰਸਕਾਰ ਲਈ ਸਭ ਤੋਂ ਵੱਧ ਵੋਟ ਮਿਲੇ। ਭਾਰਤ ਦੀ 2011 ਵਿਸ਼ਵ ਕੱਪ 'ਚ ਜਿੱਤ ਦੇ ਸੰਦਰਭ 'ਚ ਤੇਂਦੁਲਕਰ ਨਾਲ ਜੁੜੇ ਪਲਾਂ ਨੂੰ 'ਕੈਰੀਡ ਆਨ ਦੀ ਸ਼ੋਲਡਰਜ਼ ਆਫ਼ ਏ ਨੇਸ਼ਨ' ਸਿਰਲੇਖ ਦਿੱਤਾ ਗਿਆ। ਟੈਨਿਸ ਦੇ ਮਹਾਨ ਖਿਡਾਰੀ ਬੋਰਿਸ ਬੇਕਰ ਨੇ ਇਸ ਪੁਰਸਕਾਰ ਦਾ ਐਲਾਨ ਕੀਤਾ। ਆਸਟਰੇਲੀਆ ਦੇ ਬਿਹਤਰੀਨ ਕ੍ਰਿਕਟਰ ਸਟੀਵ ਵੌ ਨੇ ਤੇਂਦੁਲਕਰ ਨੂੰ ਟਰਾਫ਼ੀ ਦੇ ਕੇ ਸਨਮਾਨਿਤ ਕੀਤਾ। ਲਗਭਗ ਨੌਂ ਸਾਲ ਪਹਿਲਾਂ ਤੇਂਦੁਲਕਰ ਆਪਣੇ ਛੇਵੇਂ ਵਿਸ਼ਵ ਕੱਪ ਵਿਚ ਖੇਡਦਿਆਂ ਵਿਸ਼ਵ ਕੱਪ ਜਿੱਤਣ ਵਾਲੀ ਟੀਮ ਦੇ ਮੈਂਬਰ ਬਣੇ ਸਨ। ਭਾਰਤੀ ਟੀਮ ਦੇ ਮੈਂਬਰਾਂ ਨੇ ਇਸ ਤੋਂ ਬਾਅਦ ਤੇਂਦੁਲਕਰ ਨੂੰ ਮੋਢਿਆਂ 'ਤੇ ਚੁੱਕ ਕੇ ਮੈਦਾਨ ਦਾ 'ਲੈਪ ਆਫ਼ ਆਨਰ' ਲਾਇਆ ਸੀ। ਇਸ ਦੌਰਾਨ ਇਸ ਮਹਾਨ ਖਿਡਾਰੀ ਦੀਆਂ ਅੱਖਾਂ ਵਿਚ ਹੰਝੂ ਸਨ।




ਬਹੁਤ ਜਨਮ ਬਿਛੁਰੇ ਥੇ ਮਾਧਉ ਇਹੁ ਜਨਮੁ ਤੁਮ੍ਹਾਰੇ ਲੇਖੇ ॥
ਕਹਿ ਰਵਿਦਾਸ ਆਸ ਲਗਿ ਜੀਵਉ ਚਿਰ ਭਇਓ ਦਰਸਨੁ ਦੇਖੇ ॥

**ਸਤਿਗੁਰੂ ਰਵਿਦਾਸ ਜੀ ਦੇ 643ਵੇਂ ਪ੍ਰਕਾਸ਼ ਦਿਹਾੜੇ ਦੀਆਂ ਸਮੂਹ ਮਾਨਵਤਾ ਨੂੰ ਲੱਖ-ਲੱਖ ਵਧਾਈਆਂ**

ਪਰਮ ਸਤਿਕਾਰਯੋਗ ਗੁਰੂ ਪਿਆਰੀ ਸਾਧ ਸੰਗਤ ਜੀ, ਜਿਵੇਂ ਕਿ ਆਪ ਜਾਣਦੇ ਹੀ ਹੋ ਕਿ ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ (ਕੈਲੇਫੋਰਨੀਆ) ਦੀ ਸਮੂਹ ਪ੍ਰਬੰਧਕ ਕਮੇਟੀ ਵੱਲੋਂ ਸੰਗਤਾਂ ਦੇ ਸਹਿਯੋਗ ਨਾਲ ਧੰਨ ਧੰਨ ਸਾਹਿਬ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 643ਵੇਂ ਗੁਰਪੁਰਬ ਮਨਾਏ ਜਾ ਰਹੇ ਹਨ। ਜਿਸ ਵਿਚ 21 ਫਰਵਰੀ ਦਿਨ ਸ਼ੁੱਕਰਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕੀਤੇ ਜਾਣਗੇ। 22 ਫਰਵਰੀ ਦਿਨ ਸ਼ਨਿਚਰਵਾਰ ਸ਼ਾਮੀ 4 ਵਜੇ ਨਿਸ਼ਾਨ ਸਾਹਿਬ ਜੀ ਦੇ ਚੋਲੇ ਦੀ ਸੇਵਾ ਕੀਤੀ ਜਾਵੇਗੀ ਅਤੇ ਸ਼ਾਮੀ 6 ਵਜੇ ਤੋਂ ਰਾਤੀ 10 ਵਜੇ ਤੱਕ ਕੀਰਤਨ ਦਰਬਾਰ ਸਜਾਏ ਜਾਣਗੇ। 23 ਫਰਵਰੀ ਦਿਨ ਐਤਵਾਰ ਨੂੰ ਅਖੰਡ ਪਾਠ ਸਾਹਿਬ ਜੀ ਦੇ ਭੋਗ ਉਪਰੰਤ ਕੀਰਤਨ ਦਰਬਾਰ ਸਜਾਏ ਜਾਣਗੇ। ਸਮੂਹ ਗੁਰੂ ਪਿਆਰੀ ਸਾਧ ਸੰਗਤ ਨੂੰ ਸਨਿਮਰ ਬੇਨਤੀ ਕੀਤੀ ਜਾਂਦੀ ਹੈ ਕਿ ਗੁਰੂ ਘਰ ਪਹੁੰਚ ਕੇ ਗੁਰਬਾਣੀ ਸਰਵਣ ਕਰਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

**Ram Sewak Bhatia**

**(Head Cashier)**

**& Bhatia Family**



**Sri Guru Ravidass Temple Yuba City (California)**





**KB USED AUTO SALES**



**8655 B Monterey Street Gilroy, CA 95020**

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

**ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ**



Kashmiri Bhatia & his wife

**K&K AUTO REPAIR**
**and Car Wash**

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust





# ਸਤਿਗੁਰੂ ਰਵਿਦਾਸ ਜੀ ਦੇ 643ਵੇਂ ਪ੍ਰਕਾਸ਼ ਦਿਹਾੜੇ ਦੀਆਂ ਸਮੂਹ ਮਾਨਵਤਾ ਨੂੰ ਲੱਖ-ਲੱਖ ਵਧਾਈਆਂ

ਪਰਮ ਸਤਿਕਾਰਯੋਗ ਗੁਰੂ ਪਿਆਰੀ ਸਾਧ ਸੰਗਤ ਜੀ, ਜਿਵੇਂ ਕਿ ਆਪ ਜਾਣਦੇ ਹੀ ਹੋ ਕਿ ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ (ਕੈਲੇਫੋਰਨੀਆ) ਦੀ ਸਮੂਹ ਪ੍ਰਬੰਧਕ ਕਮੇਟੀ ਵੱਲੋਂ ਸੰਗਤਾਂ ਦੇ ਸਹਿਯੋਗ ਨਾਲ ਧੰਨ ਧੰਨ ਸਾਹਿਬ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 643ਵੇਂ ਗੁਰਪੁਰਬ ਮਨਾਏ ਜਾ ਰਹੇ ਹਨ। ਜਿਸ ਵਿਚ 21 ਫਰਵਰੀ ਦਿਨ ਸ਼ੁੱਕਰਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕੀਤੇ ਜਾਣਗੇ। 22 ਫਰਵਰੀ ਦਿਨ ਸ਼ਨਿਚਰਵਾਰ ਸ਼ਾਮੀ 4 ਵਜੇ ਨਿਸ਼ਾਨ ਸਾਹਿਬ ਜੀ ਦੇ ਚੋਲੇ ਦੀ ਸੇਵਾ ਕੀਤੀ ਜਾਵੇਗੀ ਅਤੇ ਸ਼ਾਮੀ 6 ਵਜੇ ਤੋਂ ਰਾਤੀ 10 ਵਜੇ ਤੱਕ ਕੀਰਤਨ ਦਰਬਾਰ ਸਜਾਏ ਜਾਣਗੇ। 23 ਫਰਵਰੀ ਦਿਨ ਐਤਵਾਰ ਨੂੰ ਅਖੰਡ ਪਾਠ ਸਾਹਿਬ ਜੀ ਦੇ ਭੋਗ ਉਪਰੰਤ ਕੀਰਤਨ ਦਰਬਾਰ ਸਜਾਏ ਜਾਣਗੇ। ਸਮੂਹ ਗੁਰੂ ਪਿਆਰੀ ਸਾਧ ਸੰਗਤ ਨੂੰ ਸਨਿਮਰ ਬੇਨਤੀ ਕੀਤੀ ਜਾਂਦੀ ਹੈ ਕਿ ਗੁਰੂ ਘਰ ਪਹੁੰਚ ਕੇ ਗੁਰਬਾਣੀ ਸਰਵਣ ਕਰਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।





**Parshotam Sood (Vice Chairman) and Lakhvir Sood (Trusty Member)**

## Sri Guru Ravidass Temple Yuba City (California)







# ਧੰਨ ਧੰਨ ਸਾਹਿਬ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 643ਵੇਂ ਗੁਰਪੁਰਬ 21, 22, 23 ਫਰਵਰੀ ਨੂੰ

## ਪ੍ਰੋਗਰਾਮਾਂ ਦਾ ਵੇਰਵਾ

**ਸ੍ਰੀ ਅਖੰਡ ਪਾਠ ਸਾਹਿਬ ਦਾ ਆਰੰਭ**
21 ਫਰਵਰੀ ਦਿਨ ਸ਼ੁੱਕਰਵਾਰ ਨੂੰ

**ਨਿਸ਼ਾਨ ਸਾਹਿਬ ਦੇ ਚੋਲੇ ਦੀ ਸੇਵਾ**
22 ਫਰਵਰੀ ਦਿਨ ਸ਼ਨਿਚਰਵਾਰ ਸ਼ਾਮੀ 4 ਵਜੇ
ਸ਼ਾਮੀ 6 ਵਜੇ ਤੋਂ ਰਾਤੀ 10 ਵਜੇ ਤੱਕ
ਕੀਰਤਨ ਦਰਬਾਰ

**ਅਖੰਡ ਪਾਠ ਸਾਹਿਬ ਜੀ ਦੇ ਭੋਗ ਅਤੇ ਕੀਰਤਨ ਦਰਬਾਰ**
23 ਫਰਵਰੀ ਦਿਨ ਐਤਵਾਰ ਨੂੰ

## ਪਰਮ ਸਤਿਕਾਰਯੋਗ ਗੁਰੂ ਪਿਆਰੀ ਸਾਧ ਸੰਗਤ ਜੀ

ਜਿਵੇਂ ਕਿ ਆਪ ਜਾਣਦੇ ਹੀ ਹੋ ਕਿ ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ (ਕੈਲੇਫੋਰਨੀਆ) ਦੀ ਸਮੂਹ ਪ੍ਰਬੰਧਕ ਕਮੇਟੀ ਵੱਲੋਂ ਸੰਗਤਾਂ ਦੇ ਸਹਿਯੋਗ ਨਾਲ ਧੰਨ ਧੰਨ ਸਾਹਿਬ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 643ਵੇਂ ਗੁਰਪੁਰਬ ਮਨਾਏ ਜਾ ਰਹੇ ਹਨ। ਜਿਸ ਵਿਚ 21 ਫਰਵਰੀ ਦਿਨ ਸ਼ੁੱਕਰਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕੀਤੇ ਜਾਣਗੇ। 22 ਫਰਵਰੀ ਦਿਨ ਸ਼ਨਿਚਰਵਾਰ ਸ਼ਾਮੀ 4 ਵਜੇ ਨਿਸ਼ਾਨ ਸਾਹਿਬ ਜੀ ਦੇ ਚੋਲੇ ਦੀ ਸੇਵਾ ਕੀਤੀ ਜਾਵੇਗੀ ਅਤੇ ਸ਼ਾਮੀ 6 ਵਜੇ ਤੋਂ ਰਾਤੀ 10 ਵਜੇ ਤੱਕ ਕੀਰਤਨ ਦਰਬਾਰ ਸਜਾਏ ਜਾਣਗੇ। 23 ਫਰਵਰੀ ਦਿਨ ਐਤਵਾਰ ਨੂੰ ਅਖੰਡ ਪਾਠ ਸਾਹਿਬ ਜੀ ਦੇ ਭੋਗ ਉਪਰੰਤ ਕੀਰਤਨ ਦਰਬਾਰ ਸਜਾਏ ਜਾਣਗੇ। ਸਮੂਹ ਗੁਰੂ ਪਿਆਰੀ ਸਾਧ ਸੰਗਤ ਨੂੰ ਸਨਿਮਰ ਬੇਨਤੀ ਕੀਤੀ ਜਾਂਦੀ ਹੈ ਕਿ ਗੁਰੂ ਘਰ ਪਹੁੰਚ ਕੇ ਗੁਰਬਾਣੀ ਸਰਵਣ ਕਰਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

# ਸਤਿਗੁਰੂ ਰਵਿਦਾਸ ਜੀ ਦੇ 643ਵੇਂ ਪ੍ਰਕਾਸ਼ ਦਿਹਾੜੇ ਦੀਆਂ ਸਮੂਹ ਮਾਨਵਤਾ ਨੂੰ ਲੱਖ-ਲੱਖ ਵਧਾਈਆਂ















**ਗੁਰੂ ਘਰ ਦੇ ਸੇਵਾਦਾਰ**

ਗੁਰਨਾਮ ਸਿੰਘ ਭੰਡਾਲ (ਚੇਅਰਮੈਨ), ਪ੍ਰਸ਼ੋਤਮ ਸੂਦ (ਵਾਇਸ ਚੇਅਰਮੈਨ), ਸਿੰਗਾਰਾ ਸਿੰਘ ਰੱਲ੍ਹ (ਪ੍ਰਧਾਨ), ਮਹਿੰਦਰ ਸਿੰਘ ਰੱਤੂ (ਵਾਇਸ ਪ੍ਰਧਾਨ), ਕੁਲਦੀਪ ਸਿੰਘ ਸੁੰਮਨ (ਜਨਰਲ ਸਕੱਤਰ), ਦਲਵਿੰਦਰ ਰੱਲ੍ਹ (ਵਾਇਸ ਜਨਰਲ ਸੈਕਟਰੀ), ਜਸਵਿੰਦਰ ਸਿੰਘ (ਵਾਇਸ ਸਕੱਤਰ), ਰਾਮ ਸੇਵਕ ਭਾਟੀਆ (ਮੁੱਖ ਕੈਸ਼ੀਅਰ), ਜੱਸਪਾਲ ਜੱਸਲ (ਵਾਇਸ ਕੈਸ਼ੀਅਰ), ਗੁਰਦੀਪ ਸਿੰਘ ਹੀਰਾ (ਸਟੇਜ ਸਕੱਤਰ),

**Sri Guru Ravidas Temple 1480 HAYNE AVE YUBA CITY, CA, Ph- 530-674-2564**

# ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਦਾ 15ਵਾਂ ਸਥਾਪਨਾ ਦਿਵਸ ਸ਼ਰਧਾ ਨਾਲ ਮਨਾਇਆ ਗਿਆ

**ਯੂਬਾ ਸਿਟੀ (ਬਿਊਰੋ)–** ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਦੀ ਸਮੂਹ ਪ੍ਰਬੰਧਕ ਕਮੇਟੀ ਵੱਲੋਂ ਸੰਗਤਾਂ ਦੇ ਸਹਿਯੋਗ ਨਾਲ ਗੁਰੂ ਘਰ ਦੇ ਸਥਾਪਨਾ ਦਿਵਸ ਨੂੰ ਸਮਰਪਿਤ ਹਫਤਾਵਾਰੀ ਦੀਵਾਨ ਸਜਾਏ ਗਏ, ਜਿਸ ਵਿਚ 14 ਫਰਵਰੀ ਦਿਨ ਸ਼ੁੱਕਰਵਾਰ ਨੂੰ ਗੁਰੂ ਘਰ ਵਿਖੇ ਸ੍ਰੀ ਅਖੰਡ ਪਾਠ ਆਰੰਭ ਕੀਤੇ ਗਏ, ਜਿਹਨਾਂ ਦੇ ਭੋਗ 16 ਫਰਵਰੀ ਦਿਨ ਐਤਵਾਰ ਨੂੰ ਪਾਏ ਗਏ। ਉਪਰੰਤ ਕੀਰਤਨ ਦਰਬਾਰ ਸਜਾਏ ਗਏ, ਜਿਸ ਵਿਚ ਗੁਰੂ ਘਰ ਦੇ ਹੈਡ ਗ੍ਰੰਥੀ ਭਾਈ ਸਾਹਿਬ ਭਾਈ ਗੁਰਦਿਆਲ ਸਿੰਘ ਜੀ (ਸੁਦਾਣੇ ਵਾਲੇ) ਵੱਲੋਂ ਗੁਰਬਾਣੀ ਦਾ ਮਨੋਹਰ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਸਟੇਜ ਸਕੱਤਰ ਦੀ ਸੇਵਾ ਗੁਰਦੀਪ ਸਿੰਘ (ਹੀਰਾ) ਵੱਲੋਂ ਬਹੁਤ ਵਧੀਆ ਢੰਗ ਨਾਲ ਨਿਭਾਈ ਗਈ। ਅੰਤ ਵਿਚ ਗੁਰੂ ਘਰ ਦੇ ਮੁੱਖ ਸੇਵਾਦਾਰ ਸ. ਸ਼ਿੰਗਾਰਾ ਸਿੰਘ ਰੱਲ੍ਹ ਵੱਲੋਂ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ। ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ। ਅੱਜ ਦੇ ਦੀਵਾਨਾਂ ਦੀ ਫੋਟੋਗ੍ਰਾਫੀ ਅਤੇ ਲਾਈਵ ਪ੍ਰੋਗਰਾਮ 'ਦੇਸ਼ ਦੁਆਬਾ' ਵੱਲੋਂ ਕੀਤਾ ਗਿਆ।













All pictures by Prem Chumber







ਬਹੁਤ ਜਨਮ ਬਿਛੁਰੇ ਥੇ ਮਾਧਉ ਇਹੁ ਜਨਮ ਤੁਮ੍ਹਾਰੇ ਲੇਖੇ ॥
ਕਹਿ ਰਵਿਦਾਸ ਆਸ ਲਗਿ ਜੀਵਉ ਚਿਰ ਭਇਓ ਦਰਸਨ ਦੇਖੇ ॥

## ਸਤਿਗੁਰੂ ਰਵਿਦਾਸ ਜੀ ਦੇ 643ਵੇਂ ਪ੍ਰਕਾਸ਼ ਦਿਹਾੜੇ ਦੀਆਂ ਸਮੂਹ ਮਾਨਵਤਾ ਨੂੰ ਲੱਖ-ਲੱਖ ਵਧਾਈਆਂ

ਪਰਮ ਸਤਿਕਾਰਯੋਗ ਗੁਰੂ ਪਿਆਰੀ ਸਾਧ ਸੰਗਤ ਜੀ, ਜਿਵੇਂ ਕਿ ਆਪ ਜਾਣਦੇ ਹੀ ਹੋ ਕਿ ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ (ਕੈਲੇਫੋਰਨੀਆ) ਦੀ ਸਮੂਹ ਪ੍ਰਬੰਧਕ ਕਮੇਟੀ ਵੱਲੋਂ ਸੰਗਤਾਂ ਦੇ ਸਹਿਯੋਗ ਨਾਲ ਧੰਨ ਧੰਨ ਸਾਹਿਬ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 643ਵੇਂ ਗੁਰਪੁਰਬ ਮਨਾਏ ਜਾ ਰਹੇ ਹਨ। ਜਿਸ ਵਿਚ 21 ਫਰਵਰੀ ਦਿਨ ਸ਼ੁੱਕਰਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕੀਤੇ ਜਾਣਗੇ। 22 ਫਰਵਰੀ ਦਿਨ ਸ਼ਨਿਚਰਵਾਰ ਸ਼ਾਮੀ 4 ਵਜੇ ਨਿਸ਼ਾਨ ਸਾਹਿਬ ਜੀ ਦੇ ਚੋਲੇ ਦੀ ਸੇਵਾ ਕੀਤੀ ਜਾਵੇਗੀ ਅਤੇ ਸ਼ਾਮੀ 6 ਵਜੇ ਤੋਂ ਰਾਤੀ 10 ਵਜੇ ਤੱਕ ਕੀਰਤਨ ਦਰਬਾਰ ਸਜਾਏ ਜਾਣਗੇ। 23 ਫਰਵਰੀ ਦਿਨ ਐਤਵਾਰ ਨੂੰ ਅਖੰਡ ਪਾਠ ਸਾਹਿਬ ਜੀ ਦੇ ਭੋਗ ਉਪਰੰਤ ਕੀਰਤਨ ਦਰਬਾਰ ਸਜਾਏ ਜਾਣਗੇ। ਸਮੂਹ ਗੁਰੂ ਪਿਆਰੀ ਸਾਧ ਸੰਗਤ ਨੂੰ ਸਨਿਮਰ ਬੇਨਤੀ ਕੀਤੀ ਜਾਂਦੀ ਹੈ ਕਿ ਗੁਰੂ ਘਰ ਪਹੁੰਚ ਕੇ ਗੁਰਬਾਣੀ ਸਰਵਣ ਕਰਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।



ਗੁਰਨਾਮ ਸਿੰਘ ਭੰਡਾਲ (ਚੇਅਰਮੈਨ)
ਅਤੇ ਭੰਡਾਲ ਪਰਿਵਾਰ

Sri Guru Ravidass Temple Yuba City (California)

ਹਮ ਸਰਿ ਦੀਨੁ ਦਇਆਲੁ ਨ ਤੁਮ ਸਰਿ ਅਬ ਪਤੀਆਰੁ ਕਿਆ ਕੀਜੈ ॥ ਬਚਨੀ ਤੋਰ ਮੋਰ ਮਨੁ ਮਾਨੈ ਜਨ ਕਉ ਪੂਰਨੁ ਦੀਜੈ ॥1॥






# ਮਹਾਂਰਿਸ਼ੀ ਵਾਲਮੀਕ ਸਭਾ ਯੂ.ਐਸ.ਏ.(ਯੂਬਾ ਸਿਟੀ) ਕੈਲੇਫੋਰਨੀਆ

**ਪਰਮ ਸਤਿਕਾਰਯੋਗ ਗੁਰੂ ਪਿਆਰੀ ਸਾਧ ਸੰਗਤ ਜੀ**

ਜਿਵੇਂ ਕਿ ਆਪ ਜਾਣਦੇ ਹੀ ਹੋ ਕਿ ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ (ਕੈਲੇਫੋਰਨੀਆ) ਦੀ ਸਮੂਹ ਪ੍ਰਬੰਧਕ ਕਮੇਟੀ ਵੱਲੋਂ ਸੰਗਤਾਂ ਦੇ ਸਹਿਯੋਗ ਨਾਲ ਧੰਨ ਧੰਨ ਸਾਹਿਬ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 643ਵੇਂ ਗੁਰਪੁਰਬ ਮਨਾਏ ਜਾ ਰਹੇ ਹਨ। ਜਿਸ ਵਿਚ 21 ਫਰਵਰੀ ਦਿਨ ਸ਼ੁੱਕਰਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕੀਤੇ ਜਾਣਗੇ। 22 ਫਰਵਰੀ ਦਿਨ ਸ਼ਨਿਚਰਵਾਰ ਸ਼ਾਮੀ 4 ਵਜੇ ਨਿਸ਼ਾਨ ਸਾਹਿਬ ਜੀ ਦੇ ਚੋਲੇ ਦੀ ਸੇਵਾ ਕੀਤੀ ਜਾਵੇਗੀ ਅਤੇ ਸ਼ਾਮੀ 6 ਵਜੇ ਤੋਂ ਰਾਤੀ 10 ਵਜੇ ਤੱਕ ਕੀਰਤਨ ਦਰਬਾਰ ਸਜਾਏ ਜਾਣਗੇ। 23 ਫਰਵਰੀ ਦਿਨ ਐਤਵਾਰ ਨੂੰ ਅਖੰਡ ਪਾਠ ਸਾਹਿਬ ਜੀ ਦੇ ਭੋਗ ਉਪਰੰਤ ਕੀਰਤਨ ਦਰਬਾਰ ਸਜਾਏ ਜਾਣਗੇ। ਸਮੂਹ ਗੁਰੂ ਪਿਆਰੀ ਸਾਧ ਸੰਗਤ ਨੂੰ ਸਨਿਮਰ ਬੇਨਤੀ ਕੀਤੀ ਜਾਂਦੀ ਹੈ ਕਿ ਗੁਰੂ ਘਰ ਪਹੁੰਚ ਕੇ ਗੁਰਬਾਣੀ ਸਰਵਣ ਕਰਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

ਮਹਾਂਰਿਸ਼ੀ ਵਾਲਮੀਕ ਸਭਾ ਵੱਲੋਂ ਭਗਵਾਨ ਵਾਲਮੀਕ ਟੈਂਪਲ ਅਤੇ ਭਗਵਾਨ ਵਾਲਮੀਕ ਜੀ ਦੀ ਮੂਰਤੀ ਸਥਾਪਨਾ ਦਿਵਸ 15 ਮਾਰਚ 2020 ਦਿਨ ਐਤਵਾਰ ਨੂੰ ਸ਼ਰਧਾ ਪੂਰਵਕ ਮਨਾਇਆ ਜਾ ਰਿਹਾ ਹੈ। ਸਭਾ ਵੱਲੋਂ ਸਮੂਹ ਗੁਰੂ ਪਿਆਰੀ ਸਾਧ ਸੰਗਤ ਨੂੰ ਸਨਿਮਰ ਬੇਨਤੀ ਹੈ ਕਿ ਹੁੰਮਾ ਹੁੰਮਾ ਕੇ ਦਰਸ਼ਨ ਦੇਣ ਦੀ ਕਿਰਪਾਲਤਾ ਕਰਨ।

## ਬੇਨਤੀ ਕਰਤਾ- ਮਹਾਂਰਿਸ਼ੀ ਵਾਲਮੀਕ ਸਭਾ ਯੂ.ਐਸ.ਏ.(ਯੂਬਾ ਸਿਟੀ) ਕੈਲੇਫੋਰਨੀਆ

ਮਹਾਂਰਿਸ਼ੀ ਵਾਲਮੀਕ ਟੈਂਪਲ, 84/86 ਪਰਸੀ ਐਵਨਿਊ, ਯੂਬਾ ਸਿਟੀ, ਕੈਲੇਫੋਰਨੀਆ 95991

ਸੰਪਰਕ ਲਈ:- ਪ੍ਰਧਾਨ ਸ੍ਰੀ ਪ੍ਰੇਮ ਸੌਂਧੀ 530-813-3877, ਸੰਤੋਖ ਸਿੰਘ ਗਿੱਲ (ਉਪ ਪ੍ਰਧਾਨ) 530-740-3056, ਸਕੱਤਰ ਬਲਬੀਰ ਧਾਰੀਵਾਲ (ਸੋਨੀ) 916-243-9017



ਹਮ ਸਰਿ ਦੀਨੁ ਦਇਆਲੁ ਨ ਤੁਮ ਸਰਿ ਅਬ ਪਤੀਆਰੁ ਕਿਆ ਕੀਜੈ ॥ ਬਚਨੀ ਤੋਰ ਮੋਰ ਮਨੁ ਮਾਨੈ ਜਨ ਕਉ ਪੂਰਨੁ ਦੀਜੈ ॥1॥

# ਸਤਿਗੁਰੂ ਰਵਿਦਾਸ ਜੀ ਦੇ 643ਵੇਂ ਪ੍ਰਕਾਸ਼ ਦਿਹਾੜੇ ਦੀਆਂ ਸਮੂਹ ਮਾਨਵਤਾ ਨੂੰ ਲੱਖ-ਲੱਖ ਵਧਾਈਆਂ

ਪਰਮ ਸਤਿਕਾਰਯੋਗ ਗੁਰੂ ਪਿਆਰੀ ਸਾਧ ਸੰਗਤ ਜੀ, ਜਿਵੇਂ ਕਿ ਆਪ ਜਾਣਦੇ ਹੀ ਹੋ ਕਿ ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ (ਕੈਲੇਫੋਰਨੀਆ) ਦੀ ਸਮੂਹ ਪ੍ਰਬੰਧਕ ਕਮੇਟੀ ਵੱਲੋਂ ਸੰਗਤਾਂ ਦੇ ਸਹਿਯੋਗ ਨਾਲ ਧੰਨ ਧੰਨ ਸਾਹਿਬ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 643ਵੇਂ ਗੁਰਪੁਰਬ ਮਨਾਏ ਜਾ ਰਹੇ ਹਨ। ਜਿਸ ਵਿਚ 21 ਫਰਵਰੀ ਦਿਨ ਸ਼ੁੱਕਰਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕੀਤੇ ਜਾਣਗੇ। 22 ਫਰਵਰੀ ਦਿਨ ਸ਼ਨਿਚਰਵਾਰ ਸ਼ਾਮੀ 4 ਵਜੇ ਨਿਸ਼ਾਨ ਸਾਹਿਬ ਜੀ ਦੇ ਚੋਲੇ ਦੀ ਸੇਵਾ ਕੀਤੀ ਜਾਵੇਗੀ ਅਤੇ ਸ਼ਾਮੀ 6 ਵਜੇ ਤੋਂ ਰਾਤੀ 10 ਵਜੇ ਤੱਕ ਕੀਰਤਨ ਦਰਬਾਰ ਸਜਾਏ ਜਾਣਗੇ। 23 ਫਰਵਰੀ ਦਿਨ ਐਤਵਾਰ ਨੂੰ ਅਖੰਡ ਪਾਠ ਸਾਹਿਬ ਜੀ ਦੇ ਭੋਗ ਉਪਰੰਤ ਕੀਰਤਨ ਦਰਬਾਰ ਸਜਾਏ ਜਾਣਗੇ। ਸਮੂਹ ਗੁਰੂ ਪਿਆਰੀ ਸਾਧ ਸੰਗਤ ਨੂੰ ਸਨਿਮਰ ਬੇਨਤੀ ਕੀਤੀ ਜਾਂਦੀ ਹੈ ਕਿ ਗੁਰੂ ਘਰ ਪਹੁੰਚ ਕੇ ਗੁਰਬਾਣੀ ਸਰਵਣ ਕਰਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।



**Dilwinder Ralh**

**(Ex President)**

**& Ralh Family**

**Sri Guru Ravidass Temple**

**Yuba City (California)**


Gold Rush
energy solutions

Dilwinder Ralh
Renewable Energy Expert

(530) 933-3938
(866) 55-POWER
goldrushenergy.com
dralh@goldrushenergy.com
4911 Windplay Dr, Suite 4, El Dorado Hills, CA, 95762 ic#96454SP

Kash FABRICS

ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ



ਸਾਡੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ

ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।

ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।

ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।



KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138

INDIA BAZAAR




INDIAN, PAKISTANI & FIJJIAN GROCERIES

WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
WE ACCEPT FOOD STAMPS

CALL TO HAPPY
Cell: (209)-487-2127
Ph: (209) 478-0285
Fax: (209) 477-3206

ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।

EVERY SATURDAY & SUNDAY SPECIAL DISCOUNT ON GROCERIES
1304-E HAMMER LANE, SUITE 12, STOCKTON CA, 95210
EMAIL: indiabazaar08@yahoo.com

# ਅਕਾਲੀ- ਭਾਜਪਾ ਗੱਠਜੋੜ 'ਤੇ ਛਾਏ ਬੇਭਰੋਸਗੀ ਦੇ ਬੱਦਲ



**ਦਰਸ਼ਨ ਸਿੰਘ ਸ਼ੰਕਰ**
**91-99158-36543**

ਪੰਜਾਬ 'ਚ ਪਿਛਲੇ 23 ਸਾਲ ਤੋਂ ਚਲ ਰਹੇ ਅਕਾਲੀ -ਭਾਜਪਾ ਦੇ ਗੱਠਜੋੜ ਵਿਚ ਤਰੇੜਾਂ ਦੀ ਝਲਕ ਸਪੱਸ਼ਟ ਵਿਖਾਈ ਦੇ ਰਹੀ ਹੈ । ਬੇਸ਼ਕ ਅਕਾਲੀ ਦਲ ਇਸ ਨੂੰ ਨਹੁੰ ਮਾਸ ਦਾ ਰਿਸ਼ਤਾ ਦਸ ਰਿਹੈ, ਪਰ ਕੁੱਝ ਸਮੇਂ ਤੋਂ ਭਾਜਪਾ ਦਾ ਰਵੱਈਆ ਇਸ ਪ੍ਰਤੀ ਨਾਂ ਪੱਖੀ ਲੱਗ ਰਿਹੈ। ਜਿਸ ਦਾ ਸੰਕੇਤ ਬੀਜੇਪੀ ਦੇ ਕਈ ਸੂਬਾਈ ਲੀਡਰ ਖੁੱਲ੍ਹ ਕੇ ਦੇ ਚੁਕੇ ਨੇ। ਅਮ੍ਰਿਤਸਰ ਵਿਚ ਅਕਾਲੀ ਦਲ ਦੀ ਰੈਲੀ ਵਿਚ ਗੱਠਜੋੜ ਦੇ ਮੁੱਖ ਸਿਰਜਕ ਅਤੇ ਸਾਬਕਾ ਮੁੱਖ ਮੰਤਰੀ ਪਰਕਾਸ਼ ਸਿੰਘ ਬਾਦਲ ਵਲੋਂ ਬੋਲਦੇ ਧਰਮ ਅਤੇ ਨਫਰਤ ਦੀ ਰਾਜਨੀਤੀ ਤੇ ਚਿੰਤਾ ਜਤਾ ਕੇ ਕੇਂਦਰੀ ਮੋਦੀ ਸਰਕਾਰ ਨਾਲ ਅਸਿਹਮਤੀ ਜਾਹਰ ਕੀਤੀ ਗਈ । ਉਂਝ ਵੀ ਇਹ ਗੱਠਜੋੜ ਸਿਧਾਂਤਾਂ ਦੀ ਬਜਾਏ ਰਾਜਸੀ ਹਿੱਤਾਂ ਤੇ ਹੀ ਆਧਾਰਤ ਹੈ। ਕਿਉਂਕਿ ਦੋਵੇਂ ਪਾਰਟੀਆਂ ਇਕੱਲੇ ਤੌਰ ਤੇ ਸੂਬੇ ਅੰਦਰ ਸੱਤਾ 'ਚ ਆਉਣ ਦੀ ਸਥਿਤੀ ਵਿਚ ਹਨ ਹੀ ਨਹੀਂ। ਗੱਠਜੋੜ ਨੂੰ ਅਜੋਕੀ ਸਥਿਤੀ ਵਿਚ ਧਕੇਲਣ ਲਈ ਦੋਵਾਂ ਪਾਰਟੀਆਂ ਦੀ ਮੌਜੂਦਾ ਲੀਡਰਸ਼ਿਪ ਦਾ ਅੱਖੜ ਤੇ ਤਾਨਾਸ਼ਾਹੀ ਰਵੱਈਆ ਕਿਹਾ ਜਾ ਸਕਦੈ। ਆਉਣ ਵਾਲੇ ਸਮੇਂ 'ਚ ਗੱਠਜੋੜ ਅੰਦਰ ਬੇਵਿਸਵਾਸ਼ੀ ਪੰਜਾਬ ਵਿਚ ਨਵੇਂ ਰਾਜਸੀ ਸਮੀਕਰਣ ਪੈਦਾ ਹੋਣ ਦੇ ਸੰਕੇਤ ਦਿੰਦੀ ਹੈ।

**ਪਿਛੋਕੜ :**

ਸੂਬੇ ਅੰਦਰ ਸਿੱਖ ਅਤੇ ਹਿੰਦੂ ਵਸੋਂ ਦੇ ਅਨੂਪਾਤ ਦੇ ਮੱਦੇ ਨਜ਼ਰ ਸਾਰੇ ਅੰਤਰ ਵਿਰੋਧਾਂ ਦੇ ਬਾਵਜੂਦ ਰਾਜਨੀਤਕ ਹਿੱਤ ਪੂਰਣ ਲਈ ਕਰੀਬ 23 ਸਾਲ ਪਹਿਲਾਂ ਇਹ ਗੱਠਜੋੜ ਹੋਂਦ 'ਚ ਆਇਆ, ਜਿਸ ਵਿਚ ਅਕਾਲੀ ਦਲ ਦੀ ਵੱਡੇ ਅਤੇ ਬੀਜਪੀ ਦੀ ਛੋਟੇ ਭਰਾ ਦੀ ਭੁਮਿਕਾ ਸਵੀਕਾਰੀ ਗਈ। ਸਮੇਂ ਸਮੇਂ ਤੇ ਜਦੋਂ ਵੀ ਗੱਠਜੋੜ ਅੰਦਰ ਕੋਈ ਕੁੜੱਤਣ ਆਈ ਤਾਂ ਪ੍ਰੋਢ ਲੀਡਰਸ਼ਿਪ ਨੇ ਮਿਲ ਬੈਠ ਕੇ ਹੱਲ ਕੱਢ ਲਿਆ। ਵੱਡੇ ਬਾਦਲ ਦੇ ਹਮੇਸ਼ਾਂ ਉਸ ਸਮੇਂ ਦੇ ਭਾਜਪਾ ਦੇ ਕੌਮੀ ਨੇਤਾ ਵਾਜਪਾਈ ਅਤੇ ਅਡਵਾਨੀ ਨਾਲ ਸੁਖਾਵੇਂ ਸਬੰਧ ਬਣੇ ਰਹੇ, ਜਿਸ ਦੀ ਮੌਜੂਦਾ ਲੀਡਰਸ਼ਿਪ ਵਿਚ ਇਕ ਚਿਣਗ ਵੀ ਨਹੀਂ ਝਲਕਦੀ। ਗੱਠਜੋੜ ਨੇ ਦਰਜਨ ਤੋਂ ਵਧੇਰੇ ਲੋਕ ਸਭਾ ਅਤੇ ਵਿਧਾਨ ਸਭਾ ਚੋਣਾਂ ਇਕੱਠੇ ਲੜੀਆਂ । ਕੇਂਦਰ ਅਤੇ ਸੂਬੇ 'ਚ ਪੂਰੀ ਮਿਆਦ ਦੀਆਂ ਸਰਕਾਰਾਂ ਵੀ ਚਲਾਈਆਂ।

**ਤਣਾਅ ਦੀ ਸ਼ੁਰੂਆਤ:**

ਸਹੀ ਦਿਸ਼ਾ ,ਚ ਚਲਦੇ ਗੱਠਜੋੜ ਅੰਦਰ ਤਣਾਅ ਦਾ ਮੁੱਢ ਵੱਡੇ ਬਾਦਲ ਵਲੋਂ 2009 ਵਿਚ ਬੀਜਪੀ ਨੇਤਾਵਾਂ ਨੂੰ ਅਣਗੌਲਿਆਂ ਕਰਕੇ ਸੁਖਬੀਰ ਬਾਦਲ ਨੂੰ ਉਪ ਮੁੱਖ ਮੰਤਰੀ ਥਾਪਣ ਨਾਲ ਬੱਝਾ, ਪਰ ਬੀਜੇਪੀ ਆਗੂ ਕੰਮਜੋਰ ਸਥਿਤੀ ਅਤੇ ਕੇਂਦਰੀ ਲੀਡਰਾਂ ਦੀ ਘੁਰਕੀ ਕਾਰਨ ਕੌੜਾ ਘੁੱਟ ਨਿਗਲ ਗਏ ਅਤੇ 10 ਸਾਲ ਸੱਤਾ ਦਾ ਅਨੰਦ ਭੋਗਦੇ ਰਹੇ ਅਤੇ ਸੁਖਬੀਰ ਬਾਦਲ ਦੀ ਤੂਤੀ ਬੋਲਦੀ ਰਹੀ। ਫਿਰ 2014 ਲੋਕ ਸਭਾ ਚੋਣਾਂ ਦੌਰਾਨ ਸਾਰੇ ਦੇਸ਼ ਵਿਚ ਮੋਦੀ ਦੀ ਹਨੇਰੀ ਚੱਲੀ, ਪਰ ਪੰਜਾਬ ਵਿਚ ਸਰਕਾਰ ਪ੍ਰਤੀ ਜਨਤਾ ਦੇ ਗੁੱਸੇ ਕਾਰਨ ਠੁੱਸ ਹੋ ਕੇ ਰਹਿ ਗਈ। ਭਾਜਪਾ ਦੇ ਕਦਾਵਰ ਨੇਤਾ ਅਰੁਣ ਜੇਤਲੀ ਦੀ ਸ਼ਰਮਨਾਕ ਹਾਰ ਹੋਈ। ਫਿਰ 2017 ਦੀਆਂ ਵਿਧਾਨ ਸਭਾ



ਚੋਣਾਂ ਵਿਚ ਵੀ ਗੱਠਜੋੜ ਦੀ ਕਰਾਰੀ ਹਾਰ ਹੋ ਗਈ ਅਤੇ ਪਹਿਲੀ ਵਾਰ ਗੱਠਜੋੜ ਵਿਰੋਧੀ ਧਿਰ ਦਾ ਦਰਜਾ ਵੀ ਹਾਸਿਲ ਨਾ ਕਰ। ਬੀਜੇਪੀ ਦੇ ਕਈ ਨੇਤਾਵਾਂ ਨੇ ਮਾੜੀ ਕਾਰਗੁਜਾਰੀ ਲਈ ਅਕਾਲੀ ਆਗੂਆਂ ਦੀ ਬਦਨਾਮੀ ਨੂੰ ਇਸ ਦਾ ਕਾਰਨ ਦਸਿਆ ਅਤੇ ਬੀਜੇਪੀ ਦਾ ਰਵੱਈਆ ਅਕਾਲੀ ਦਲ ਪ੍ਰਤੀ ਆਏ ਦਿਨ ਰੁੱਖਾ ਹੁੰਦਾ ਚਲਾ ਗਿਆ।ਅਕਾਲੀ ਦਲ ਦੀ ਲੀਡਰਸ਼ਿਪ ਮਜਬੂਰੀ ਵਸ ਗੱਠਜੋੜ ਨੂੰ ਨਹੁੰ ਮਾਸ ਦਾ ਰਿਸ਼ਤਾ ਦੱਸਦੀ ਆ ਰਹੀ ਹੈ।


ਪੁਲਵਾਮਾ ਅਤੰਕੀ ਹਮਲੇ ਪਿੱਛੋਂ ਬਾਲਾਕੋਟ ਸਰਜੀਕਲ ਸਟਰਾਈਕ ਦੇ ਮੁੱਦੇ ਤੇ 2019 ਦੀਆਂ ਲੋਕ ਸਭਾ ਚੋਣਾਂ ਵਿਚ ਫਿਰ ਇਕ ਵਾਰ ਮੋਦੀ ਦੀ ਤੇਜ ਹਨੇਰੀ ਸਾਰੇ ਦੇਸ਼ ਵਿਚ ਚਲੀ, ਪਰ ਪੰਜਾਬ ਅੰਦਰ ਫਿਰ ਇਸ ਦੀ ਹਵਾ ਨਿਕਲ ਗਈ ਅਤੇ ਅਕਾਲੀ ਦਲ 10 ਵਿਚੋਂ ਸੁਖਬੀਰ ਅਤੇ ਹਰਸਿਮਰਤ ਵਾਲੀਆਂ ਦੋ ਸੀਟਾਂ ਹੀ ਜਿੱਤ ਸਕਿਆ । ਕੇਂਦਰ ਵਿਚ ਹਰਸਿਮਰਤ ਬਾਦਲ ਦੁਬਾਰਾ ਮੰਤਰੀ ਤਾਂ ਬਣ ਗਈ, ਪਰ ਮੋਦੀ ਅਤੇ ਅਮਿਤ ਸ਼ਾਹ ਦਾ ਅਕਾਲੀ ਦਲ ਪ੍ਰਤੀ ਰਵੱਈਆ ਤਲਖ ਹੁੰਦਾ ਗਿਆ। ਕੇਂਦਰ ਦੀ ਮੋਦੀ ਸਰਕਾਰ ਨੇ ਆਪਣੇ ਰਾਜਕਾਲ ਦੌਰਾਨ ਪੰਜਾਬ ਨੂੰ ਪੂਰੀ ਤਰ੍ਹਾਂ ਅਣਗੌਲਿਆਂ ਕਰ ਛੱਡਿਆ, ਇਥੋਂ ਤਕ ਕਿ ਅਕਾਲੀ ਦਲ ਦੀ ਇੱਜਤ ਦਾ ਸਵਾਲ ਬਣੇ ਪਾਣੀਆਂ ਦੇ ਮੁੱਦੇ ਤੇ ਮੋਦੀ ਸਰਕਾਰ ਨੇ ਸੁਪਰੀਮ ਕੋਰਟ ਵਿਚ ਹਰਿਆਣਾ ਦਾ ਪੱਖ ਪੂਰਿਆ, ਪਰ ਬੇਬਸ ਅਕਾਲੀ ਦਲ ਕੌੜਾ ਘੁੱਟ ਭਰ ਕੇ ਰਹਿਆ। ਹਰਿਆਣਾ ਵਿਧਾਨ ਸਭਾ ਵਿਚ ਅਕਾਲੀ ਦਲ ਨੂੰ ਇਕ ਹੋਰ ਝਟਕਾ ਦਿੰਦੇ ਬੀਜੇਪੀ ਨੇ ਇਕ ਵੀ ਸੀਟ ਨਾਂ ਦੇ ਕੇ ਅਕਾਲੀਆਂ ਨੂੰ ਬੇਇੱਜ਼ਤ ਕੀਤਾ ਅਤੇ ਇਸ ਦਾ ਇਕੋ ਇਕ ਵਧਾਇਕ ਵੀ ਬੀਜੇਪੀ ,ਚ ਸ਼ਾਮਿਲ ਕਰਕੇ ਜ਼ਖਮਾਂ ਤੇ ਨਮਕ ਛਿੜਕ ਦਿਤਾ। ਦਿਲੀ ਵਿਧਾਨ ਸਭਾ ਚੋਣਾਂ ਸਮੇਂ ਵੀ ਅਕਾਲੀ ਦਲ ਨੂੰ ਭਾਜਪਾ ਨੇ ਨੁੱਕਰੇ ਲਾਉਂਦੇ ਇਕ ਵੀ ਸੀਟ ਦੇਣ ਤੋਂ ਕੋਰੀ ਨਾਂ ਕਰਕੇ ਜਲੀਲ ਕੀਤਾ ਅਤੇ ਚੋਣ ਮੁਹਿੰਮ ਤੋਂ ਅਕਾਲੀਆਂ ਨੂੰ ਲਾਂਭੇ ਰੱਖ ਕੇ ਗੱਠਜੋੜ ਤੇ ਹੀ ਸਵਾਲੀਆ ਨਿਸ਼ਾਨ ਲਗਾ ਦਿੱਤੇ । ਬੁਖਲਾਏ ਅਕਾਲੀ ਫਿਰ ਵੀ ਇਸ ਨੂੰ ਨਹੁੰ ਮਾਸ ਦਾ ਰਿਸ਼ਤਾ ਹੀ ਦੱਸ ਰਹੇ ਨੇ।

ਪੰਜਾਬ ਬੀਜੇਪੀ ਦੇ ਨਵੇਂ ਪ੍ਰਧਾਨ ਅਸ਼ਵਨੀ ਸ਼ਰਮਾ ਦੀ ਤਾਜਪੋਸ਼ੀ ਦੇ ਸਮਾਗਮ ਸਮੇਂ ਬੋਲਦੇ ਸੀਨੀਅਰ ਨੇਤਾ ਮਾਸਟਰ ਮੋਹਣ ਲਾਲ ਨੇ ਸੰਬੋਧਨ ਕਰਦੇ ਅਕਾਲੀ ਦਲ ਤੋਂ ਛੁਟਕਾਰਾ ਪਾ ਕੇ ਇਕੱਲੇ 2022 ਵਿਧਾਨ ਸਭਾ ਚੋਣਾਂ ਲੜਨ ਲਈ ਕਿਹਾ। ਉਨ੍ਹਾਂ ਕਿਹਾ ਕਿ ਜੇ ਹਿਮਾਚਲ ਅਤੇ ਹਰਿਆਣਾ ਵਿਚ ਬੀਜੇਪੀ ਸਰਕਾਰਾਂ ਬਣਾ ਸਕਦੀ ਹੈ ਤਾਂ ਪੰਜਾਬ ਵਿਚ ਕਿਉਂ ਨਹੀਂ ? ਇਸ ਦੀ ਹਮਾਇਤ ਬਾਅਦ ਵਿਚ ਬੀਜੇਪੀ ਦੇ ਸੀਨੀਅਰ ਆਗੂ ਮਨੋਰੰਜਨ ਕਾਲੀਆ ਨੇ ਵੀ ਖੁਲੇਆਮ ਕੀਤੀ ਅਤੇ ਮਦਨ ਮੋਹਣ ਮਿੱਤਲ ਨੇ ਮੌਜੂਦਾ ਸਥਿਤੀ ਵਿਚ ਗੱਠਜੋੜ ਅੰਦਰ ਛੋਟੇ ਦੀ ਬਜਾਏ ਵੱਡੇ ਭਰਾ ਦੇ ਰੋਲ ਦਾ ਦਾਅਵਾ ਠੋਕ ਦਿੱਤਾ। ਜਿਸ ਨਾਲ ਅਕਾਲੀ ਦਲ ਵੀ ਚੌਕੰਨਾ ਹੋ ਗਿਆ ਜਾਪਦੈ। ਦਿੱਲੀ ਵਿਚ ਬੀਜੇਪੀ ਵਲੋਂ ਇਕ ਵੀ ਸੀਟ ਨਾਂ ਮਿਲਣ ਦਾ ਕਾਰਨ ਅਕਾਲੀ ਦਲ ਵਲੋਂ ਨਾਗਰਿਕ ਸੋਧ ਕਨੂੰਨ ਅਤੇ ਕੌਮੀ ਨਾਗਰਿਕ ਰਜਿਸਟਰ ਦਾ ਕੀਤਾ ਵਿਰੋਧ ਦੱਸਿਆ, ਬੇਸ਼ਕ ਪਿਛੋਂ ਬੀਜੇਪੀ ਨੂੰ ਹਮਾਇਤ ਦੇ ਦਿੱਤੀ। ਪਰ ਬੀਜੇਪੀ ਵਲੋਂ ਦਿੱਲੀ ਦੀ ਚੋਣ ਮੁਹਿੰਮ ਦੌਰਾਨ ਅਕਾਲੀ ਦਲ ਦੇ ਨੇਤਾਵਾਂ ਨੂ ਲਾਂਭੇ ਰੱਖਣਾ ਵੀ ਗੱਠਜੋੜ ਦੀ ਅਹਿਮੀਅਤ ਘੱਟ ਹੋਣ ਦਾ ਸੰਕੇਤ ਮੰਨਿਆ ਜਾ ਰਿਹੈ।

ਅਕਾਲੀ ਦਲ 'ਚ ਬਾਦਲਾਂ ਦੀ ਤਾਨਾਸ਼ਾਹੀ ਦਸਦੇ ਢੀਂਡਸਾ , ਬ੍ਰਹਮਪੁਰਾ, ਸੇਖਵਾਂ ਤੇ ਹੋਰ ਪੁਰਾਣੇ ਅਕਾਲੀ ਪਾਰਟੀ ਨੂੰ ਵੱਡਾ ਖੋਰਾ ਲਗਾ ਰਹੇ ਨੇ ਅਤੇ ਢੀਂਡਸਾ ਦਾ ਬੀਜੇਪੀ ਦੀ ਸੀਨੀਅਰ ਲੀਡਰਸਿਪ ਵਿਚ ਵੀ ਅੱਛਾ ਅਕਸ਼ ਹੈ, ਜਿਸ ਕਾਰਨ ਵੀ ਬੀਜੇਪੀ ਅਜੇ 'ਵੇਟ ਐਂਡ ਵਾਚ' ਦੇ ਰੌਂਅ 'ਚ ਲਗਦੀ ਹੈ। ਬੇਸ਼ਕ ਪੰਜਾਬ ਦੇ ਨਵੇਂ ਬੀਜੇਪੀ ਪ੍ਰਧਾਨ ਫਿਲਹਾਲ ਗੱਠਜੋੜ ਕਾਇਮ ਰੱਖਣ ਦੇ ਬਿਆਨ ਦੇ ਰਹੇ ਨੇ।

ਹੁਣ ਵੱਡੇ ਬਾਦਲ ਦੀ ਤਲਖ ਟਿਪਣੀ ਅਕਾਲੀ ਦਲ ਦੀ ਸੋਚੀ ਸਮਝੀ ਰਣਨੀਤੀ ਦਾ ਹੀ ਹਿੱਸਾ ਜਾਪਦੀ ਹੈ। ਇਹ ਵੀ ਚਰਚੇ ਹਨ ਕਿ ਗੱਠਜੋੜ ਟੁੱਟਣ ਦੀ ਹਾਲਤ ਵਿਚ ਅਕਾਲੀ ਦਲ ਪੁਰਾਣੀ ਸਹਿਯੋਗੀ ਬੀਐਸਪੀ ਨਾਲ ਗੱਠਜੋੜ ਦੀਆਂ ਸੰਭਾਵਨਾਵਾਂ ਤਲਾਸ਼ ਸਕਦਾ ਹੈ। ਕੁਝ ਵੀ ਹੋਵੇ ਗੱਠਜੋੜ ਦੇ ਦੋਵੇਂ ਭਾਈਵਾਲ ਵੱਖ ਹੋ ਕੇ ਚੋਣਾਂ ਲੜਨ ਦੇ ਨਫੇ- ਨੁਕਸਾਨ ਬਾਰੇ ਅੰਦਰ ਖਾਤੇ ਵਿਚਾਰ ਕਰਨ 'ਚ ਰੁਝੇ ਜਾਪਦੇ ਨੇ। ਦਿਲੀ ਅੰਦਰ ਬੀਜੇਪੀ ਦੀ ਕੇਜਰੀਵਾਲ ਹੱਥੋਂ ਸ਼ਰਮਨਾਕ ਹਾਰ ਨਾਲ ਅਕਾਲੀ ਦਲ ਨੂੰ ਕੁੱਝ ਰਾਹਤ ਜਰੂਰ ਮਿਲੀ ਹੈ। ਉਧਰ ਦਿੱਲੀ 'ਚ ਆਪ ਦੀ ਜਿੱਤ ਨਾਲ ਪੰਜਾਬ 'ਚ ਆਦਮੀ ਪਾਰਟੀ ਭਾਰੀ ਉਤਸ਼ਾਹਤ ਹੈ। ਗੱਠਜੋੜ ਦੇ ਭਵਿਖ ਦਾ ਨਿਸ਼ਚਿਤ ਹੀ ਪੰਜਾਬ ਦੀ ਰਾਜਨੀਤੀ ਤੇ ਗਹਿਰਾ ਪ੍ਰਭਾਵ ਪੈਣਾ ਲਾਜ਼ਮੀ ਹੈ।



# ਐਨ.ਪੀ.ਆਰ, ਐਨ.ਆਰ.ਸੀ, ਸੀ.ਏ.ਏ. ਕਾਨੂੰਨ ਕੀ ਅਤੇ ਕਿਉਂ?

ਭਾਰਤ ਵਿਚ ਨਾਂ ਰਹਿਣ ਵਾਲਾ ਹਰ ਗੈਰ-ਨਾਗਰਿਕ ਇਕ ਘੁਸਪੈਠੀਆ ਹੈ, ਜੇ ਕਰ ਉਹ ਇਕ ਯਾਤਰੀ ਜਾਂ ਡਿਪਲੋਮੈਟ ਨਹੀਂ ਹੈ, ਕਿਉਂਕਿ ਭਾਰਤ ਕੋਲ ਸ਼ਰਨਾਰਥੀ ਨੂੰ ਪਰਿਭਾਸ਼ਤ ਕਰਨ ਲਈ ਕੋਈ ਕਾਨੂੰਨ ਨਹੀਂ ਹੈ। ਭਾਰਤ ਵਿੱਚ ਤਿੱਬਤੀ, ਸ੍ਰੀਲੰਕਾ ਤਾਮਿਲ ਅਤੇ ਵਿਦੇਸ਼ੀ ਕੁਝ ਹੋਰ ਨਾਮੀ ਸਮੂਹ ਸ਼ਰਨਾਰਥੀ ਆਏ ਹਨ ਕਿਉਂਕਿ ਉਸ ਸਮੇਂ ਦੀ ਸਰਕਾਰ ਨੇ ਉਨ੍ਹਾਂ ਨੂੰ ਇਹ ਸ਼ਰਨਾਰਥੀ ਦਾ ਰੁਤਬਾ ਦਿੱਤਾ ਸੀ। ਵਿਦੇਸ਼ੀ ਕਾਨੂੰਨ ਮੁਤਾਬਿਕ ਸਰਕਾਰ ਦਾ ਫਰਜ਼ ਬਣਦਾ ਹੈ ਕਿ ਉਹ ਸਾਰੇ ਘੁਸਪੈਠੀਆਂ ਜਾਂ ਗੈਰਕਾਨੂੰਨੀ ਪ੍ਰਵਾਸੀਆਂ ਨੂੰ ਭਾਰਤ ਤੋਂ ਬਾਹਰ ਕੱਢੇ। ਕਿਉਂਕਿ ਕੋਈ ਕਾਨੂੰਨ ਨਹੀਂ ਹੈ, ਇਸ ਦਾ ਕੋਈ ਸਹੀ ਅਨੁਮਾਨ ਵੀ ਨਹੀਂ ਹੈ ਕਿ ਭਾਰਤ ਵਿਚ ਕਿੰਨੇ ਗੈਰ ਕਾਨੂੰਨੀ ਪ੍ਰਵਾਸੀ ਰਹਿ ਰਹੇ ਹਨ।

National Population Register (NPR) ਰਾਸ਼ਟਰੀ ਜਨਸੰਖਿਆ ਰਜਿਸਟਰ ਸਾਰੇ "ਆਮ" ਵਸਨੀਕਾਂ ਦੀ ਇੱਕ ਸੂਚੀ ਹੈ।

National Register of Citizens (NRC) ਐਨ.ਆਰ.ਸੀ. ਨਾਗਰਿਕਾਂ ਦਾ ਰਾਸ਼ਟਰੀ ਰਜਿਸਟਰ ਬਣਨ ਦਾ ਅਰਥ ਹੈ ਭਾਰਤ ਦੇ ਸਾਰੇ ਨਾਗਰਿਕਾਂ ਦੀ ਸੂਚੀ, ਯਾਨੀ ਉਹ ਜਿਹੜੇ ਭਾਰਤੀ ਨਾਗਰਿਕ ਮੰਨੇ ਜਾਂਦੇ ਹਨ ਅਤੇ ਇਸ ਲਈ ਨਾਗਰਿਕ ਹੋਣ ਦੇ ਕਾਰਨ ਸਾਰੇ ਅਧਿਕਾਰ ਪ੍ਰਾਪਤ ਕਰਦੇ ਹਨ।

Citizenship Act amendments (CAA) ਸੀ.ਏ.ਏ. ਸਿਟੀਜ਼ਨਸ਼ਿਪ ਐਕਟ ਵਿਚ ਸੋਧਾਂ ਕਾਨੂੰਨੀ ਪ੍ਰਬੰਧ ਹਨ ਜੋ ਭਾਰਤ ਦੇ ਨਾਗਰਿਕਤਾ ਕਾਨੂੰਨਾਂ ਵਿਚ ਧਾਰਮਿਕ ਪਹਿਚਾਣ ਨਾਲ ਜੋੜਦੇ ਹਨ। ਉਹ ਨਾਜਾਇਜ਼ ਪ੍ਰਵਾਸੀਆਂ ਲਈ ਨਾਗਰਿਕਤਾ ਵੱਲ ਰਸਤਾ ਪ੍ਰਦਾਨ ਕਰਦੇ ਹਨ ਜੋ ਹਿੰਦੂ, ਬੋਧੀ, ਪਾਰਸੀ, ਜੈਨ ਜਾਂ ਈਸਾਈ ਹਨ - ਅਤੇ ਮੁਸਲਮਾਨ ਨਹੀਂ- ਅਤੇ ਜੋ ਪਾਕਿਸਤਾਨ, ਬੰਗਲਾਦੇਸ਼ ਜਾਂ ਅਫਗਾਨਿਸਤਾਨ ਤੋਂ ਆਉਂਦੇ ਹਨ।

**ਇਰ ਕਿਵੇਂ ਹੋਂਦ ਵਿੱਚ ਆਇਆ?**

2003 ਵਿੱਚ ਜਦੋਂ ਸਿਟੀਜ਼ਨਸ਼ਿਪ ਐਕਟ ਦੀ ਸੋਧ ਬਿਲ ਪਾਸ ਕੀਤਾ ਗਿਆ ਸੀ ਉਸ ਸਮੇ ਅਟਲ ਬਿਹਾਰੀ ਦੀ ਸਰਕਾਰ ਅਤੇ ਲਾਲ ਕ੍ਰਿਸ਼ਨ ਅਡਵਾਨੀ ਗ੍ਰਹਿ ਮੰਤਰੀ ਸਨ। 1955 ਵਿਚ ਸਿਟੀਜ਼ਨਸ਼ਿਪ ਐਕਟ ਵਿੱਚ ਇਕ ਧਾਰਾ 14 ਏ ਸ਼ਾਮਲ ਕੀਤੀ ਗਈ ਸੀ। ਧਾਰਾ 14 ਏ ਰਾਸ਼ਟਰੀ ਪਛਾਣ ਪੱਤਰ ਜਾਰੀ ਕਰਨ ਨਾਲ ਸਬੰਧਤ ਹੈ। ਸਿਟੀਜ਼ਨਸ਼ਿਪ ਐਕਟ ਦੀ ਧਾਰਾ 14 ਏ ਦੇ ਅਨੁਸਾਰ, "ਕੇਂਦਰ ਸਰਕਾਰ ਲਾਜ਼ਮੀ ਤੌਰ 'ਤੇ ਭਾਰਤ ਦੇ ਹਰ ਨਾਗਰਿਕ ਨੂੰ ਰਜਿਸਟਰ ਕਰ ਸਕਦੀ ਹੈ ਅਤੇ ਉਸ ਨੂੰ ਰਾਸ਼ਟਰੀ ਪਛਾਣ ਪੱਤਰ ਜਾਰੀ ਕਰ ਸਕਦੀ ਹੈ।"

ਮਨਮੋਹਨ ਸਿੰਘ ਦੀ ਯੂ.ਪੀ.ਏ. ਸਰਕਾਰ ਦੇ ਅਧੀਨ ਦੋਵਾਂ ਨੂੰ ਵਿਰੋਧੀ ਪ੍ਰੋਜੈਕਟ ਮੰਨਿਆ ਜਾਂਦਾ ਸੀ। ਜਦੋਂ ਸਰਕਾਰ ਵਿਚ ਐਨ ਪੀ ਆਰ ਦੀ ਪ੍ਰਕਿਰਿਆ ਸ਼ੁਰੂ ਹੋਈ, ਪੀ ਚਿਦੰਬਰਮ ਕੇਂਦਰੀ ਗ੍ਰਹਿ ਮੰਤਰੀ ਸਨ, ਜਿਨ੍ਹਾਂ ਨੇ ਆਬਾਦੀ ਰਜਿਸਟਰ ਪ੍ਰਾਜੈਕਟ ਨੂੰ ਤੇਜੀ ਨਾਲ ਅੱਗੇ ਵਧਾਇਆ। ਆਧਾਰ ਉਸ ਸਮੇਂ ਦੇ ਕੇਂਦਰੀ ਵਿੱਤ ਮੰਤਰੀ ਪ੍ਰਣਬ ਮੁਖਰਜੀ (ਜੋ ਬਾਅਦ ਵਿਚ ਭਾਰਤ ਦੇ ਰਾਸ਼ਟਰਪਤੀ ਬਣੇ ਸਨ) ਦੇ ਸਹੁਮਤ ਹੋਣ ਤੇ ਵੀ ਵਿਚਾਰ ਕੁੱਝ ਵੱਖ ਸਨ। ਦੋਵੇਂ ਐਨ.ਪੀ.ਆਰ. ਅਤੇ ਆਧਾਰ ਪ੍ਰੋਜੈਕਟ ਇਕੱਠੇ ਡੈਮੋਗ੍ਰਾਫਿਕ ਅਤੇ ਬਾਇਓਮੈਟ੍ਰਿਕ ਡੇਟਾ ਇਕੱਤਰ ਕਰਨ ਲਈ ਚੱਲ ਰਹੇ ਸਨ।

ਸ਼ੁਰੂਆਤ ਵਿੱਚ, ਦੋਵਾਂ ਕੋਲ ਲੋਕਾਂ ਨੂੰ ਲਾਭ ਅਤੇ ਸੇਵਾਵਾਂ ਦੀ ਉਦੇਸ਼ ਦੇ ਤੌਰ ਤੇ ਬਿਹਤਰ ਅਤੇ ਨਿਸ਼ਾਨਾ ਪੂਰਤੀ ਸੀ। "ਅਧਾਰ" ਯੂਨੀਕ ਆਈਡੈਂਟੀਫਿਕੇਸ਼ਨ ਅਥਾਰਟੀ ਆਫ਼ ਇੰਡੀਆ (ਯੂਆਈਡੀਏਆਈ) ਵਿਲੱਖਣ ਪਛਾਣ ਅਥਾਰਟੀ ਆਫ਼ ਇੰਡੀਆ ਅਤੇ ਗ੍ਰਹਿ ਮੰਤਰਾਲੇ ਦੇ ਕੰਮਾਂ ਨੂੰ ਨਕਲ ਅਤੇ ਸਰੋਤਾਂ ਦੀ ਬਰਬਾਦੀ ਵਜੋਂ ਦੇਖਿਆ ਗਿਆ। ਭਾਜਪਾ ਦੀ ਰਾਸ਼ਟਰੀ ਬੁਲਾਰੇ ਮੀਨਾਕਸ਼ੀ ਲੇਖੀ ਨੇ ਆਧਾਰ ਨੂੰ ਇੱਕ ਧੋਖਾਧੜੀ ਪ੍ਰੋਗਰਾਮ ਕਰਾਰ ਦਿੱਤਾ ਸੀ, ਐਨਡੀਏ ਸਰਕਾਰ ਦੇ ਸੰਸਦੀ ਮਾਮਲਿਆਂ ਬਾਰੇ ਮੰਤਰੀ ਅਨੰਤ ਕੁਮਾਰ ਨੇ ਵਿਰੋਧ ਕੀਤਾ ਸੀ। ਉਸ ਸਮੇਂ ਦੇ ਗੁਜਰਾਤ ਦੇ ਮੁੱਖ ਮੰਤਰੀ ਨਰਿੰਦਰ ਮੋਦੀ, ਭਾਜਪਾ ਦੇ ਬੁਲਾਰੇ, ਸਿਮਰਤੀ ਇਰਾਨੀ ਸਮੇਤ ਕਈ ਨੇਤਾਵਾਂ ਨੇ ਵੀ "ਅਧਾਰ" ਯੂਨੀਕ ਆਈਡੈਂਟੀਫਿਕੇਸ਼ਨ ਦਾ ਵਿਰੋਧ ਕੀਤਾ, ਬੇਸ਼ਕ ਪ੍ਰਧਾਨ ਮੰਤਰੀ ਬਣਨ ਉਤੇ ਇਸ ਨੂੰ ਲਾਗੂ ਕਰਨ ਦੀ ਪਹਿਲ ਕੀਤੀ ਸੀ।

ਸਿਟੀਜ਼ਨਸ਼ਿਪ ਐਕਟ ਦੀ ਇਸੇ ਧਾਰਾ 14 ਏ ਦਾ ਕਹਿਣਾ ਹੈ,"ਕੇਂਦਰ ਸਰਕਾਰ ਭਾਰਤੀ ਨਾਗਰਿਕਾਂ ਦਾ ਰਾਸ਼ਟਰੀ ਰਜਿਸਟਰ ਬਣਾ ਸਕਦੀ ਹੈ ਅਤੇ ਇਸ ਉਦੇਸ਼ ਲਈ ਇੱਕ ਰਾਸ਼ਟਰੀ ਰਜਿਸਟ੍ਰੇਸ਼ਨ ਅਥਾਰਟੀ ਸਥਾਪਤ ਕਰ ਸਕਦੀ ਹੈ।"

ਭਾਰਤ ਦੇ ਇਸ ਨਾਗਰਿਕ ਨੂੰ 1946 ਦਾ ਵਿਦੇਸ਼ੀ ਐਕਟ ਅਤੇ 1920 ਦਾ ਪਾਸਪੋਰਟ ਐਕਟ, ਸਿਟੀਜ਼ਨਸ਼ਿਪ ਐਕਟ 1955 ਵਿੱਚ ਤਿੰਨ ਕਾਨੂੰਨਾਂ ਦੇ ਇੱਕ ਸਮੂਹ ਦੇ ਤਹਿਤ ਘੁਸਪੈਠ ਕਰਨ ਵਾਲਿਆਂ ਤੋਂ ਪਰਿਭਾਸ਼ਤ ਕੀਤਾ, ਪਛਾਣਿਆ, ਪ੍ਰਮਾਣਿਤ ਅਤੇ ਵੱਖ ਕੀਤਾ ਗਿਆ ਹੈ। ਇਸ ਵਿੱਚ ਹੋਰ ਬਦਲਾਉ ਕਰ ਕੇ ਤਾਜ਼ਾ ਸੰਸਕਰਣ ਹਾਲ ਹੀ ਵਿੱਚ 2019 ਸੰਸਦ ਦਾ ਸਰਦੀ ਦੇ ਸੈਸ਼ਨ ਵਿੱਚ ਸਾਹਮਣੇ ਆਇਆ ਹੈ। ਇਹ ਬਿਲ ਸਾਰੇ ਧਰਮਾ ਦੇ ਨਾਗਰਿਕਾਂ ਨੂੰ ਇਕੋ ਜਿਹਾ ਵਿਵਹਾਰਿਕ ਨਹੀਂ ਹੈ। ਇਸ ਵਿੱਚ ਕੇਵਲ ਮੁਸਲਿਮ ਧਰਮ ਨੂੰ ਛੱਡਕੇ ਸਾਰੇ ਧਰਮਾ ਨੂੰ ਤਰਜੀਹ ਦਿਤੀ ਗਈ ਹੈ। ਬਾਕੀ ਸਾਰੇ ਦੇਸ਼ਾ ਨੂੰ ਛੱਡ ਕੇ ਪਾਕਿਸਤਾਨ, ਬੰਗਲਾ ਦੇਸ਼ ਅਤੇ ਅਫਗਾਨਿਸਤਾਨ ਤਿੰਨ ਦੇਸ਼ਾਂ ਨੂੰ ਤਰਜੀਹ ਦਿਤੀ ਗਈ ਹੈ। ਜਿਸ ਦੇ ਕਾਰਨ ਇਹ ਭਾਰਤ ਦੀ ਸੰਵਿਧਾਨਿਕ ਮੂਲਭਾਵ ਦੀ ਉਲੰਘਣਾ ਕਰਦਾ ਹੈ।

ਧਿਆਨ ਦੇਣ ਯੋਗ ਨੁਕਤੇ: ਸੀ.ਏ.ਏ. ਤੋਂ ਐਨ.ਪੀ.ਆਰ. ਨਾਗਰਿਕਤਾ ਸੋਧ ਐਕਟ ਨੂੰ ਲੈ ਕੇ ਹਜ਼ਾਰਾਂ ਲੋਕ ਸੜਕਾਂ 'ਤੇ ਆਏ - ਭਾਰਤ ਵਿਚ ਬਹੁਤ ਥਾਵਾਂ' ਤੇ ਵਿਰੋਧ ਪ੍ਰਦਰਸ਼ਨ ਹੋ ਰਹੇ ਹਨ, ਕਦੀ ਕਦੀ ਇਕ ਹਿੰਸਕ ਵੀ ਹੋਏ, ਰਾਸ਼ਟਰੀ ਜਨਸੰਖਿਆ ਰਜਿਸਟਰ (ਐਨ.ਪੀ.ਆਰ.) ਦੇ ਨਵੀਨੀਕਰਨ ਨੂੰ ਲੈ ਕੇ ਇਕ ਨਵਾਂ ਵਿਵਾਦ ਖੜ੍ਹਾ ਹੋ ਗਿਆ। ਪੱਛਮੀ ਬੰਗਾਲ, ਕੇਰਲ ਅਤੇ ਪੰਜਾਬ ਸਰਕਾਰਾਂ ਨੇ ਐਨ.ਪੀ.ਆਰ. ਦਾ ਕੰਮ ਲਾਗੂ ਨਾਂ ਕਰਨ ਦਾ ਐਲਾਨ ਕੀਤਾ ਹੈ।

ਅਸਾਮ ਦੇ ਤਜ਼ਰਬੇ ਦੀ ਰਿਪੋਰਟ ਬਹੁਤ ਜ਼ਿਆਦਾ ਅੱਛੀ ਨਹੀਂ ਹੈ, ਭਾਰਤ ਦੇ ਬਹੁਤ ਸਾਰੇ ਅਸਲੀ ਨਾਗਰਿਕਾਂ ਨੂੰ ਐਨ.ਆਰ.ਸੀ. (ਨਾਗਰਿਕਾਂ ਦਾ ਰਾਸ਼ਟਰੀ ਰਜਿਸਟਰ) ਤੋਂ ਬਾਹਰ ਕਰਨ ਦੀਆਂ ਖਬਰਾਂ ਨਾਲ ਮਾੜਾ ਰਿਹਾ ਹੈ, ਅਤੇ ਅਜੇ ਵੀ ਇਸ ਬਾਰੇ ਕੋਈ ਸਪੱਸ਼ਟਤਾ ਨਹੀਂ ਹੈ ਕਿ ਅਭਿਆਸ ਵਿਚ ਕਿੰਨੇ ਗੈਰਕਾਨੂੰਨੀ ਪ੍ਰਵਾਸੀਆਂ ਦੀ ਪਛਾਣ ਕੀਤੀ ਗਈ, ਜਿਹਨਾ ਨੂੰ ਜ਼ਰੂਰੀ ਤੌਰ 'ਤੇ ਹਰ ਵਸਨੀਕ ਨੂੰ ਆਪਣੀ ਭਾਰਤੀ ਨਾਗਰਿਕਤਾ ਸਾਬਤ ਕਰਨ ਲਈ ਕਿਹਾ ਸੀ।

**ਪ੍ਰਦਰਸ਼ਨ, ਰਾਜਨੀਤੀ ਅਤੇ ਉਲਝਣ**

ਇਸ ਸਬੰਧ ਵਿੱਚ ਇਹ ਹੈ ਕਿ ਬਹੁਤ ਸਾਰੇ ਨਾਗਰਿਕ ਅਧਿਕਾਰ ਕਾਰਕੁਨਾਂ ਨੇ ਅਸਾਮ ਦੇ ਤਜਰਬੇ ਨੂੰ ਦੇਖਦੇ ਹੋਏ, ਬੰਗਾਲ ਵਿੱਚ, ਐਨ.ਪੀ.ਆਰ. ਨੂੰ ਅਪਡੇਟ ਕਰਨ ਲਈ ਜਨਸੰਖਿਆ ਅਤੇ ਬਾਇਓਮੈਟ੍ਰਿਕ ਡੇਟਾ ਇਕੱਤਰ ਕਰਨ ਦਾ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ ਸੀ। ਉਨ੍ਹਾਂ ਦੋਸ਼ ਲਾਇਆ ਕਿ ਐਨ.ਪੀ.ਆਰ. ਬੰਗਾਲ ਵਿਚ ਰਾਸ਼ਟਰੀ ਰਜਿਸਟਰ ਆਫ਼ ਸਿਟੀਜ਼ਨ (ਐਨ.ਆਰ.ਸੀ.) ਵੱਲ ਪਹਿਲਾ ਕਦਮ ਸੀ।




ਐਨ.ਪੀ.ਆਰ. ਅਸਲ ਵਿਚ ਅਪ੍ਰੈਲ 2020 ਤੋਂ ਸਤੰਬਰ 2020 ਦੇ ਵਿਚਕਾਰ ਤਿਆਰ ਕੀਤੀ ਜਾਣੀ ਸੀ, ਅਤੇ ਜਨਗਣਨਾ 2021 ਤੋਂ ਪਹਿਲਾਂ ਤਿਆਰ ਹੋਣੀ ਚਾਹੀਦੀ ਹੈ। ਭਾਜਪਾ ਸਤ੍ਹਾ ਵਾਲੇ ਰਾਜਾਂ ਨੇ ਮੁਸਤੈਦੀ ਦਿਖਾਉਂਦੇ ਹੋਏ ਇਸ ਨੂੰ ਸਮੇਂ ਸੀਮਾਂ ਤੋਂ ਪਹਿਲਾਂ ਹੀ ਐਨ.ਪੀ.ਆਰ. ਦੇ ਕੰਮ ਕਰਨਾ ਸਰੂ ਕਰ ਦਿਤਾ ਹੈ, ਜਦੋਂ ਕਿ ਕਈ ਰਾਜ ਸਰਕਾਰਾਂ ਬੰਗਾਲ, ਕੇਰਲ, ਪੰਜਾਬ ਆਦਿ ਇਸ ਨੂੰ ਲਾਗੂ ਨਾ ਕਰਨ ਦੇ ਮਤੇ ਪਾਸ ਕਰ ਚੁੱਕੇ ਹਨ, ਅਤੇ ਅਜੇ ਵੀ ਕਈ ਰਾਜਾਂ ਵਿਚ ਸੋਚ ਵਿਚਾਰ ਜਾਰੀ ਹੈ।

ਸਿਟੀਜ਼ਨਸ਼ਿਪ ਐਕਟ ਦੀ ਧਾਰਾ 14 ਏ ਨੂੰ ਦੁਬਾਰਾ ਵੇਖੋ, ਇਹ ਸੈਕਸ਼ਨ 14 ਏ ਐਨ.ਪੀ.ਆਰ. ਦੀ ਤਿਆਰੀ ਲਈ ਕਾਨੂੰਨੀ ਅਧਾਰ ਪ੍ਰਦਾਨ ਕਰਦਾ ਹੈ ਅਤੇ ਇਸ ਨੂੰ ਜਨਗਣਨਾ ਅਤੇ ਐਨ.ਆਰ.ਸੀ. ਨਾਲ ਜੋੜਦਾ ਹੈ।

ਇਹ ਕਹਿੰਦਾ ਹੈ ਕਿ ਰਜਿਸਟਰਾਰ ਜਨਰਲ ਭਾਰਤ ਰਾਸ਼ਟਰੀ ਰਜਿਸਟ੍ਰੇਸ਼ਨ ਅਥਾਰਟੀ ਅਤੇ ਨਾਗਰਿਕ ਰਜਿਸਟ੍ਰੀਕਰਣ ਦੇ ਰਜਿਸਟਰਾਰ ਜਨਰਲ ਵਜੋਂ ਕੰਮ ਕਰੇਗਾ। ਇਥੇ ਪਕੜ ਇਹ ਹੈ ਕਿ ਰਜਿਸਟਰਾਰ ਜਨਰਲ ਭਾਰਤ ਦੀ ਮਰਦਮਸ਼ੁਮਾਰੀ ਕਮਿਸ਼ਨਰ ਵਜੋਂ ਕੰਮ ਕਰਦਾ ਹੈ।

ਇਸਦਾ ਅਰਥ ਹੈ ਕਿ ਜੇ ਸਰਕਾਰ ਚਾਹੁੰਦੀ ਹੈ, ਕਿਸੇ ਵੀ ਸਮੇਂ, ਐਨ.ਪੀ.ਆਰ. ਲਈ ਇਕੱਤਰ ਕੀਤੇ ਗਏ ਅੰਕੜਿਆਂ ਨੂੰ ਕਾਨੂੰਨੀ ਤੌਰ ਤੇ ਐਨ.ਆਰ.ਸੀ. ਲਈ ਵਰਤਿਆ ਜਾ ਸਕਦਾ ਹੈ। ਐਨ.ਪੀ.ਆਰ. ਪ੍ਰਕਿਰਿਆ ਵਿਅਕਤੀਆਂ ਦੇ ਜਨਸੰਖਿਆ ਅਤੇ ਬਾਇਓਮੈਟ੍ਰਿਕ ਦੇ ਵੇਰਵੇ ਇਕੱਠੀ ਕਰਦੀ ਹੈ। ਦੋਵਾਂ ਪ੍ਰਕਿਰਿਆਵਾਂ ਵਿਚ ਘਰ-ਘਰ ਜਾ ਕੇ ਗਿਣਤੀ ਕੀਤੀ ਜਾਂਦੀ ਹੈ ਪਰ ਐਨ.ਪੀ.ਆਰ. ਇਸ ਅਰਥ ਵਿਚ ਜਨਗਣਨਾ ਤੋਂ ਵੱਖਰਾ ਹੈ ਕਿ ਇਸਦਾ ਉਦੇਸ਼ ਭਾਰਤ ਵਿਚ ਰਹਿੰਦੇ ਲੋਕਾਂ ਦਾ ਇਕ ਵਿਆਪਕ ਪਛਾਣ ਡਾਟਾਬੇਸ ਹੋਣਾ ਹੈ।

ਇਸ ਤੋਂ ਇਲਾਵਾ, ਜਨਗਣਨਾ ਦੇ ਅੰਕੜਿਆਂ ਨੂੰ ਕੇਂਦਰੀ ਰਜਿਸਟਰਾਰ ਜਨਰਲ ਆਫ਼ ਇੰਡੀਆ ਦੇ ਅਧੀਨ ਬਣਾਇਆ ਅਤੇ ਸੰਭਾਲਿਆ ਜਾਂਦਾ ਹੈ। ਪਰ ਇੱਕ ਵਾਰ ਐਨ.ਪੀ.ਆਰ. ਦੇ ਅੰਕੜੇ ਦਰਜ ਹੋ ਜਾਣਗੇ ਅਤੇ ਤਿਆਰ ਹੋ ਜਾਣਗੇ, ਇਹਨਾ ਵੇਰਵਿਆਂ ਨੂੰ ਪਿੰਡ ਜਾਂ ਵਾਰਡ, ਬਲਾਕ, ਤਹਿਸੀਲ ਜਾਂ ਜ਼ਿਲ੍ਹਾ ਅਤੇ ਰਾਜ ਦੇ ਪੱਧਰਾਂ 'ਤੇ ਇੱਕ ਆਬਾਦੀ ਰਜਿਸਟਰ ਵਿੱਚ ਰੱਖਿਆ ਜਾਏਗਾ। ਸਭ ਨੂੰ ਮਿਲਾ ਕੇ, ਕੇਂਦਰੀ ਪੱਧਰ 'ਤੇ ਸਾਰੇ ਡੇਟਾ ਦੇ ਨਾਲ ਰਾਸ਼ਟਰੀ ਆਬਾਦੀ ਰਜਿਸਟਰ ਦਾ ਬਣਾਇਆ ਜਾਵੇਗਾ।

ਇਤਫਾਕਨ, ਐਨ.ਆਰ.ਸੀ. ਵਿਵਾਦ ਨੇ ਕਰੋੜਾਂ ਲੋਕਾਂ ਦੀ ਦੁਖਦੀ ਨਸ ਉਤੇ ਹੱਥ ਰੱਖ ਦਿਤਾ ਹੈ। ਮੁਸਲਿਮ ਭਾਈਚਾਰੇ ਨਾਲ ਸਬੰਧਤ ਲੋਕ, ਵਿਸ਼ੇਸ਼ ਤੌਰ 'ਤੇ, ਬਹੁਤ ਸਾਰੇ ਕਾਰਕੁਨਾਂ ਅਤੇ ਰਾਜਨੀਤਿਕ ਪਾਰਟੀਆਂ ਦੇ ਆਪਸ ਵਿੱਚ ਉਲਝਣ ਦੀ ਸਥਿਤੀ ਵਿੱਚ ਹਨ ਜੋ ਦੋਸ਼ ਲਗਾਉਂਦੇ ਹਨ ਕਿ ਭਾਰਤ ਦੇ ਮੂਲ ਸੈਕੂਲ ਢਾਂਚੇ ਦੀ ਭਾਵਨਾਣ ਦਾ ਨੁਕਸਾਨ ਕਰਕੇ ਨਰਿੰਦਰ ਮੋਦੀ ਸਰਕਾਰ ਭਾਈਚਾਰੇ ਨੂੰ ਭਾਜਪਾ ਦੇ ਹਿੰਦੂਤਵ ਏਜੰਡੇ ਨੂੰ ਅੱਗੇ ਵਧਾਉਣ ਲਈ ਕੰਮ ਕਰ ਰਹੀ ਹੈ।

**ਸੀ.ਏ.ਏ. ਦੇ ਵਾਪਸ ਕਰਾਉਣ ਲਈ ਪ੍ਰਦਰਸ਼ਨ**

ਹਾਲ ਹੀ ਵਿੱਚ ਸੰਸਦ ਵਿੱਚ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੁਆਰਾ ਘੋਸ਼ਿਤ ਕੀਤੇ ਗਏ ਦੇਸ਼ ਵਿਆਪੀ ਐਨ.ਆਰ.ਸੀ. ਨੂੰ ਹਾਲੇ ਤੱਕ ਸਰਕਾਰ ਦੁਆਰਾ ਸੂਚਿਤ ਨਹੀਂ ਕੀਤਾ ਗਿਆ ਹੈ। ਪ੍ਰਧਾਨਮੰਤਰੀ ਨਰੇਂਦਰ ਮੋਦੀ ਨੇ ਐਤਵਾਰ ਨੂੰ ਐਨ.ਆਰ.ਸੀ. ਉੱਤੇ ਕਿਹਾ ਕਿ ਮੰਤਰੀ ਮੰਡਲ ਵਿੱਚ ਐਨ.ਆਰ.ਸੀ. ਉੱਤੇ ਕੋਈ ਵਿਚਾਰ-ਵਟਾਂਦਰੇ ਨਹੀਂ ਹੋਏ।

ਅਜੋਕੀ ਸੀ.ਏ.ਏ. , ਐਨ.ਪੀ.ਆਰ. ਦਾ ਕੰਮ 2011 ਵਿੱਚ ਲਿਆਂਦਾ ਗਿਆ ਸੀ ਜਦੋਂ ਨਰਿੰਦਰ ਮੋਦੀ ਸਰਕਾਰ ਨੇ ਜਨਗਣਨਾ ਐਨ.ਪੀ.ਆਰ. ਨੂੰ ਅਪਡੇਟ ਕਰਨ ਦਾ ਆਪਣੇ ਹੀ ਢੰਗ ਨਾਲ ਫੈਸਲਾ ਕੀਤਾ ਜਿਸ ਵਿਚ ਇਕ ਖਾਸ ਧਰਮ ਨੂੰ ਸਾਮਿਲ ਕਰਨ ਦਾ ਪ੍ਰਾਭਦਾਨ ਨਹੀਂ ਹੈ। ਇਹ ਉਹ ਥਾਂ ਹੈ ਜਿੱਥੇ ਸਿਟੀਜ਼ਨਸ਼ਿਪ ਸੋਧ ਐਕਟ 2019 ਅੱਗ ਨੂੰ ਤੇਲ ਦੇਣ ਦਾ ਕੰਮ ਕਰਦੀ ਹੈ। ਮੋਦੀ ਸਰਕਾਰ ਦੇ ਆਲੋਚਕ ਦੋਸ਼ ਲਗਾਉਂਦੇ ਹਨ ਕਿ ਤਾਜ਼ਾ ਸੋਧ ਗ਼ੈਰ-ਮੁਸਲਿਮ ਗੈਰ ਕਾਨੂੰਨੀ ਪ੍ਰਵਾਸੀਆਂ ਨੂੰ ਬਚਾਏਗੀ,ਜਦੋਂਕਿ ਵੱਡੀ ਗਿਣਤੀ ਵਿੱਚ ਮੁਸਲਮਾਨਾਂ ਦਾ ਅਤੇ ਸਾਰੇ ਧਰਮਾਂ, ਜਾਤਾਂ ਦੇ ਅਨਪੜ੍ਹ ਸਮਾਜ ਦਾ ਭਵਿੱਖ ਖਤਰੇ ਵਿੱਚ ਹੋ ਸਕਦਾ ਹੈ।

ਹਾਲਾਂਕਿ, ਇਹ ਟਕਰਾਅ ਗ੍ਰਹਿ ਮੰਤਰਾਲੇ ਅਤੇ ਯੂਆਈਡੀਏਆਈ ਦਰਮਿਆਨ ਹੋਏ ਸਮਝੌਤੇ 'ਤੇ ਖ਼ਤਮ ਹੋਇਆ, ਜਿੱਥੇ ਇਹ ਫੈਸਲਾ ਲਿਆ ਗਿਆ ਸੀ ਕਿ ਐਨ.ਪੀ.ਆਰ. ਅਤੇ ਆਧਾਰ ਡਾਟਾਬੇਸਾਂ ਦੀ ਵਰਤੋਂ ਵੱਖ-ਵੱਖ ਉਦੇਸ਼ਾਂ ਲਈ ਕੀਤੀ ਜਾਏਗੀ। ਆਧਾਰ ਭਲਾਈ ਸੇਵਾਵਾਂ ਪ੍ਰਦਾਨ ਕਰੇਗਾ ਅਤੇ ਐਨ.ਪੀ.ਆਰ. ਪ੍ਰਸ਼ਾਸਨ ਦੇ ਹੋਰ ਉਦੇਸ਼ਾਂ ਲਈ ਵਰਤੇ ਜਾਣਗੇ।

ਇਹ ਫੈਸਲਾ ਵੀ ਕੀਤਾ ਗਿਆ ਕਿ ਪਹਿਲਾਂ ਹੀ ਆਧਾਰ ਲਈ ਦਾਖਲਾ ਲੈਣ ਵਾਲਿਆਂ ਨੂੰ ਐਨ.ਪੀ.ਆਰ. ਅਭਿਆਸ ਦੌਰਾਨ ਉਨ੍ਹਾਂ ਦੇ ਬਾਇਓਮੀਟ੍ਰਿਕ ਦੇ ਵੇਰਵੇ ਦੇਣ ਦੀ ਜ਼ਰੂਰਤ ਨਹੀਂ ਹੈ। ਐਨ ਪੀ ਆਰ ਦੇ ਅੰਕੜਿਆਂ ਨੂੰ ਡੀ-ਡੁਪਲਿਕੇਸ਼ਨ ਲਈ ਆਧਾਰ ਡੇਟਾ ਨਾਲ ਮੇਲਿਆ ਜਾਣਾ ਸੀ, ਪਰ ਅੰਤਮ ਫਾਰਮੂਲੇ ਨੇ ਐਨ.ਪੀ.ਆਰ. ਨੂੰ ਇੱਕ ਵੱਡਾ ਹੱਥ ਦੇ ਦਿੱਤਾ. ਇਸ ਗੱਲ 'ਤੇ ਸਹਿਮਤੀ ਹੋ ਗਈ ਕਿ ਆਧਾਰ ਅਤੇ ਐਨ.ਪੀ.ਆਰ. ਦੇ ਅੰਕੜਿਆਂ ਵਿਚ ਅੰਤਰ ਹੋਣ ਦੀ ਸਥਿਤੀ ਵਿਚ ਐਨ.ਪੀ.ਆਰ. ਪ੍ਰਬਲ ਰਹੇਗੀ।

ਸਿੱਧੇ ਸ਼ਬਦਾਂ ਵਿਚ, ਸਿਟੀਜ਼ਨਸ਼ਿਪ ਸੋਧ ਐਕਟ 2003 ਦੇ ਅਨੁਸਾਰ ਕਰਵਾਏ ਗਏ ਐਨ.ਪੀ.ਆਰ. ਆਧਾਰ ਅਤੇ ਐਨਆਰਆਈਸੀ ਦੋਵਾਂ ਲਈ ਨਿਰਧਾਰਤ ਪ੍ਰਮੁੱਖ ਡੇਟਾ ਬਣਾਏਗਾ।

**ਐਨ.ਆਰ.ਪੀ. ਐਨ.ਪੀ.ਆਰ. ਤੋਂ ਕਿਵੇਂ ਤਿਆਰ ਕੀਤੀ ਜਾਏਗੀ?**

ਸਿਟੀਜ਼ਨਸ਼ਿਪ ਨਿਯਮਾਂ ਦੇ ਨਿਯਮ 4 (3) ਦੇ ਅਨੁਸਾਰ, ਭਾਰਤੀ ਨਾਗਰਿਕਾਂ ਦਾ ਰਾਸ਼ਟਰੀ ਰਜਿਸਟਰ ਪਹਿਲੇ ਇਹ ਸਥਾਨਕ ਰਜਿਸਟਰਾਰ ਦੁਆਰਾ ਸਥਾਨਕ ਪੱਧਰ 'ਤੇ ਤਿਆਰ ਕੀਤਾ ਜਾਵੇਗਾ। ਇਸ ਉਦੇਸ਼ ਲਈ, ਸਥਾਨਕ ਰਜਿਸਟਰਾਰ ਸਥਾਨਕ ਆਬਾਦੀ ਰਜਿਸਟਰ ਵਿਚ ਹਰੇਕ ਵਿਅਕਤੀ ਅਤੇ ਪਰਿਵਾਰ ਦੀ ਜਾਣਕਾਰੀ ਦੀ ਪੜਤਾਲ ਕਰੇਗਾ ਅਤੇ 'ਸ਼ੱਕੀ ਨਾਗਰਿਕਾਂ' ਦੀ ਇਕ ਸ਼੍ਰੇਣੀ ਬਣਾਏਗਾ, ਜਿਸ ਨੂੰ ਫਿਰ ਉਨ੍ਹਾਂ ਦੀ ਨਾਗਰਿਕਤਾ ਦਾ ਸਬੂਤ ਦੇਣ ਲਈ ਕਿਹਾ ਜਾਵੇਗਾ। ਨਿਯਮ ਇਹ ਨਿਰਧਾਰਤ ਨਹੀਂ ਕਰਦੇ ਹਨ ਕਿ ਸਥਾਨਕ ਰਜਿਸਟਰਾਰ ਕਿਸ ਅਧਾਰ ਤੇ ਲੋਕਾਂ ਨੂੰ 'ਸ਼ੱਕੀ ਨਾਗਰਿਕ' ਵਜੋਂ ਨਿਸ਼ਾਨਦੇਹੀ ਕਰੇਗਾ। ਨਿਯਮ ਇਹ ਵੀ ਪ੍ਰਦਾਨ ਕਰਦੇ ਹਨ ਕਿ ਸਥਾਨਕ ਰਜਿਸਟਰਾਰ ਨੂੰ ਇਸ ਅਭਿਆਸ ਵਿੱਚ 'ਇੱਕ ਜਾਂ ਵਧੇਰੇ ਵਿਅਕਤੀਆਂ' ਦੁਆਰਾ ਸਮਰਥਤ ਕੀਤਾ ਜਾ ਸਕਦਾ ਹੈ, ਪਰ ਇਹਨਾਂ ਵਿਅਕਤੀਆਂ ਦੀ ਚੋਣ ਕਰਨ ਲਈ ਯੋਗਤਾ ਜਾਂ ਮਾਪਦੰਡ ਪ੍ਰਦਾਨ ਨਹੀਂ ਕਰਦਾ।

ਸਿਟੀਜ਼ਨਸ਼ਿਪ ਰੂਲਜ਼ 2003 ਦੇ ਨਿਯਮ 4 ਦੇ ਅਨੁਸਾਰ, ਐਨਆਰਆਈਸੀ ਦਾ ਪਹਿਲਾ ਕਦਮ ਇੱਕ ਜਨਸੰਖਿਆ ਰਜਿਸਟਰ ਤਿਆਰ ਕਰਨ ਲਈ ਹਰੇਕ ਖੇਤਰ ਵਿੱਚ ਘਰ-ਘਰ ਜਾਣਕਾਰੀ ਇਕੱਤਰ ਕਰਨਾ ਹੋਵੇਗਾ। ਸਾਰੇ ਸਥਾਨਕ ਰਜਿਸਟਰਾਂ ਨੂੰ ਜੋੜ ਕੇ ਇਕ ਸਬ-ਡਿਸਟਰੈਕਟ, ਫਿਰ ਜ਼ਿਲ੍ਹਾ, ਫਿਰ ਰਾਜ ਅਤੇ ਫਿਰ ਰਾਸ਼ਟਰੀ ਜਨਸੰਖਿਆ ਰਜਿਸਟਰ ਬਣਾਏ ਜਾਣਗੇ।



ਹਰਦੀਪ ਸਿੰਘ ਚੁੰਬਰ
+91-94636-01616

**ਸੀ.ਏ.ਏ. - ਐਨ.ਆਰ.ਸੀ.- ਐਨ.ਪੀ.ਆਰ. ਸਮੱਸਿਆ ਕਿਉਂ ਹੈ?**

ਸੀ.ਏ.ਏ. ਭਾਰਤੀ ਸੰਵਿਧਾਨ ਦੇ ਆਰਟੀਕਲ 5, 10, 14 ਅਤੇ 15 ਦੇ ਵਿਰੁੱਧ ਹੈ ਜੋ ਕਾਨੂੰਨ, ਬਰਾਬਰਤਾ ਅਤੇ ਧਰਮ, ਜਾਤ, ਜਾਤ, ਲਿੰਗ, ਜਨਮ ਸਥਾਨ ਜਾਂ ਉਨ੍ਹਾਂ ਵਿਚੋਂ ਕਿਸੇ ਦੇ ਅਧਾਰ ਤੇ ਕਿਸੇ ਵੀ ਵਿਤਕਰੇ ਵਿਰੁੱਧ ਸੁਰੱਖਿਆ ਦੀ ਸੁਰੱਖਿਆ ਦੀ ਗਰੰਟੀ ਦਿੰਦਾ ਹੈ।ਸੀ.ਏ.ਏ. ਐਕਟ ਕੋਈ ਦਿਸ਼ਾ ਨਿਰਦੇਸ਼ ਨਹੀਂ ਦਿੰਦਾ ਹੈ ਕਿ ਕਿਹੜਾ ਦਸਤਾਵੇਜ਼ ਨਾਗਰਿਕਤਾ ਸਾਬਤ ਕਰੇਗਾ। ਸਰਕਾਰ ਨੇ ਵੀ ਕੋਈ ਦਿਸ਼ਾ ਨਿਰਦੇਸ਼ ਤਿਆਰ ਨਹੀਂ ਕੀਤੇ ਹਨ ਅਤੇ ਸਪਸ਼ਟ ਨਹੀਂ ਹੈ ਕਿ ਕਿਹੜਾ ਦਸਤਾਵੇਜ਼ ਫੈਸਲਾਕੁੰਨ ਨਾਗਰਿਕਤਾ ਸਾਬਤ ਕਰੇਗਾ।

ਹਾਲਾਂਕਿ ਜੋ ਲੋਕ ਸ਼ਹਿਰੀ ਖੇਤਰਾਂ ਵਿੱਚ ਰਹਿੰਦੇ ਹਨ ਅਤੇ ਜਾਗਰੂਕਤਾ ਅਤੇ ਪਹੁੰਚ ਰਖਦੇ ਹਨ, ਉਹਨਾਂ ਨੇ ਆਪਣੇ ਦਸਤਾਵੇਜ਼ਾਂ ਨੂੰ ਪੂਰਾ ਕਰ ਸਕਦੇ ਹਨ, ਪਰ ਪੇਂਡੂ ਲੋਕ ਜੋ ਜਾਗਰੂਕਤਾ ਅਤੇ ਪਹੁੰਚ ਦੀ ਘਾਟ ਵਾਲੇ ਹਨ ਉਹਨਾਂ ਕੋਲ ਦਸਤਾਵੇਜ਼ ਨਹੀਂ ਹੋਣਗੇ। ਜਿਵੇਂ, ਜਦੋਂ ਕਿ ਪੜ੍ਹੇ ਲਿਖੇ ਕੋਲ ਕੁਝ ਦਸਤਾਵੇਜ਼ ਹੁੰਦੇ ਹਨ, ਪਰ ਅਨਪੜ੍ਹ ਦਾ ਨੁਕਸਾਨ ਹੁੰਦਾ।

ਜਦੋਂ ਕਿ ਹਰ ਕੋਈ ਖ਼ਤਰੇ ਵਿਚ ਹੋਵੇਗਾ, ਗਰੀਬ ਅਤੇ ਅਨਪੜ੍ਹ ਹੋਰ ਵੀ ਨੁਕਸਾਨ ਵਿੱਚ ਰਹਿਣਗੇ ਕਿਉਂਕਿ ਉਨ੍ਹਾਂ ਕੋਲ ਦਸਤਾਵੇਜ਼ ਪ੍ਰਕਿਰਿਆ ਸਬੰਧੀ ਜਾਗਰੁਕਤਾ, ਪਹੁੰਚ ਅਤੇ ਸਰੋਤਾਂ ਦੀ ਘਾਟ ਹੋਵੇਗੀ ਅਤੇ ਉਹ ਇਹਨਾਂ ਘਾਟਾਂ ਕਾਰਨ ਉਸ ਦਸਤਾਵੇਜ਼ ਤੋਣ ਵਾਂਝੇ ਰਹਿ ਜਾਣਗੇ ਜੋ ਨਾਗਰਿਕਤਾ ਸਾਬਤ ਕਰੇਗਾ। ਇਸੇ ਕਾਰਨ ਉਨ੍ਹਾਂ ਨੂੰ ਵਿਦੇਸ਼ੀ ਘੋਸ਼ਿਤ ਕੀਤੇ ਜਾਣ ਦੀ ਸਥਿਤੀ ਬਣ ਜਾਵੇਗੀ। ਅਜਿਹੇ ਦੇਸ਼ ਵਿੱਚ ਜਿੱਥੇ ਦਸਤਾਵੇਜ਼ਾਂ ਬਾਰੇ ਜਾਗਰੂਕਤਾ ਅਜੇ ਵੀ ਬਹੁਤ ਘੱਟ ਹੈ, ਬਹੁਗਿਣਤੀ ਅਜੇ ਵੀ ਅਨਪੜ੍ਹ ਹੈ, ਜੋ ਕਿਸੇ ਵੀ ਦਸਤਾਵੇਜ਼ ਨੂੰ ਪੇਸ਼ ਕਰਨਾ ਬਹੁਤ ਅਸਮਰਥ ਹੈ, ਤਾਂ ਇਹ ਸਪੱਸ਼ਟ ਹੈ ਨਾਗਰਿਕਤਾ ਸਾਬਤ ਕਰਨ ਲਈ ਵਿਆਪਕ ਦਸਤਾਵੇਜ਼ਾਂ ਦੇ ਇਸ ਪ੍ਰਕਿਰਿਆ ਨੂੰ ਜਲਦਬਾਜੀ ਵਿੱਚ ਕਰਨ ਦੇ ਢੰਗ ਨੂੰ ਛੱਡ ਦਿਤਾ ਜਾਵੇ।

ਹਾਲਾਂਕਿ ਸੀ.ਏ.ਏ. ਇਸ ਤਰ੍ਹਾਂ ਦੀ ਸਮੱਸਿਆ ਵਾਲੀ ਅਤੇ ਗੈਰ ਸੰਵਿਧਾਨਕ ਪ੍ਰਕਿਰਿਆ ਹੈ ਕਿਉਂਕਿ ਸਰਕਾਰ ਦੁਆਰਾ ਸੀ.ਏ.ਏ. ਨਾਲ ਵਿਤਕਰੇਵਾਦ ਨੂੰ ਅੰਜ਼ਾਮ ਦੇਣ ਦੀ ਯੋਜਨਾ ਬਣਾਈ ਜਾ ਰਹੀ ਇਹ ਹੋਰ ਵੀ ਤਬਾਹੀ ਵਾਲੀ ਹੋਵੇਗੀ। ਕੋਈ ਸਪੱਸ਼ਟ ਦਿਸ਼ਾ-ਨਿਰਦੇਸ਼ ਤਿਆਰ ਨਹੀਂ ਕੀਤੇ ਗਏ ਹਨ ਅਤੇ ਇਹ ਮਨਮਾਨੀ ਨਾਲ ਕੀਤੇ ਜਾਣਗੇ, ਨਤੀਜੇ ਵਜੋਂ ਸਾਡੇ ਬਹੁਗਿਣਤੀ ਸਮਾਜ ਦੇ ਤਾਣੇ-ਬਾਣੇ ਨੂੰ ਢਾਹ ਲਾ ਦੇਵੇਗਾ, ਲੋਕਾਂ ਨੂੰ ਧਰਮ ਦੇ ਅਧਾਰ 'ਤੇ ਉਨ੍ਹਾਂ ਦੀ ਨਾਗਰਿਕਤਾ ਅਤੇ ਅਧਿਕਾਰਾਂ ਤੋਂ ਵੰਡ ਦੇਵੇਗਾ।

ਜਦੋਂ ਕਿ ਐਨ.ਪੀ.ਆਰ.1980 ਵਿਆਂ ਤੋਂ ਮਰਦਮਸ਼ੁਮਾਰੀ ਦੇ ਅਭਿਆਸ ਦਾ ਹਿੱਸਾ ਰਿਹਾ ਹੈ, ਪਰ ਜਦੋਂ ਇਸਨੂੰ ਸੀ.ਏ.ਏ. -ਐਨ.ਆਰ.ਸੀ. ਦੇ ਪ੍ਰਸੰਗ ਵਿੱਚ ਵੇਖਿਆ ਜਾਂਦਾ ਹੈ, ਤਾਂ ਕੋਈ ਵੀ ਬਹੁਤ ਸਪੱਸ਼ਟ ਰੂਪ ਵਿੱਚ ਵੇਖ ਸਕਦਾ ਹੈ ਕਿ ਐਨ.ਪੀ.ਆਰ. ਅਭਿਆਸ ਐਨ.ਆਰ.ਸੀ. ਪ੍ਰਕਿਰਿਆ ਦਾ ਇੱਕ ਹਿੱਸਾ ਹੈ। ਕਿਉਂਕਿ ਐਨ.ਪੀ.ਆਰ. ਭਾਰਤ ਵਿਚ ਰਹਿੰਦੇ ਹਰ ਇਕ ਵਿਅਕਤੀ ਦੇ ਅੰਕੜਿਆਂ ਦੀ ਗਿਣਤੀ ਅਤੇ ਸੰਕਲਨ ਕਰੇਗੀ, ਇਸ ਲਈ ਐਨ.ਪੀ.ਆਰ. ਦੇ ਅੰਕੜਿਆਂ ਦੀ ਵਰਤੋਂ ਕਰਕੇ ਸਰਕਾਰ ਨੂੰ ਐਨ.ਆਰ.ਸੀ. ਪ੍ਰਕਿਰਿਆ ਕਰਨਾ ਸੌਖਾ ਹੋ ਜਾਵੇਗਾ ਅਤੇ ਸ਼ੱਕੀ ਨਾਗਰਿਕਾਂ ਦੀ ਸੂਚੀ ਤਿਆਰ ਕੀਤੀ ਜਾਏਗੀ, ਜਿਸ ਨੂੰ ਫਿਰ ਆਪਣੀ ਨਾਗਰਿਕਤਾ ਸਾਬਤ ਕਰਨ ਲਈ ਨੋਟਿਸ ਦਿੱਤਾ ਜਾ ਸਕਦਾ ਹੈ।

ਭਾਰਤੀ ਸੰਵਿਧਾਨ ਭਾਰਤ ਨੂੰ ਸੈਕੂਲਰ ਹੋਣ ਦੀ ਗਰੰਟੀ ਦਿੰਦਾ ਹੈ, ਮੌਜੂਦਾ ਸੀ.ਏ.ਏ. ਦੀ ਪ੍ਰਕਿਰਿਆ ਵਿੱਚ ਮੁਸਲਮਾਨ ਧਰਮ ਨੂੰ ਛੱਡ ਬਾਕੀ ਸਾਰੇ ਧਰਮਾਂ ਨਾਲ ਇਕੋ ਤਰਾਂ ਦਾ ਵਿਵਹਾਰਕ ਮੰਨਿਆ ਗਿਆ ਹੈ, ਇਸ ਲਈ ਫਸ ਦੀ ਭਾਵਨਾ ਦੇ ਉਲਟ ਹੈ। ਸੀ.ਏ.ਏ. ਭਾਰਤੀ ਸੰਵਿਧਾਨ ਦੇ ਆਰਟੀਕਲ 5, 10, 14 ਅਤੇ 15 ਦੇ ਵਿਰੁੱਧ ਹੈ ਜੋ ਕਾਨੂੰਨ, ਬਰਾਬਰਤਾ ਅਤੇ ਧਰਮ, ਜਾਤ, ਜਾਤ, ਲਿੰਗ, ਜਨਮ ਸਥਾਨ ਜਾਂ ਉਨ੍ਹਾਂ ਵਿਚੋਂ ਕਿਸੇ ਦੇ ਅਧਾਰ ਤੇ ਕਿਸੇ ਵੀ ਵਿਤਕਰੇ ਵਿਰੁੱਧ ਸੁਰੱਖਿਆ ਦੀ ਸੁਰੱਖਿਆ ਦੀ ਗਰੰਟੀ ਦਿੰਦਾ ਹੈ।

ਸੀ.ਏ.ਏ.-ਐਨ.ਆਰ.ਸੀ.-ਐਨ.ਪੀ.ਆਰ. ਲਾਗੂ ਹੋਣ ਉਤੇ ਕੀ ਹੋਵੇਗਾ?ਅਸਾਮ ਐਨ.ਆਰ.ਸੀ. ਇੱਕ ਚੰਗੀ ਉਦਾਹਰਣ ਹੈ ਕਿ ਕੀ ਹੋਵੇਗਾ ਜੇ ਸੀ. ਏ. ਏ. -ਐਨ. ਆਰ. ਸੀ.-ਐਨ.ਪੀ.ਆਰ. ਲਾਗੂ ਕੀਤਾ ਜਾਵੇਗਾ। ਦਸਤਾਵੇਜ਼ਾਂ ਦੀ ਘਾਟ ਕਾਰਨ ਵੱਡੀ ਗਿਣਤੀ ਵਿੱਚ ਨਾਗਰਿਕ (ਸਿਰਫ ਮੁਸਲਮਾਨ ਹੀ ਨਹੀਂ) ਸ਼ੱਕੀ ਘੋਸ਼ਿਤ ਕੀਤੇ ਜਾਣਗੇ।

ਜਿਵੇਂ ਅਸੀਂ ਅਸਾਮ ਵਿੱਚ ਵੇਖਿਆ ਹੈ, ਐਨ.ਆਰ.ਸੀ. ਸੂਚੀ ਵਿੱਚ ਸ਼ਾਮਲ 60-70 ਪ੍ਰਤੀਸ਼ਤ ਗ਼ੈਰ-

(ਬਾਕੀ ਸਫਾ 20 'ਤੇ)

# ਕੋਇਲ ਦੇ ਆਂਡੇ

ਸੁਰਿੰਦਰ ਸੋਹਲ
646-220-2586

ਜੰਗ਼ਲ 'ਚ ਚਿੜੀਆਂ ਗਾ ਰਹੀਆਂ ਸਨ। ਧੁੱਪ ਫੈਲ ਰਹੀ ਸੀ। ਜੰਗ਼ਲ-ਵਾਸੀ ਆਪਣੇ-ਆਪਣੇ ਕਾਰੋਬਾਰ ਵਾਸਤੇ ਨਿਕ਼ਲ ਰਹੇ ਸਨ। ਕੋਇਲ ਕਾਉਣੀ ਦੇ ਆਲ੍ਹਣੇ 'ਤੇ ਨਿਗਾਹ ਟਿਕਾਈ ਰੁੱਖ ਦੀ ਟੀਸੀ 'ਤੇ ਬੈਠੀ ਸੀ। ਉਸ ਨੇ ਦੇਖਿਆ, ਪਹਿਲਾਂ ਕਾਂ ਆਲ੍ਹਣੇ 'ਚੋਂ ਉੱਡ ਗਿਆ। ਕੁਝ ਦੇਰ ਬਾਅਦ ਕਾਉਣੀ ਵੀ ਖੰਭ ਛੰਡਦੀ ਹੋਈ ਉੱਡ ਗਈ।

ਕੋਇਲ ਨੇ ਆਪਣੇ ਆਲ੍ਹਣੇ 'ਚੋਂ ਆਂਡੇ ਚੁੱਕੇ ਤੇ ਕਾਂ-ਕਾਉਣੀ ਦੇ ਆਲ੍ਹਣੇ 'ਚ ਪਏ ਕਾਉਣੀ ਦੇ ਆਂਡਿਆਂ 'ਚ ਰ਼ਲਾਅ ਦਿੱਤੇ। ਆ਼ਲਾ-ਦੁਆ਼ਲਾ ਦੇਖਦੀ ਮਲ਼ੂਕ ਜਿਹੇ ਆਪਣੇ ਆਲ੍ਹਣੇ 'ਚ ਆ ਬੈਠੀ। ਕੁਝ ਦਿਨ ਬੀਤ ਗਏ।

ਕਾਂ-ਕਾਉਣੀ ਦੇ ਆਲ੍ਹਣੇ 'ਚੋਂ ਉਹਨਾਂ ਦੇ ਬੱਚੇ ਤਾਂ ਉੱਡਣ ਲੱਗ ਪਏ ਪਰ ਕੋਇਲ ਦੇ ਬੱਚੇ ਨਾ ਨਿਕ਼ਲੇ। ਕੋਇਲ ਹੈਰਾਨ ਹੋਈ ਸੋਚਣ ਲੱਗੀ, "ਮੇਰੇ ਬੱਚੇ ਕਿੱਧਰ ਗਏ?"

ਕੁਝ ਦਿਨਾਂ ਬਾਅਦ ਕੋਇਲ ਸਭ ਤੋਂ ਅੱਖ ਬਚਾਅ ਕੇ ਫਿਰ ਆਪਣੇ ਆਂਡੇ ਕਾਂ-ਕਾਉਣੀ ਦੇ ਆਲ੍ਹਣੇ ਵਿਚ ਰੱਖ ਆਈ। ਕਾਂ-ਕਾਉਣੀ ਦੇ ਬੱਚੇ ਫਿਰ ਨਿਕ਼ਲ ਆਏ ਪਰ ਕੋਇਲ ਦੇ ਬੱਚੇ ਨਾ ਨਿਕ਼ਲੇ। ਆਖ਼ਿਰ ਕੋਇਲ ਤੇ ਉਸ ਦੇ ਪਤੀ ਨੇ ਰਾਜੇ ਸ਼ੇਰ ਕੋ਼ਲ ਸ਼ਿਕਾਇਤ ਕੀਤੀ, "ਰਾਜਨ! ਜੰਗ਼ਲ ਦਾ ਕੁਦ਼ਰਤੀ ਨੇਮ ਤੋੜਿਆ ਜਾ ਰਿਹਾ ਹੈ। ਮੁੱਢ-ਕਦੀਮ ਤੋਂ ਅਸੀਂ ਆਪਣੇ ਆਂਡੇ ਕਾਂ ਦੇ ਆਲ੍ਹਣੇ 'ਚ ਰੱਖਦੇ ਆਂ। ਕੁਦ਼ਰਤ ਦਾ ਨੇਮ ਹੈ ਕਿ ਕਾਉਣੀ ਨੇ ਸਾਡੇ ਬੱਚੇ ਕੱਢਣੇ ਹੁੰਦੇ ਨੇ। ਕੁਦ਼ਰਤੀ ਨੇਮ ਅਨੁਸਾਰ ਅਸੀਂ ਆਪਣੇ ਆਂਡੇ ਕਾਂ-ਕਾਉਣੀ ਤੋਂ ਅੱਖ ਬਚਾ ਕੇ ਉਹਨਾਂ ਦੇ ਆਲ੍ਹਣੇ 'ਚ ਰੱਖ ਆਉਂਦੇ ਆਂ ਪਰ ਸਾਡੇ ਬੱਚੇ ਨਹੀਂ ਨਿਕ਼ਲ ਰਹੇ।" "ਇਹ ਤਾਂ ਇਕ ਤਰ੍ਹਾਂ ਨਾ਼ਲ ਤੁਹਾਡੀ ਨਸਲ-ਕੁਸ਼ੀ ਹੈ," ਰਾਜੇ ਸ਼ੇਰ ਨੇ ਕਿਹਾ, "ਦੂਜਾ ਕੁਦ਼ਰਤ ਦੇ ਨਿਯਮ ਤੀਲਾ-ਤੀਲਾ ਕੀਤੇ ਜਾ ਰਹੇ ਨੇ। ਅਸੀਂ ਇਹ ਕਦੇ ਵੀ ਸਹਾਰ ਨਹੀਂ ਸਕਦੇ।" ਮਾਮਲਾ ਜਾਸੂਸ ਲੂੰਬੜੀ ਦੇ ਹਵਾਲੇ ਕਰ ਦਿੱਤਾ।

ਸਿਆਣੇ ਕਾਂ, ਜਾਸੂਸ ਲੂੰਬੜੀ, ਡਾਕਟਰ ਬਗਲੇ ਅਤੇ ਲਾਲ ਗਾਨੀ ਵਾ਼ਲੇ ਤੋਤੇ ਨੇ ਮਿ਼ਲ ਕੇ ਇਸ ਬਾਰੇ ਵਿਚਾਰ ਕੀਤੀ। ਸਾਰਿਆਂ ਨੇ ਆਪਣੀ-ਆਪਣੀ ਜ਼ਿੰਮੇਵਾਰੀ ਸਾਂਭ ਲਈ। ਪੰਛੀਆਂ ਦੇ ਆਂਡੇ ਪੀਣ 'ਚ ਸੱਪ ਪਹਿਲਾਂ ਹੀ ਬਦਨਾਮ ਸੀ ਪਰ ਕਾਂ-ਕਾਉਣੀ ਦਾ ਆਲ੍ਹਣਾ ਬਹੁਤ ਉੱਚਾ ਸੀ। ਓਥੇ ਤੱਕ ਸੱਪ ਦਾ ਪਹੁੰਚਣਾ ਮੁਸ਼ਕਿਲ ਜਾਪਦਾ ਸੀ। ਸਿਆਣਾ ਕਾਂ ਵੱਖ-ਵੱਖ ਪੰਛੀਆਂ ਨੂੰ ਮਿ਼ਲਦਾ। ਡਾਕਟਰ ਬਗਲਾ ਆਪਣੀ ਡਾਕਟਰੀ ਦੇ ਆਧਾਰ 'ਤੇ ਸੋਚਦਾ। ਜਾਸੂਸ ਲੂੰਬੜੀ ਆਪਣੀ ਤੀਖਣ ਬੁੱਧੀ ਨਾ਼ਲ ਮਾਮਲੇ ਦੀ ਜੜ੍ਹ ਤੱਕ ਪਹੁੰਚਣ ਦੀ ਕੋਸ਼ਿਸ਼ ਕਰ ਰਹੀ ਸੀ। ਲਾਲ ਗਾਨੀ ਵਾ਼ਲੇ ਤੋਤੇ ਨੇ ਤਾਂ ਦਿਨ ਰਾਤ ਇਕ ਕਰ ਦਿੱਤਾ ਸੀ। ਗਿਰ਼ਗਿਟ ਤਾਂ ਖੋਜ ਕੱਢਣ ਲਈ ਪਹਿਲਾਂ ਹੀ ਮਸ਼ਹੂਰ ਸੀ। ਉਹ ਜਿਸ ਜਾਨਵਰ-ਪੰਛੀ ਕੋ਼ਲ ਬੈਠਦਾ, ਓਸੇ ਦੇ ਰੰਗ ਵਰਗਾ ਹੋ ਜਾਂਦਾ। ਉਸ ਦਾ ਸੁਭਾਅ ਵੀ ਉਸੇ ਜਾਨਵਰ-ਪੰਛੀ ਵਰਗਾ ਹੋ ਜਾਂਦਾ ਤੇ ਉਹ ਅੰਦਰਲੀਆਂ ਗੱਲਾਂ ਕੱਢ ਲਿਆਉਂਦਾ।

"ਉੱਚੀ ਧੌਣ ਤਾਂ ਜਿਰਾਫ਼ ਦੀ ਹੈ," ਇਕ ਦਿਨ ਉੱਲੂ ਨੇ ਗਿਰ਼ਗਿਟ ਨੂੰ ਕਿਹਾ, "ਉਹ ਹੀ ਏਨੀ ਉੱਚੀ ਥਾਂ ਤੋਂ ਆਂਡੇ ਚੁੱਕ ਸਕਦੈ।" "ਪਰ ਉਹ ਆਂਡੇ ਚੁੱਕ ਕੇ ਕਰਦਾ ਕੀ ਹੋਊ?" ਗਿਰ਼ਗਿਟ ਨੇ ਪੁੱਛਿਆ, "ਮੈਂ ਤਾਂ ਸੁਣਿਆ ਉਹ ਆਂਡੇ ਖਾਂਦਾ-ਪੀਂਦਾ ਨਈਂ।" "ਇਹ ਤਾਂ ਰੱਬ ਜਾਣੇ ਪੀਂਦਾ ਕਿ ਖਾਂਦਾ ਜਾਂ ਕੀ ਕਰਦਾ ਹੋਊ," ਉੱਲੂ ਨੇ ਕਿਹਾ। ਸਭ ਦੀ ਨਿਗਾਹ ਜਿਰਾਫ਼ ਵੱਲ ਟਿਕ ਗਈ ਸੀ। ਕੋਇਲ ਨੇ ਆਂਡੇ ਫਿਰ ਕਾਂ-ਕਾਉਣੀ ਦੇ ਆਲ੍ਹਣੇ 'ਚ ਰੱਖੇ। ਸਭ ਨੇ ਜਿਰਾਫ਼ 'ਤੇ ਨਿਗਾਹ ਰੱਖੀ। ਉਹ ਤਾਂ ਰੋਜ਼ ਸਵੇਰੇ ਜੰਗ਼ਲ ਵੱਲ ਨਿਕ਼ਲ ਜਾਂਦਾ। ਸ਼ਾਮ ਪਈ ਘਰ ਮੁੜਦਾ।

ਇਸ ਵਾਰ ਬੱਚੇ ਫਿਰ ਸਿਰਫ਼ ਕਾਂ-ਕਾਉਣੀ ਦੇ ਹੀ ਨਿਕ਼ਲੇ ਸਨ। ਸਾਰੇ ਹੈਰਾਨ ਸਨ। ਇਕ ਦਿਨ ਸਵੇਰੇ-ਸਵੇਰੇ ਲਾਲ ਗਾਨੀ ਵਾ਼ਲੇ ਤੋਤੇ ਨੇ ਸਾਰੇ ਜੰਗ਼ਲ-ਵਾਸੀਆਂ ਨੂੰ ਸੁਨੇਹਾ ਪਹੁੰਚਾਅ ਦਿੱਤਾ, "ਸਿੰਘਾਸਣ ਕੋ਼ਲ ਪਹੁੰਚੋ। ਕੋਇਲ ਦੇ ਆਂਡੇ ਚੋਰੀ ਹੋਣ ਦਾ ਭੇਤ ਲੱਭ ਗਿਆ ਹੈ।" ਸਾਰੇ ਜੰਗ਼ਲ-ਵਾਸੀ ਉਤ਼ਸੁਕਤਾ ਨਾ਼ਲ ਜੰਗ਼ਲ 'ਚ ਪਹੁੰਚ ਗਏ। ਜਿਰਾਫ਼ ਦਾ ਕਦ ਸਭ ਤੋਂ ਉੱਚਾ ਸੀ। ਉਸ ਦੀਆਂ ਅੱਖਾਂ 'ਚ ਜੇਤੂਆਂ ਵਰਗੀ ਚਮਕ ਸੀ। "ਰਾਜਨ!" ਜਿਰਾਫ਼ ਧੌਣ ਅਕੜਾਅ ਕੇ ਬੋਲਿਆ, "ਤੁਹਾਨੂੰ ਪਤੈ ਇਸ ਵਾਰ ਫਿਰ ਕੋਇਲ ਦੇ ਬੱਚੇ ਨਹੀਂ ਨਿਕ਼ਲੇ। ਇਸ ਦੀ ਵਜ੍ਹਾ ਜਾਣਦੇ ਹੋ?" "ਦੱਸੋ," ਰਾਜੇ ਸ਼ੇਰ ਨੇ ਕਿਹਾ।

"ਕੋਇਲ ਦੇ ਆਂਡੇ ਮੇਰੇ ਕੋ਼ਲ ਹਨ," ਜਿਰਾਫ਼ ਨੇ ਆਂਡੇ ਸਾਹਮਣੇ ਰੱਖ ਦਿੱਤੇ। "ਇਹ ਤੇਰੇ ਕੋ਼ਲ ਕਿੱਦਾਂ ਆਏ?" ਰਾਜੇ ਸ਼ੇਰ ਨੇ ਪੁੱਛਿਆ। "ਮੈਂ ਦੱਸਦੀ ਆਂ," ਜਾਸੂਸ ਲੂੰਬੜੀ ਅੱਗੇ ਆਈ, "ਅਸੀਂ ਜੰਗ਼ਲ ਦੇ ਹਰ ਵਾਸੀ ਨਾ਼ਲ ਗੱਲਬਾਤ ਜਾਰੀ ਰੱਖੀ। ਕਿਸੇ ਤੋਂ ਕੋਈ ਸੁਰਾਗ਼ ਨਹੀਂ ਸੀ ਮਿ਼ਲ ਰਿਹਾ। ਕਹਿੰਦੇ ਨੇ ਚੋਰ ਦੇ ਪੈਰ ਨਹੀਂ ਹੁੰਦੇ। ਚੋਰ ਕਈ ਵਾਰ ਆਪ ਈ ਮੂੰਹ ਖੋਲ੍ਹ ਦਿੰਦੈ। ਸਿਆਣੇ ਕਹਿੰਦੇ ਐ ਨਾ ਜਦੋਂ ਅਸੀਂ ਮੂੰਹ ਖੋਲ੍ਹਦੇ ਆਂ ਤਾਂ ਸਾਡਾ ਦਿਮਾਗ਼ ਦਿਸ ਪੈਂਦੈ। ਅਸੀਂ ਸਾਰੇ ਜੰਗ਼ਲ-ਵਾਸੀਆਂ ਨਾ਼ਲ ਗੱਲ ਕੀਤੀ। ਸਭ ਨੇ ਇਹੀ ਕਿਹਾ ਬਈ ਸਾਨੂੰ ਪਤਾ ਨਹੀਂ। ਮਸ਼ਕੂਕ ਵਜੋਂ ਵੀ ਕਿਸੇ ਨੇ ਕਿਸੇ ਪ੍ਰਾਣੀ ਦਾ ਨਾਂ ਨਹੀਂ ਲਿਆ। ਜਦੋਂ ਉੱਲੂ ਨੇ ਗਿਰਗਿਟ ਨਾ਼ਲ ਗੱਲ ਕਰਦਿਆਂ ਜਿਰਾਫ਼ 'ਤੇ ਸ਼ੱਕ ਕੀਤੀ ਤਾਂ ਅਸੀਂ ਸੋਚਣ ਲੱਗੇ ਕਿ ਉੱਲੂ ਨੇ ਜਿਰਾਫ਼ ਦਾ ਨਾਂ ਕਿਉਂ ਲਿਆ? ਬਸ ਇਸੇ 'ਕਿਉਂ" ਦਾ ਜਵਾਬ ਲੱਭਦੇ-ਲੱਭਦੇ ਅਸੀਂ ਮਾਮਲੇ ਦੀ ਤਹਿ ਤੱਕ ਪਹੁੰਚ ਗਏ।"

ਉੱਲੂ ਕੰਬਣ ਲੱਗ ਪਿਆ, "ਨਹੀਂ ਨਹੀਂ ਮੈਂ ਇਕੱਲਾ ਦੋਸ਼ੀ ਨਹੀਂ। ਇਹਦੇ 'ਚ ਕਾਂ ਵੀ ਓਨਾ ਹੀ ਦੋਸ਼ੀ ਆ।" ਕਾਂ ਤੇ ਕਾਉਣੀ ਇਕਦਮ ਘਬਰਾਅ ਗਏ। ਸਿਆਣੇ ਕਾਂ ਨੇ ਉਹਨਾਂ ਵੱਲ ਬੜੀ ਤ੍ਰਿਸਕਾਰ ਭਰੀ ਨਿਗਾਹ ਨਾ਼ਲ ਦੇਖਿਆ। "ਰਾਜਨ!" ਜਾਸੂਸ ਲੂੰਬੜੀ ਅੱਗੇ ਆਈ, "ਅਸ਼ਲ 'ਚ ਉੱਲੂ ਦਾ ਪੱਠਾ ਜਾਂ ਕਹਿ ਲਓ ਉੱਲੂ ਬੱਚਾ ਦੂਜੇ ਜੰਗ਼ਲ 'ਚ ਰਹਿ ਕੇ ਆਇਆ ਹੈ। ਇਹਨੂੰ ਓਥੇ ਆਂਡੇ ਪੀਣ ਦੀ ਆਦਤ ਪੈ ਗਈ। ਉੱਲੂ ਦਾ ਬੱਚਾ ਲੱਗਾ ਉੱਲੂ ਨੂੰ ਤੰਗ ਕਰਨ। ਉੱਲੂ ਨੇ ਫਿਰ ਦੋਸਤੀ ਪਾਈ ਕਾਂ ਨਾ਼ਲ। ਉੱਲੂ ਕਾਂ ਵਾਸਤੇ ਹੱਡਾ-ਰੋੜੀ 'ਚੋਂ ਮਾਸ ਲਿਆ ਦਿੰਦਾ ਤੇ ਕਾਂ ਉਹਦੇ ਬਦਲੇ ਕੋਇਲ ਦੇ ਆਂਡੇ ਉੱਲੂ ਦੇ ਹਵਾਲੇ ਕਰ ਦਿੰਦਾ।" "ਪਰ ਇਹ ਸਾਰੀ ਜਾਣਕਾਰੀ ਤੁਹਾਡੇ ਤੱਕ ਕਿਵੇਂ ਪਹੁੰਚੀ?" ਰਾਜੇ ਸ਼ੇਰ ਨੇ ਪੁੱਛਿਆ। "ਉੱਲੂ ਨੇ ਜਿਰਾਫ਼ ਦਾ ਨਾਂ ਲਿਆ। ਹੁਣ ਜਿਰਾਫ਼ ਦੀ ਨੇਕ-ਨੀਅਤੀ ਬਾਰੇ ਤਾਂ ਸ਼ੱਕ ਕੀਤਾ ਨਹੀਂ ਜਾ ਸਕਦਾ ਸੀ! ਮੈਂ ਜਿਰਾਫ਼ ਨਾ਼ਲ ਗੱਲ ਕੀਤੀ," ਸਿਆਣਾ ਕਾਂ ਦੱਸਣ ਲੱਗਾ, "ਜਿਰਾਫ਼ ਨੂੰ ਬੜਾ ਗ਼ੁੱਸਾ ਆਇਆ। ਜਿਰਾਫ਼ ਕਹਿਣ ਲੱਗਾ- 'ਯਾਰ ਮੈਂ ਸ਼ਰੀਫ਼ ਜਾਨਵਰ। ਕਦੇ ਕਿਸੇ ਦੀ ਅੱਧੀ-ਸਾਰੀ 'ਚ ਨਈਂ ਆਉਂਦਾ। ਉੱਲੂ ਨੇ ਮੇਰਾ ਨਾਂ ਕਿਉਂ ਲਿਆ? ਮੈਂ ਕਰੂੰ ਸਾਰੀ ਪੜਤਾਲ।' ਤੁਹਾਨੂੰ ਪਤਾ ਜਿਰਾਫ਼ ਦੀ ਧੌਣ ਕਿੰਨੀ ਉੱਚੀ ਐ। ਉਹ ਸਾਰੇ ਜੰਗ਼ਲ ਦੇ ਉੱਤੋਂ ਦੀ ਦੇਖ-ਦੇਖ ਕੇ ਪੜਤਾਲ ਕਰਦਾ ਰਿਹਾ। ਜਿਰਾਫ਼ ਨੇ ਉੱਲੂ ਦੀ ਨਿੱਕੀ-ਨਿੱਕੀ ਹਰਕਤ 'ਤੇ ਨਿਗਾਹ ਰੱਖੀ। ਉੱਲੂ ਹੱਡਾ-ਰੋੜੀ 'ਚੋਂ ਮਾਸ ਲਿਆ ਕੇ ਕਾਂ ਦੇ ਆਲ੍ਹਣੇ 'ਚ ਰੱਖਦਾ ਦੇਖਿਆ ਤਾਂ ਜਿਰਾਫ਼ ਨੂੰ ਹੋਰ ਵੀ ਸ਼ੱਕ ਪੈ ਗਈ। ਉਸ ਨੇ ਗਿਰਗਿਟ ਨੂੰ ਉੱਲੂ 'ਤੇ ਆਲ੍ਹਣੇ ਦੇ ਨੇੜੇ-ਨੇੜੇ ਰਹਿਣ ਵਾਸਤੇ ਕਿਹਾ। ਗਿਰਗਿਟ ਉੱਲੂ ਦੇ ਆਲ੍ਹਣੇ ਕੋ਼ਲ ਹਰੇ ਪੱਤਿਆਂ 'ਚ ਆਪਣਾ ਰੰਗ ਹਰਾ ਕਰ ਕੇ ਬੈਠਾ ਰਹਿੰਦਾ। ਇਕ ਦਿਨ ਉਸ ਨੇ ਉੱਲੂ ਦੇ ਬੱਚੇ ਨੂੰ ਕਹਿੰਦੇ ਸੁਣਿਆ- 'ਮੈਂ ਭੁੱਖ ਨਾ਼ਲ ਮਰ ਰਿਹਾਂ ਮੈਨੂੰ ਛੇਤੀ ਤੋਂ ਛੇਤੀ ਕੋਇਲ ਦੇ ਆਂਡੇ ਲਿਆ ਕੇ ਦਿਉ। ਜੇ ਦੇਰ ਕੀਤੀ ਤਾਂ ਮੈਂ ਜੰਗ਼ਲ ਨੂੰ ਅੱਗ ਲਾ ਦਊਂ।' ਮਾਮਲਾ ਕਾਫ਼ੀ ਹੱਦ ਤੱਕ ਸੁਲਝ ਗਿਆ ਸੀ। ਜਿਰਾਫ਼ ਨੇ ਕਾਂ ਦੇ ਆਲ੍ਹਣੇ 'ਤੇ ਹਰ ਵੇ਼ਲੇ ਨਜ਼ਰ ਰੱਖਣ ਦੀ ਸੋਚੀ। ਆਪ ਥੱਕ ਜਾਂਦਾ ਤਾਂ ਉਸ ਦੀ ਪਤਨੀ ਪਹਿਰਾ ਦੇਣ ਲੱਗੀ। ਜਦੋਂ ਕੋਇਲ ਨੇ ਆਪਣੇ ਆਂਡੇ ਰੱਖੇ ਕਾਂ-ਕਾਉਣੀ ਦੇ ਆਲ੍ਹਣੇ 'ਚ ਜਿਰਾਫ਼ ਨੇ ਚੁੱਕ ਲਏ। ਉੱਲੂ ਦਿਨਾਂ ਦੇ ਹਿਸਾਬ ਨਾ਼ਲ ਆਂਡੇ ਲੈਣ ਜਦੋਂ ਉਹਨਾਂ ਦੇ ਆਲ੍ਹਣੇ 'ਚ ਗਿਆ, ਆਂਡੇ ਓਥੇ ਹੈ ਨਹੀਂ ਸਨ। ਕਾਂ ਤੇ ਉੱਲੂ ਬਹਿਸਣ ਲੱਗੇ। ਉੱਲੂ ਕਹੇ ਮੈਂ ਤੈਨੂੰ ਏਨਾ ਮਾਸ ਲਿਆ-ਲਿਆ ਦਿੰਨਾਂ ਤੂੰ ਮੇਰੇ ਨਾ਼ਲ ਧੋਖਾ ਕੀਤਾ। ਕਾਂ ਆਪਣੀ ਜਗ੍ਹਾ ਸੱਚਾ ਸੀ।"

ਜਾਸੂਸ ਲੂੰਬੜੀ ਨੇ ਏਥੋਂ ਗੱਲ ਅੱਗੇ ਤੋਰੀ, "ਗਿਰਗਿਟ ਆਪ ਹਰੇ ਪੱਤਿਆਂ 'ਚ ਹਰਾ ਹੋਇਆ ਸਖ਼ਤ ਨਿ-ਗਰਾਨੀ ਕਰ ਰਿਹਾ ਸੀ। ਉੱਲੂ ਖ਼ਾਲੀ ਹੱਥ ਵਾਪਸ ਆਇਆ। ਉਸ ਦਾ ਬੱਚਾ ਆਦਤ ਤੋਂ ਮਜਬੂਰ ਹੋਇਆ ਵਿਲਕ-ਵਿਲਕ ਕੇ ਰੌ਼ਲਾ ਪਾ ਰਿਹਾ ਸੀ, "ਜੇ ਮੈਨੂੰ ਆਂਡੇ ਨਾ ਮਿ਼ਲੇ ਮੈਂ ਤਾਂ ਜੰਗ਼ਲ ਨੂੰ ਅੱਗ ਲਾ ਦਊਂ। ਜਿੱਦਾਂ-ਕਿੱਦਾਂ ਆਂਡੇ ਲਿਆ ਕੇ ਦਿਉ। ਜੇ ਕੋਇਲ ਦੇ ਨਈਂ ਮਿ਼ਲਦੇ ਤਾਂ ਕਾਉਣੀ ਦੇ ਈ ਲਿਆ ਦਿਓ। ਬਸ ਮਾਮਲਾ ਸਾਫ਼ ਹੋ ਗਿਆ।"

ਰਾਜੇ ਸ਼ੇਰ ਨੇ ਉੱਲੂ, ਉਸ ਦੇ ਬੱਚੇ ਅਤੇ ਕਾਂ ਨੂੰ ਸਜ਼ਾ ਦੇ ਤੌਰ 'ਤੇ ਜੰਗ਼ਲ 'ਚੋਂ ਇਕ ਮਹੀਨੇ ਲਈ ਬਾਹਰ ਰਹਿਣ ਦਾ ਹੁਕਮ ਸੁਣਾਅ ਦਿੱਤਾ। ਖ਼ਰਗੋਸ਼ ਨੇ ਲਾਲ ਗਾਨੀ ਵਾ਼ਲੇ ਤੋਤੇ ਨੂੰ ਪੁੱਛਿਆ, "ਜੇ ਕਿਤੇ ਉੱਲੂ ਜਿਰਾਫ਼ ਦਾ ਨਾਂ ਨਾ ਲੈਂਦਾ, ਏਨੀ ਛੇਤੀ ਭੇਤ ਖੁੱਲ੍ਹਣਾ ਈ ਨਹੀਂ ਸੀ। ਮੈਨੂੰ ਸਮਝ ਨਈਂ ਆਉਂਦੀ ਓਨੇ ਜਿਰਾਫ਼ ਦਾ ਨਾਂ ਕਿਉਂ ਲਿਆ?"

ਲਾਲ ਗਾਨੀ ਵਾ਼ਲੇ ਤੋਤੇ ਨੇ ਹੱਸਦੇ ਹੋਏ ਕਿਹਾ, "ਜੇ ਉਹ ਗੁਨਾਹਗਾਰ ਨਾ ਹੁੰਦਾ ਤਾਂ ਉਸ ਨੇ ਚੁੱਪ ਕਰ ਰਹਿਣਾ ਸੀ ਪਰ ਉਹ ਅੰਦਰੋਂ ਗੁਨਾਹਗਾਰ ਸੀ, ਉਸ ਨੇ ਅਚੇਤ ਹੀ ਆਪਣਾ ਬਚਾਅ ਕਰਨ ਲਈ ਹੋਰ ਦਾ ਨਾਂ ਲੈ ਦਿੱਤਾ ਤੇ ਫਸ ਗਿਆ।"

"ਤਾਂ ਹੀਂ," ਖ਼ਰਗੋਸ਼ ਹੱਸਿਆ, "ਐਵੇਂ ਤਾਂ ਨਹੀਂ ਮੂਰਖ ਨੂੰ ਕਹਿੰਦੇ ਜਾ ਉਇ ਤੂੰ ਤਾਂ ਉੱਲੂ ਈ ਨਿਕਲ਼ਿਆ...।"

ਆਲ਼ੇ-ਦੁਆਲ਼ੇ ਖੜ੍ਹੇ ਜੰਗ਼ਲ-ਵਾਸੀ ਖ਼ਰਗੋਸ਼ ਦੀ ਗੱਲ ਸੁਣ ਕੇ ਹੱਸਣ ਲੱਗ ਪਏ।

# ਐਨ. ਪੀ. ਆਰ, ਐਨ. ਆਰ. ਸੀ, ਸੀ. ਏ. ਏ. ਕਾਨੂੰਨ ਕੀ ਅਤੇ ਕਿਉ?

ਮੁਸਲਮਾਨ ਸਨ। ਇਹ ਦਰਸਾਉਂਦਾ ਹੈ ਕਿ ਇਹ ਅਭਿਆਸ ਨਾ ਸਿਰਫ ਮੁਸਲਮਾਨਾਂ ਲਈ, ਬਲਕਿ ਆਮ ਤੌਰ 'ਤੇ ਹਰੇਕ ਲਈ ਮੁਸ਼ਕਲ ਹੋਵੇਗਾ ਕਿਉਂਕਿ ਦਸਤਾਵੇਜ਼ ਪੇਸ਼ ਕਰਨ ਵਿੱਚ ਅਸਫਲ ਰਹਿਣ ਦਾ ਨਤੀਜਾ ਐਨ.ਆਰ.ਸੀ. ਸੂਚੀ ਵਿੱਚੋਂ ਬਾਹਰ ਕੱਢਿਆ ਜਾਵੇਗਾ। ਕਿਸੇ ਵੀ ਕਮਿਊਨਿਟੀ ਦਾ ਕੋਈ ਵੀ ਵਿਅਕਤੀ ਪ੍ਰਭਾਵਿਤ ਹੋ ਸਕਦਾ ਹੈ।

ਜਦੋਂ ਕਿਸੇ ਵਿਅਕਤੀ ਨੂੰ ਗੈਰਕਾਨੂੰਨੀ ਘੋਸ਼ਿਤ ਕੀਤਾ ਜਾਂਦਾ ਹੈ, ਤਾਂ ਉਨ੍ਹਾਂ ਦੀ ਨਾਗਰਿਕਤਾ ਰੱਦ ਕਰ ਦਿੱਤੀ ਜਾਵੇਗੀ, ਅਤੇ ਸਾਰੇ ਅਧਿਕਾਰ ਦੁਬਾਰਾ ਨਿਰਧਾਰਤ ਹੋਣਗੇ। ਉਨ੍ਹਾਂ ਦੀਆਂ ਜਾਇਦਾਦਾਂ ਅਤੇ ਚੀਜ਼ਾਂ ਜ਼ਬਤ ਕਰ ਲਈਆਂ ਜਾ ਸਕਣਗੀਆਂ ਅਤੇ ਉਨ੍ਹਾਂ ਦੀਆਂ ਨੌਕਰੀਆਂ ਖੋਹ ਲਈਆਂ ਜਾ ਸਕਣਗੀਆਂ। ਉਹ ਨਾਗਰਿਕਾਂ ਵਾਲੇ ਕੋਈ ਅਧਿਕਾਰ ਪ੍ਰਾਪਤ ਨਹੀਂ ਕਰ ਸਕਦੇ, ਰਾਜ ਤੋਂ ਸੁਰੱਖਿਆ ਦਾ ਦਾਅਵਾ ਨਹੀਂ ਕਰ ਸਕਦੇ ਜਾਂ ਅਧਿਕਾਰ K ਨਿਆਂ ਦੀ ਮੰਗ ਕਰਨ ਵਾਲੇ ਨਿਆਂ ਪਾਲਿਕਾ ਨੂੰ ਨਹੀਂ ਮਿਲ ਸਕਦੇ ਹਨ। ਉਹ ਹਰ ਕਿਸੇ ਦੁਆਰਾ ਅਤੇ ਹਰ ਤਰੀਕੇ ਨਾਲ ਸ਼ੋਸ਼ਣ ਦੇ ਸ਼ਿਕਾਰ ਹੋਣਗੇ।

ਅਸਾਮ ਵਿੱਚ ਹੋਈ ਇਸ ਐਨ.ਆਰ.ਸੀ. ਅਭਿਆਸ ਤੋਂ ਪਤਾ ਲਗਦਾ ਹੈ, ਇੱਕ ਪੂਰੀ ਕਾਲਾ ਬਾਜ਼ਾਰ ਦੀ ਆਰਥਿਕਤਾ ਸਾਹਮਣੇ ਆਵੇਗੀ, ਜਿਸ ਵਿੱਚ ਐਨ.ਆਰ.ਸੀ. ਅਤੇ ਸੀ.ਏ.ਏ. ਵਿਚ ਨਾਮ ਸ਼ਾਮਲ ਕਰਨ ਲਈ ਰਿਸ਼ਵਤ, ਪੱਖਪਾਤ ਭਰਿਸ਼ਟਾਚਾਰ ਹੋਵੇਗਾ। ਸੱਤਾ ਦੀ ਦੁਰਵਰਤੋਂ ਹੋ ਸਕਦੀ ਹੈ ਜਿਸ ਵਿਚ ਵਿਅਕਤੀਗਤ, ਰਾਜਨੀਤਿਕ, ਧਾਰਮਿਕ ਅਤੇ ਸਮਾਜਿਕ ਰੰਜਿਸ਼ਾਂ ਕਾਰਨ ਲੋਕਾਂ ਨੂੰ ਨਿਸ਼ਾਨਾ ਬਣਾਇਆ ਜਾ ਸਕਦਾ ਹੈ।

ਸੀ.ਏ.ਏ. ਦਾ ਇਕ ਹੋਰ ਮੁਸ਼ਕਲ ਪਹਿਲੂ ਇਹ ਹੈ ਕਿ ਇਹ ਸਿਰਫ ਅਫਗਾਨਿਸਤਾਨ, ਬੰਗਲਾਦੇਸ਼ ਅਤੇ ਪਾਕਿਸਤਾਨ ਦੇ ਸ਼ਰਨਾਰਥੀਆਂ ਨੂੰ ਹੀ ਸ਼ਾਮਲ ਕਰਦਾ ਹੈ। ਲੋਕਾਂ ਨੂੰ ਇਹ ਸਾਬਤ ਕਰਨਾ ਪਏਗਾ ਕਿ ਉਹ ਇਨ੍ਹਾਂ ਤਿੰਨਾਂ ਦੇਸ਼ਾਂ ਵਿਚੋਂ ਇਕ ਹਨ, ਅਤੇ ਉਨ੍ਹਾਂ ਛੇ ਭਾਈਚਾਰਿਆਂ ਵਿਚੋਂ ਇਕ ਹਨ: ਹਿੰਦੂ, ਈਸਾਈ, ਸਿੱਖ, ਜੈਨ, ਬੋਧੀ ਅਤੇ ਪਾਰਸੀ। ਜਦੋਂ ਲੋਕਾਂ ਨੂੰ ਸ਼ੱਕੀ ਘੋਸ਼ਿਤ ਕੀਤਾ ਜਾਵੇਗਾ, ਜੇ ਉਹ ਇਨ੍ਹਾਂ ਤਿੰਨਾਂ ਦੇਸ਼ਾਂ ਤੋਂ ਨਹੀਂ ਹਨ, ਤਾਂ ਉਨ੍ਹਾਂ ਨੂੰ ਵੀ ਗੈਰ ਕਾਨੂੰਨੀ ਘੋਸ਼ਿਤ ਕੀਤਾ ਜਾਵੇਗਾ ਅਤੇ ਉਨ੍ਹਾਂ ਦੀ ਨਾਗਰਿਕਤਾ ਰੱਦ ਕਰ ਦਿੱਤੀ ਜਾਵੇਗੀ। ਉਦਾਹਰਣ ਦੇ ਲਈ: ਜੇ ਪੰਜਾਬ, ਬੰਗਾਲ, ਬਿਹਾਰ ਜਾਂ ਤਾਮਿਲਨਾਡੂ ਦੇ ਕਿਸੇ ਵੀ ਗੈਰ-ਮੁਸਲਿਮ ਲੋਕਾਂ ਨੂੰ ਦਸਤਾਵੇਜ਼ਾਂ ਦੀ ਘਾਟ ਕਾਰਨ ਸ਼ੱਕੀ ਘੋਸ਼ਿਤ ਕੀਤਾ ਜਾਂਦਾ ਹੈ, ਅਤੇ ਭਾਵੇਂ ਸੀ.ਏ.ਏ. ਨੇ ਉਨ੍ਹਾਂ ਨੂੰ ਨਾਗਰਿਕਤਾ ਪ੍ਰਦਾਨ ਕਰਨ ਦਾ ਪ੍ਰਬੰਧ ਕੀਤਾ ਹੈ, ਉਹ ਕਿਸੇ ਵੀ ਤਰੀਕੇ ਨਾਲ ਇਹ ਸਾਬਤ ਨਹੀਂ ਕਰ ਸਕਦੇ ਕਿ ਉਹ ਤਿੰਨ ਦੇਸ਼ਾਂ ਵਿੱਚੋਂ ਇੱਕ ਹਨ ਕਿਉਂਕਿ ਪੰਜਾਬ, ਬੰਗਾਲ, ਬਿਹਾਰ ਜਾਂ ਤਾਮਿਲਨਾਡੂ ਦਾ ਤਿੰਨੋ ਦੇਸ਼ਾਂ ਵਿਚੋਂ ਕਿਸੇ ਨਾਲ ਕੋਈ ਸਬੰਧ ਨਹੀਂ ਹੈ। ਇਸ ਲਈ ਉਹ ਓਨੇ ਹੀ ਮੁਸੀਬਤ ਵਿੱਚ ਹੋ ਸਕਦੇ ਹਨ, ਜਿੰਨਾ ਮੁਸਲਮਾਨਾਂ ਅਤੇ ਉਨ੍ਹਾਂ ਦੀ ਨਾਗਰਿਕਤਾ ਵਾਪਸ ਲੈ ਲਈ ਜਾਵੇਗੀ, ਜਾਇਦਾਦਾਂ ਜ਼ਬਤ ਕਰ ਦਿੱਤੀਆਂ ਜਾਣਗੀਆਂ ਅਤੇ ਅਧਿਕਾਰ ਵਾਪਸ ਲਏ ਜਾਣਗੇ। ਸਥਾਨਕ ਰਜਿਸਟਰ ਆਫ਼ ਸਿਟੀਜਨ ਦੇ ਬਾਹਰ ਰਹਿ ਗਏ ਲੋਕਾਂ ਦਾ ਕੀ ਹੋਵੇਗਾ?

ਨਿਯਮ ਤਸਦੀਕ ਪ੍ਰਕਿਰਿਆ ਦੇ ਬਾਅਦ ਰਜਿਸਟਰ ਆਫ ਸਿਟੀਜ਼ਨ ਤੋਂ ਬਾਹਰ ਰੱਖਣ ਵਾਲਿਆਂ ਲਈ ਅਪੀਲ ਦੇ ਦੋ ਪੜਾਅ ਪ੍ਰਦਾਨ ਕਰਦੇ ਹਨ; ਪਹਿਲਾ ਤਹਿਸੀਲ ਪੱਧਰ ਤੇ ਅਤੇ ਦੂਜਾ ਜ਼ਿਲ੍ਹਾ ਪੱਧਰ ਤੇ। ਹਾਲਾਂਕਿ ਨਿਯਮ ਉਨ੍ਹਾਂ ਲਈ ਪ੍ਰਕਿਰਿਆ ਨੂੰ ਨਿਰਧਾਰਤ ਨਹੀਂ ਕਰਦੇ ਹਨ ਜਿਨ੍ਹਾਂ ਨੂੰ ਅਜੇ ਵੀ ਭਾਰਤੀ ਨਾਗਰਿਕਾਂ ਦੇ ਅੰਤਮ ਰਾਸ਼ਟਰੀ ਰਜਿਸਟਰ ਤੋਂ ਬਾਹਰ ਰੱਖਿਆ ਜਾਵੇਗਾ, ਸਾਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਇਹ ਸਿਰਫ ਇਕ ਅਫਸਰਸ਼ਾਹੀ ਅਭਿਆਸ ਹੈ ਅਤੇ ਕਿਸੇ ਵੀ ਭਾਰਤੀ ਦੀ ਨਾਗਰਿਕਤਾ ਨੂੰ ਕਾਨੂੰਨੀ ਪ੍ਰਕਿਰਿਆ ਤੋਂ ਬਿਨਾਂ ਨਹੀਂ ਖੋਹਿਆ ਜਾ ਸਕਦਾ। ਹਾਲਾਂਕਿ, ਐਨਆਰਆਈਸੀ ਦੀ ਸਮੁੱਚੀ ਅਭਿਆਸ ਸਾਰੇ ਨਾਗਰਿਕਾਂ ਲਈ ਭਾਰੀ ਮੁਸ਼ਕਲ ਪੈਦਾ ਕਰੇਗੀ, ਜਿਨ੍ਹਾਂ ਨੂੰ ਇਹ ਸੁਨਿਸ਼ਚਿਤ ਕਰਨ ਲਈ ਕਿ ਉਨ੍ਹਾਂ ਦੇ ਮੁੱਢਲੇ ਨਾਗਰਿਕਤਾ ਦੇ ਅਧਿਕਾਰਾਂ ਦੀ ਰੱਖਿਆ ਕੀਤੀ ਜਾਏਗੀ, ਨੂੰ ਸਾਰੀ ਪ੍ਰਕਿਰਿਆ ਵਿਚੋਂ ਲੰਘਣਾ ਪਏਗਾ। ਜਿਨ੍ਹਾਂ ਨੂੰ ਇਸ ਪ੍ਰਕਿਰਿਆ ਤੋਂ ਬਾਹਰ ਰੱਖਿਆ ਜਾਵੇਗਾ ਉਨ੍ਹਾਂ ਨੂੰ ਕੇਸਾਂ ਅਤੇ ਅਪੀਲਾਂ ਦੀ ਇਕ ਹੋਰ ਵੀ ਦੁਖਦਾਈ ਕਾਨੂੰਨੀ ਪ੍ਰਕਿਰਿਆ ਵਿਚੋਂ ਲੰਘਣਾ ਪਏਗਾ।

ਇਕ ਹੋਰ ਪ੍ਰੇਸ਼ਾਨ ਕਰਨ ਵਾਲਾ ਪਹਿਲੂ ਹੈ ਐਨ ਆਰ ਆਈ ਸੀ ਤਿਆਰ ਕਰਨ ਦੀ ਪ੍ਰਕਿਰਿਆ ਵਿਚ ਨਿਰਪੱਖਤਾ ਅਤੇ ਪਾਰਦਰਸ਼ਤਾ ਦੀ ਘਾਟ, ਜਿਵੇਂ ਕਿ ਅਸੀਂ ਉੱਪਰ ਵੇਖ ਚੁੱਕੇ ਹਾਂ, ਸਥਾਨਕ ਪੱਧਰ ਦੇ ਸਰਕਾਰੀ ਅਧਿਕਾਰੀ ਜੋ ਸਥਾਨਕ ਰਜਿਸਟਰਾਰਾਂ ਵਜੋਂ ਕੰਮ ਕਰਨਗੇ, ਨੂੰ ਲੋਕਾਂ ਨੂੰ ਸ਼ੱਕੀ ਨਾਗਰਿਕ ਵਜੋਂ ਨਿਸ਼ਾਨਦੇਹੀ ਕਰਨ ਦੀ ਸ਼ਕਤੀ ਦਿੱਤੀ ਗਈ ਹੈ,ਇਹ ਵੀ ਦੱਸੇ ਬਿਨਾਂ ਕਿ ਕਿਸ ਅਧਾਰ 'ਤੇ ਜਾਣਕਾਰੀ ਦੀ ਪੜਤਾਲ ਕੀਤੀ ਜਾਏਗੀ। ਸਥਾਨਕ ਪੱਧਰ ਤੋਂ ਲੈ ਕੇ ਜ਼ਿਲ੍ਹਾ ਪੱਧਰ ਤੱਕ, ਸਰਕਾਰੀ ਅਧਿਕਾਰੀਆਂ ਅਤੇ ਨੌਕਰਸ਼ਾਹਾਂ ਨੂੰ ਇਹ ਫ਼ੈਸਲਾ ਕਰਨ ਲਈ ਭਾਰੀ ਸ਼ਕਤੀ ਅਤੇ ਵਿਵੇਕ ਦਿੱਤਾ ਗਿਆ ਹੈ ਕਿ ਕਿਹੜੇ ਵਿਅਕਤੀਆਂ ਨੂੰ ਆਪਣੀ ਨਾਗਰਿਕਤਾ ਦੇ ਸਬੂਤ ਦੇਣ ਲਈ ਆਲੇ-ਦੁਆਲੇ ਭੱਜਣਾ ਪਏਗਾ।

## ਕੀ ਕਰਨਾ ਚਾਹੀਦਾ ਹੈ?

ਸਭ ਤੋਂ ਪਹਿਲਾਂ, ਧਰਮ ਨਿਰਪੱਖ ਭਾਰਤ ਦੇ ਨਾਗਰਿਕ ਹੋਣ ਦੇ ਨਾਤੇ, ਸਾਨੂੰ ਸਾਰਿਆਂ ਨੂੰ ਕਿਸੇ ਵੀ ਕਾਨੂੰਨ ਨੂੰ ਰੱਦ ਕਰਨਾ ਚਾਹੀਦਾ ਹੈ ਜੋ ਧਰਮ, ਜਾਤ, ਭਾਸ਼ਾ, ਜਾਤੀ, ਲਿੰਗ ਆਦਿ ਦੇ ਕਿਸੇ ਵੀ ਵਿਭਾਜਨ ਦੇ ਅਧਾਰ 'ਤੇ ਅਧਾਰਤ ਹੈ, ਕਿਉਂਕਿ ਇਹ ਧਰਮ ਨਿਰਪੱਖ, ਬਹੁਸੰਖਿਆ ਦੀ ਭਾਵਨਾ ਦੇ ਵਿਰੁੱਧ ਹੈ। ਸਾਡੇ ਸੰਵਿਧਾਨ ਦੀ ਪ੍ਰਸਤਾਵਨਾ ਵਿਚ ਸ਼ਾਮਲ ਕੀਤੇ ਗਏ ਸਮੁੱਚੇ ਭਾਰਤ ਦੀ, ਜੋ ਸਪਸ਼ਟ ਰੂਪ ਵਿਚ ਭਾਰਤੀ ਰਾਜ ਦੇ ਬੁਨਿਆਦੀ ਸੁਭਾਅ ਨੂੰ ਦਰਸਾਉਂਦੀ ਹੈ।

ਕਿਉਂਕਿ ਸੀ.ਏ.ਏ.- ਐਨ.ਆਰ.ਸੀ.-ਐਨ. ਪੀ. ਆਰ. ਸੰਵਿਧਾਨ ਅਤੇ ਧਰਮ ਨਿਰਪੱਖ ਅਤੇ ਬਹੁਸੰਖਿਅਕ ਭਾਰਤ ਦੇ ਵਿਚਾਰ ਦੇ ਵਿਰੁੱਧ ਹਨ, ਇਸ ਲਈ ਸਾਨੂੰ ਲੋਕਤੰਤਰੀ ਢੰਗ ਨਾਲ ਕੰਮ ਕਰਨ ਲਈ, ਇਕੱਠੇ ਹੋ ਕੇ, ਅਸਹਿਮਤੀ ਦੇ ਆਪਣੇ ਸੰਵਿਧਾਨਕ ਅਧਿਕਾਰ ਦੀ ਵਰਤੋਂ ਕਰਦਿਆਂ, ਭਾਜਪਾ ਸਰਕਾਰ ਦੀ ਫਿਰਕਾਪਰਸਤ ਮਾਨਸਿਕਤਾ ਦੇ ਅਧਾਰ ਉਤੇ ਬਣਾਏ ਜਾਣ ਵਾਲੇ ਸੀ.ਏ.ਏ. ਐਨ.ਪੀ.ਆਰ. ਅਤੇ ਐਨ.ਆਰ.ਸੀ. ਨੂੰ ਰੱਦ ਕਰਨ ਲਈ ਇਕੱਠੇ ਹੋਣਾ ਚਾਹੀਦਾ ਹੈ।

ਫਿਰਕਾਪ੍ਰਸਤ ਸੋਚ ਨਾਲ ਸੀ.ਏ.ਏ. ਐਨ.ਪੀ.ਆਰ. ਅਤੇ ਐਨ.ਆਰ.ਸੀ. ਨੂੰ ਲਾਗੂ ਕਰਨਾ ਠੀਕ ਨਹੀਂ। ਅਹਿੰਸਕ ਵਿਰੋਧ ਪ੍ਰਦਰਸ਼ਨ ਆਮ ਭਾਰਤੀਆਂ ਦਾ ਸੰਵਿਧਾਨਿਕ ਅਧਿਕਾਰ ਹੈ। ਸ਼ਾਤੀ ਪੂਰਵਕ ਸੰਵਿਧਾਨਿਕ ਦਾਇਰੇ ਅੰਦਰ ਰਹਿਕੇ ਕੀਤੀਆਂ ਕੋਸ਼ਿਸ਼ਾਂ ਦੇ ਲਾਜ਼ਮੀ ਤੌਰ ਤੇ ਭਾਰਤ ਅਤੇ ਭਾਰਤੀ ਸੰਵਿਧਾਨ ਨੂੰ ਮਜਬੂਤ ਬਨਾਉਣ ਲਈ ਕਾਮਜਾਬ ਹੋਣਗੀਆਂ।

ਸ਼ਾਤੀ ਪੂਰਵਕ ਚੱਲ ਰਹੇ ਵਿਰੋਧ ਪ੍ਰਦਰਸ਼ਨਾ ਵਿੱਚ ਅਸਮਾਜਿਕ ਅਤੇ ਹਥਿਆਰਬੰਦ ਗੁੰਡੇ ਭੇਜ ਦਹਿਸ਼ਤ ਪੈਦਾ ਕਰਨ ਨਾਲ ਕੋਈ ਲਾਭ ਨਹੀਂ ਹੋਵੇਗਾ। ਫਿਰਕਾਪ੍ਰਸਤੀ ਨੂੰ ਮਜਬੂਤ ਕਰਨ ਵਾਲੇ ਬਿਲ ਨੂੰ ਸਹੀ ਦਸਣ ਵਾਲੇ ਭਾਜਪਾ ਅਤੇ ਸਹਿਯੋਗੀ ਦਲ ਇਸ ਦੇ ਪੱਖ ਵਿੱਚ ਹਥਿਆਰਬੰਦ ਅਸਮਾਜਿਕ ਨਾਹਰਿਆਂ ਵਾਲੇ ਹਿੰਸਕ ਅਸੰਵਿਧਾਨਿਕ ਪ੍ਰਦਰਸ਼ਨ ਕਰਦੇ ਆ ਰਹੇ ਹਨ। ਸਰਕਾਰ ਦੇ ਪਾਸ ਕੀਤੇ ਬਿਲ ਦਾ ਵਿਰੋਧ ਕਰਦੇ ਸ਼ਾਂਤ ਵਿਰੋਧ ਪ੍ਰਦਰਸ਼ਨਾਂ ਦੇ ਵਿਰੋਧ ਹਿੰਸਕ ਅਸੰਵਿਧਾਨਿਕ ਵਿਰੋਧ ਹੋ ਰਹੇ ਹਨ। ਪਹਿਲਾ ਕਦੀ ਵੀ ਇਹੋ ਜਿਹਾ ਕਦੀ ਨਹੀਂ ਹੋਇਆ ਕਿ ਹਿੰਸਕ ਅਸੰਵਿਧਾਨਿਕ ਪ੍ਰਦਰਸ਼ਨਾਂ ਨੂੰ ਸਰਕਾਰ ਅਤੇ ਸਰਕਾਰੀ ਤੰਤਰ ਨੇ ਮੂਕ ਸਹਿਮਤੀ ਦਿਤੀ ਹੋਵੇ, ਮੰਦਭਾਗਾ ਹੈ। ਹਿੰਸਾਵਾਦੀਆਂ ਦਾ ਸਮਰਥਨ ਹੁੰਦਾ ਦਿਖ ਰਿਹਾ ਹੈ।

ਲੋਕ ਤੰਤਰ ਦੇ ਸਤੰਭ ਬਿਮਾਰ ਹੋਏ ਦਿਖਦੇ ਹਨ। ਬਾਹਰੀ ਦਬਾ ਵਿਚ ਕੰਮ ਕਰਨ ਦਾ ਦੋਸ਼ ਲਾਉਂਦੇ ਹੋਏ ਸੁਪਰੀਮ ਕੋਰਟ ਦੇ ਪ੍ਰਮੁੱਖ ਜੱਜਾਂ ਨੂੰ ਪ੍ਰੈਸ ਕਾਨਫਰੰਸ ਕਰਨੀ। ਪ੍ਰੈਸ ਆਪਣਾ ਨਿਪੱਖ ਰੋਲ ਨਿਭਾਉਣ ਵਿਚ ਨਾਕਾਮ ਰਹੀ ਹੈ। ਪ੍ਰਸ਼ਾਸਨ ਅਤੇ ਹੋਰ ਪ੍ਰਬੰਧਕੀ ਢਾਂਚੇ ਗੈਰ ਕਾਨੂੰਨੀ ਦਬਾਅ ਵਿੱਚ ਆਕੇ ਵੀ ਗੋਡਿਆਂ ਭਾਰ ਦਿਖਾਈ ਦੇ ਰਹੇ ਹਨ। ਉਹਨਾਂ ਦਾ ਰਾਜਨੀਤੀਕਰਣ ਬਹੁਤ ਹੀ ਨਿਮਨ ਪਧਰ ਹੋਇਆ ਦਿਖਾਈ ਦੇ ਰਿਹਾ ਹੈ, ਉਹ ਆਪਣੀ ਅਜਾਦ ਹੋਂਦ ਗੁਆ ਚੁੱਕੇ ਹਨ। ਸੰਵਿਧਾਨਿਕ ਨੀਯਮ ਦੇ ਵਿਰੁੱਧ ਜਾ ਕੇਵਲ ਆਕਾ ਦਾ ਹੁਕਮ ਪਾਲਣਾ ਕਰਨਾ, ਲੋਕਤੰਤਰ ਦੇ ਸਤੰਭਾਂ ਦਾ ਕੰਮ ਕਰਨਾ ਦਿਖਾਈ ਦੇ ਰਿਹਾ ਹੈ। ਲੋਕਤੰਤਰ ਢੰਗ ਨਾਲ ਬਣੀ ਸਰਕਾਰ ਤਾਨਾਸ਼ਾਹੀ ਮਾਨਸਿਕਤਾ ਦਾ ਸ਼ਿਕਾਰ ਹੋਣਾ ਠੀਕ ਨਹੀਂ ਹੁੰਦਾ।

ਇਹ ਪਹਿਲੀ ਵਾਰ ਨਹੀਂ ਹੋਇਆ। ਕਾਂਗਰਸ ਦੇ ਵੱਡੇ ਨੇਤਾ ਵੀ ਤਾਨਾਸ਼ਾਹੀ ਮਾਨਸਿਕਤਾ ਦੇ ਸ਼ਿਕਾਰ ਰਹੇ ਹਨ, ਖਮਿਆਜਾ ਵੀ ਉਹਨਾਂ ਭੁਗਤਿਆ ਹੈ। ਜਾਤੀਵਾਦੀ, ਫਿਰਕਾਪ੍ਰਸਤ, ਧਾਰਮਿਕ ਕਟੜਤਾ ਵੱਲ ਭਾਰਤ ਦੇ ਇਤਿਹਾਸ ਨੂੰ ਪੁੱਠਾ ਮੋੜਨ ਦੀ ਕੋਸ਼ਿਸ਼ ਗਲਤ ਸਾਬਿਤ ਹੋਵੇਗੀ। ਹਜਾਰਾਂ ਸਾਲਾਂ ਤੋਂ ਆਰੀਆ ਲੋਕਾਂ ਦੇ ਭਾਰਤ ਵਿੱਚ ਆਉਣ ਤੋਂ ਲੈਕੇ ਅੱਜ ਤਕ ਭਾਰਤ ਵਿੱਚ ਆਉਣ ਵਾਲੇ ਅਨੇਕ ਧਰਮਾਂ, ਜਾਤੀਆਂ, ਵਰਗਾਂ, ਨਸ਼ਲਾਂ ਦੇ ਲੋਕਾਂ ਨੂੰ ਭਾਰਤ ਨੇ ਆਪਣੀ ਗੋਦ ਵਿਚ ਪਨਾਹ ਦਿਤੀ ਹੈ।

ਬੇਸ਼ਕ ਭਾਰਤੀ ਮੂਲ ਦੇ ਲੋਕ ਧਨ, ਧਰਤੀ, ਸਿੱਖਿਆ, ਸਿਹਤ, ਸਤ੍ਹਾ ਤੋ ਮੁਹਤਾਜ ਕੀਤੇ ਅੱਜ ਤਕ ਗੁਲਾਮੀ ਨਾਲੋ ਵੀ ਭੈੜੀ ਜਾਤੀਵਾਦ, ਅਛੁੱਤਵਾਦ ਦੀਆਂ ਬਿਮਾਰੀਆਂ ਨਾਲ ਹਜਾਰਾਂ ਸਾਲਾਂ ਤਕ ਬਦਤਰ ਜਿੰਦਗੀ ਜੀਣ ਲਈ ਮਹਬੂਰ ਰਹੇ ਹਨ। ਭਾਰਤ ਦੇ ਧਨ ਨੂੰ ਲੁੱਟਕੇ ਕਈ ਵਿਦੇਸ਼ੀ ਵਾਪਸ ਪਰਤ ਗਏ, ਕਈਆਂ ਨੇ ਭਾਰਤ ਵਿਚ ਹੀ ਪੱਕੇ ਤੌਰ ਤੇ ਵਸ ਕੇ ਭਾਰਤ ਦੇ ਧਨ ਧਰਤੀ ਅਤੇ ਸਤ੍ਹਾ ਉਤੇ ਕਬਜੇ ਨੂੰ ਪੱਕਾ ਕੀਤਾ ਹੈ। ਭਾਰਤੀ ਮੂਲ ਦੇ ਲੋਕਾਂ ਦਾ ਵਿਦੇਸ਼ੀਆਂ ਦੀ ਗਲਾਮੀ ਨੇ ਪਿੱਛਾ ਨਹੀਂ ਛੱਡਿਆ। ਭਾਰਤੀ ਇਤਿਹਾਸ ਵਿੱਚ ਆਰੀਆ ਲੋਕਾਂ ਦੇ ਆਉਣ ਤੋਂ ਲੈਕੇ, ਭਾਰਤ ਦੇ ਸਤ੍ਹਾਧਾਰੀ, ਕਬਜਾ ਕਰਨ ਲਈ ਜਾਂ ਉਸ ਨੂੰ ਬਣਾਕੇ ਰਖਣ ਲਈ ਆਪਣਿਆਂ ਨਾਲ ਗਦਾਰੀਆਂ ਕਰਦੇ ਆ ਰਹੇ ਹਨ। ਇਹ ਜਨਵਾਦੀ ਸੋਚ ਨੂੰ ਦਬਾਉਣ ਅਤੇ ਧਨਵਾਦੀ ਸੋਚ ਨੂੰ ਵਧਾਉਦੀ ਹੈ।

ਇਹੋ ਕਾਰਨ ਅੱਜ ਵੀ ਦਿਖਾਈ ਦਿੰਦੇ ਹਨ ਕਿ ਸ਼ਾਤੀ ਪੂਰਵਕ ਪ੍ਰਦਰਸ਼ਨਾਂ ਨੂੰ ਦਬਾਉਣ ਦਾ ਯਤਨ ਹੁੰਦਾ ਦੇਖਦੇ ਹਾਂ ਅਤੇ ਸਤ੍ਹਾ ਪੱਖੀਆਂ ਦੇ ਅਸਵਿਧਾਨਿਕ, ਹਥਿਆਰਬੰਦ ਪ੍ਰਦਰਸ਼ਨ ਨੂੰ ਪ੍ਰਸ਼ਾਸ਼ਨ ਮੂਕਦ੍ਰਸ਼ਕ ਬਣ ਦੇਖਦਾ, ਉਸ ਦੇ ਹੱਕ ਵਿਚ ਖੜਾ ਦਿਖਾਈ ਦਿੰਦਾ ਹੈ।

ਕਈ ਵਾਰ ਸ਼ਾਤੀ ਪੂਰਵਕ ਚੱਲ ਰਹੇ ਦਿੱਲੀ ਵਿੱਚ ਵਿਰੋਧ ਪ੍ਰਦਰਸ਼ਨਾ ਵਿੱਚ ਅਸਮਾਜਿਕ ਅਤੇ ਹਥਿਆਰਬੰਦ ਸਖਸ਼ ਨੂੰ ਖਤਰੇ ਤੋਂ ਸੁਰਖਿੱਅਤ ਬਾਹਰ ਕਢਣ ਵਾਲੀ ਪੁੱਲੀਸ ਨੂੰ ਸਹਾਇਤਾ ਕਰਦੇ ਦੇਖਦੇ ਹਾਂ। ਸੁਰੱਖਿਆ ਦਸਤਿਆਂ ਵਿਚ ਭਰਤੀ ਹੋਏ ਭਾਰਤੀ ਨਾਗਰਿਕਾਂ ਅਤੇ ਉਹਨਾਂ ਦੇ ਸਕੇ ਸਬੰਧੀਆਂ ਨੂੰ ਵੀ ਫਿਰਕਾਪ੍ਰਸਤ ਸੋਚ ਨਾਲ ਲਾਗੂ ਕੀਤੇ ਜਾ ਰਹੇ ਸੀ.ਏ.ਏ. ਐਨ.ਪੀ.ਆਰ. ਅਤੇ ਐਨ.ਆਰ.ਸੀ. ਦੇ ਗਲਤ ਪ੍ਰਭਾਵ ਦੀ ਮਾਰ ਝੱਲਣੀ ਹੀ ਪਵੇਗੀ । ਧਰਮ, ਜਾਤੀ, ਫਿਰਕੇ ਆਦਿ ਤੋਂ ਉਪਰ ਉੱਠਕੇ, ਸਰਕਾਰ ਦੇ ਪ੍ਰਤੀ ਕਰਤਵ ਨਿਭਾਉਂਦੇ ਹੋਏ ਨਿਪੱਖਤਾ ਨਾਲ ਆਪਣੀ ਡਿਊਟੀ ਸੰਵਿਧਾਨ ਦਾਇਰੇ ਵਿਚ ਨੈਤਿਕ ਜਿੰਮੇਵਾਰੀ ਬਣ ਜਾਂਦੀ ਹੈ। ਕਿਸੇ ਵੀ ਦੇਸ਼ ਦੇ ਸਮੂਹ ਨਾਗਰਿਕਾਂ ਨੂੰ ਇਕ ਕੌਮ ਬਨਾਉਣ ਵਾਲੇ ਫੈਸ਼ਲੇ ਵਾਲੇ ਰਾਸ਼ਟਰ ਤਰੱਕੀ ਦੀ ਸਿਖਰ ਉਤੇ ਰਹੇ ਹਨ ਅਤੇ ਰਹਿਣਗੇ ਵੀ। ਆਪਣੇ ਹੀ ਨਾਗਰਿਕਾਂ ਵਿਚ ਵਿਤਕਰੇ ਵਧਾਉਣ ਵਾਲੇ ਰਾਸ਼ਟਰਾਂ ਦਾ ਨਿਸ਼ਾਨ ਖਤਮ ਹੁੰਦਾ ਆਇਆ ਹੈ। ਭਾਰਤੀ ਸੰਵਿਧਾਨ ਦੀ ਉਦੇਸ਼ਿਕਾ ਵਿੱਚ ਕਿਹਾ ਗਿਆ ਹੈ ਕਿ –

ਅਸੀਂ, ਭਾਰਤ ਦੇ ਲੋਕ, ਨੇ ਇਕ ਗੰਭੀਰਤਾ ਨਾਲ ਸੰਕਲਪ ਲਿਆ ਹੈ ਕਿ ਉਹ ਭਾਰਤ ਨੂੰ ਇਕ ਸਮਾਜਵਾਦੀ ਸਮਾਜਿਕ ਸਧਾਰਣ ਲੋਕਤੰਤਰੀ ਰਿਪਬਲਿਕ ਵਿਚ ਸਥਾਪਤ ਕਰੇ ਅਤੇ ਇਸ ਦੇ ਸਾਰੇ ਨਾਗਰਿਕਾਂ ਨੂੰ ਸੁਰੱਖਿਅਤ ਕਰੇ:
ਨਿਆਂ, ਸਮਾਜਿਕ, ਆਰਥਿਕ ਅਤੇ ਰਾਜਨੀਤਿਕ;
ਵਿਚਾਰ, ਪ੍ਰਗਟਾਵਾ, ਵਿਸ਼ਵਾਸ,ਆਸਥਾ ਅਤੇ ਪੂਜਾ ਦੀ ਖੁੱਲ;
ਸਥਿਤੀ ਅਤੇ ਅਵਸਰ ਦੀ ਯੋਗਤਾ;
ਅਤੇ ਉਨ੍ਹਾਂ ਸਾਰਿਆਂ ਵਿਚ ਉਤਸ਼ਾਹਤ ਕਰਨ ਲਈ
ਵਿਅਕਤੀਗਤ ਦੀ ਇੱਜ਼ਤ ਅਤੇ ਰਾਸ਼ਟਰ ਦੀ ਏਕਤਾ ਅਤੇ ਅਖੰਡਤਾ ਨੂੰ ਯਕੀਨੀ ਬਣਾਉਣਾ ਹੈ।

ਕਿਸੇ ਵੀ ਦੇਸ਼ ਦੀ ਸਰਕਾਰ ਨੂੰ ਵੀ ਪੱਖਪਾਤ ਤੋਂ ਉਪਰ ਉਠਕੇ ਸੰਵਿਧਾਨ ਫਰਜ਼ ਅਦਾ ਕਰਨਾ ਹੁੰਦਾ ਹੈ। ਇਸ ਨਾਲ ਦੇਸ਼ ਨਿਸਚਤ ਤੌਰ ਤੇ ਅਗੇ ਵਧਦਾ ਹੈ।

# 'ਭਾਈਆ ਯਾਰੀ ਨਿਭਾਈਂ'



ਦਲਬੀਰ ਸਿੰਘ
(ਪੱਤਰਕਾਰ)

27 ਮਈ 1984 ਨੂੰ ਆਪਣੇ ਚਲੰਤ ਅਤੇ ਮਿਥੇ ਹੋਏ ਪ੍ਰੋਗਰਾਮ ਅਨੁਸਾਰ ਜਦੋਂ ਮੈਂ ਬਠਿੰਡੇ ਤੋਂ ਪਹਿਲੀ ਬੱਸੇ ਬੁੰਗਾ ਬਾਬਾ ਅਟਲ ਜੀ ਵੱਲੋਂ ਹਰਿਮੰਦਰ ਸਾਹਿਬ ਸਮੂਹ ਵਿਚ ਦਾਖਲ ਹੋਇਆ ਤਾਂ ਉਥੇ 30 ਦੇ ਕਰੀਬ ਸਿੱਖ ਨੌਜਵਾਨ ਪੀਲੇ ਪਟਕੇ ਬੰਨ੍ਹੀ ਤੇ ਕਮਰਕਸੇ ਕਰੀ ਨੰਗੇ ਪੈਰੀਂ ਮਾਰਚ ਕਰ ਰਹੇ ਸਨ। ਵਾਤਾਵਰਨ ਬਹੁਤ ਉਦਾਸ ਸੀ। ਮਗਰੋਂ ਸ੍ਰੀ ਅਕਾਲ ਤਖਤ ਸਾਹਿਬ ਦੀ ਸਿਖਰਲੀ ਛਤ ਉਤੇ ਸੰਤ ਭਿੰਡਰਾਂਵਾਲਿਆਂ ਵੱਲੋਂ ਸਦੀ ਗਈ ਮੀਟਿੰਗ ਵਿਚ ਜਾਣਾ ਪਿਆ। ਇਹ ਸਾਡੀ ਇਸ ਕਿਸਮ ਦੀ ਦੂਜੀ ਤੇ ਆਖਰੀ ਮੀਟਿੰਗ ਸੀ। ਮੈਨੂੰ ਇਹ ਨਹੀਂ ਸੀ ਪਤਾ ਕਿ ਉਸ ਤੋਂ ਇਕ ਦਿਨ ਪਹਿਲਾਂ 26 ਮਈ ਨੂੰ ਨਵੀਂ ਦਿਲੀ ਦੇ ਕਿਸੇ ਆਰਾਮ ਘਰ ਵਿਚ ਪ੍ਰਕਾਸ਼ ਸਿੰਘ ਬਾਦਲ, ਗੁਰਚਰਨ ਸਿੰਘ ਟੌਹੜਾ ਤੇ ਸੁਰਜੀਤ ਸਿੰਘ ਬਰਨਾਲਾ ਦੀ ਪ੍ਰਣਾਬ ਮੁਖਰਜੀ (ਅਜੋਕੇ ਰਾਸ਼ਟਰਪਤੀ), ਪੀ.ਵੀ. ਨਰਸਿਮ੍ਹਾ ਰਾਓ ਤੋਂ ਸ਼ਿਵ ਸ਼ੰਕਰ, ਕੇਂਦਰੀ ਵਜ਼ੀਰਾਂ ਨਾਲ ਆਖਰੀ ਅਤੇ ਅਠਵੀਂ ਸਾਂਝੀ ਖੁਫੀਆ ਮੀਟਿੰਗ ਵਿਚ ਸ੍ਰੀ ਅਕਾਲ ਤਖਤ ਸਾਹਿਬ ਉਤੇ ਚੜ੍ਹਾਈ ਲਈ ਫੌਜ ਭੇਜਣ ਦਾ ਫੈਸਲਾ ਹੋ ਚੁਕਾ ਸੀ ਅਤੇ 27 ਮਈ ਨੂੰ ਫੌਜ ਬੀਨਾ ਤੇ ਮੇਰਠ ਤੋਂ ਅੰਮ੍ਰਿਤਸਰ ਵੱਲ ਕੂਚ ਕਰ ਚੁਕੀ ਸੀ। ਸੰਤਾਂ ਨੂੰ ਇਸ ਦੀ ਪੂਰੀ ਜਾਣਕਾਰੀ ਸੀ। ਸੰਤਾਂ ਨੇ ਮੈਨੂੰ ਅਗਲੇ ਹਫਤੇ ਐਤਵਾਰ ਨੂੰ ਸ੍ਰੀ ਅੰਮ੍ਰਿਤਸਰ ਨਾ ਆਉਣ ਦਾ ਸੁਨੇਹਾ ਭਾਈ ਗੱਜਾ ਸਿੰਘ ਰਾਹੀਂ ਇਕ ਜੂਨ ਨੂੰ ਭੇਜ ਦਿਤਾ ਸੀ।

ਇੰਦਰਾ ਗਾਂਧੀ ਦੇ ਫੌਜ ਭੇਜਣ ਤੋਂ ਪਹਿਲਾਂ, ਉਪਰੋਕਤ ਤਿੰਨ ਅਕਾਲੀ ਆਗੂਆਂ ਦੀ ਮਨਜ਼ੂਰੀ ਦੇ ਨਾਲ-ਨਾਲ 25 ਅਪ੍ਰੈਲ 1984 ਨੂੰ ਧਰਮ ਯੁਧ ਮੋਰਚੇ ਦੇ ਡਿਕਟੇਟਰ ਹਰਚੰਦ ਸਿੰਘ ਲੌਂਗੋਵਾਲ ਨੇ ਵੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਸਕੱਤਰ ਸ੍ਰੀ ਆਰ. ਕੇ. ਧਵਨ ਰਾਹੀਂ ਇੱਕ ਚਿੱਠੀ ਲਿਖ ਕੇ ਫੌਜ ਭੇਜਣ ਲਈ ਆਪਣੀ ਸਹਿਮਤੀ ਦੇ ਦਿੱਤੀ ਸੀ। (ਰਾਸ਼ਟਰਪਤੀ ਗਿਆਨੀ ਜੈਲ ਸਿੰਘ ਫੌਜ ਭੇਜਣ ਦੇ ਹੁਕਮ ਉਤੇ ਦਸਤਖਤ ਕਰਨ ਪਿਛੋਂ 7 ਦਿਨ ਰਾਸ਼ਟਰਪਤੀ ਭਵਨ ਵਿਚ ਇੰਦਰਾ ਗਾਂਧੀ ਦੀ ਹਿਰਾਸਤ ਵਿਚ ਰਿਹਾ।)

ਇਸ ਫੌਜੀ ਕਾਰਵਾਈ ਦੀ ਤਿਆਰੀ ਬੜੇ ਲੰਬੇ ਸਮੇਂ ਤੋਂ ਕੀਤੀ ਜਾ ਰਹੀ ਸੀ। ਕਿਉਂਕਿ ਵਰਣ-ਆਸ਼ਰਮ ਨੂੰ ਪਰਮ-ਧਰਮ ਮੰਨਣ ਵਾਲੇ ਹਾਕਮਾਂ ਦੇ ਮਨਾਂ ਅੰਦਰ ਹਜ਼ਾਰਾਂ ਸਾਲਾਂ ਤੋਂ ਪਲ ਰਹੇ ਸੱਭਿਆਚਾਰ ਲਈ 'ਸਭੇ ਸਾਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ।।' (ਗੁਰੂ ਗ੍ਰੰਥ ਸਾਹਿਬ, ਪੰਨਾ 97) ਦੀ ਸਿੱਖ ਸੋਧ ਇਕ ਅਜਿਹਾ 'ਖਤਰਨਾਕ' ਕਦਮ ਸੀ, ਜਿਸ ਦੀ ਧਮਕ ਬ੍ਰਾਹਮਣ ਹਾਕਮਾਂ ਨੂੰ ਚਿਰਾਂ ਤੋਂ ਡਰਾਉਂਦੀ ਆ ਰਹੀ ਸੀ। 1978 ਦੇ ਵਾਪਰੇ ਨਿਰੰਕਾਰੀ ਕਾਂਡ ਨੇ ਉਨ੍ਹਾਂ ਨੂੰ ਹੋਰ ਵੀ ਭੈਅਭੀਤ ਕਰ ਦਿੱਤਾ ਸੀ। ਪੰਡਿਤ ਜਵਾਹਰ ਲਾਲ ਨਹਿਰੂ ਦੀ ਬੇਟੀ ਆਪਣੇ ਖਾਨਦਾਨੀ ਪਿਛੋਕੜ ਕਾਰਨ ਹੋਰ ਵੀ ਡਰ ਗਈ ਸੀ। ਕਿਉਂਕਿ ਸੰਤ ਭਿੰਡਰਾਂਵਾਲਿਆਂ ਨੇ ਮੀਰੀ-ਪੀਰੀ ਦੀ ਸੇਧ ਲੈ ਕੇ ਨਿਮਾਣੇ-ਨਿਤਾਣੇ ਕਿਰਤੀਆਂ ਅਤੇ ਦਲਿਤਾਂ ਨਾਲ ਸਾਂਝ ਪਾ ਲਈ ਸੀ।

ਇੰਦਰਾ ਗਾਂਧੀ ਨੇ ਸਿਖ ਵਿਚਾਰਧਾਰਾ ਤੇ ਸਿਖਾਂ ਦੀ 'ਕੁਲਨਾਸ' ਕਰਨ ਦਾ ਮਨ ਬਣਾ ਕੇ ਦੇਹਰਾਦੂਨ ਲਾਗੇ ਚਕਰਾਤਾ ਵਿਖੇ ਫੌਜੀ ਤਿਆਰੀ ਆਰੰਭ ਕਰਵਾ ਦਿਤੀ ਸੀ ਅਤੇ ਸਿੱਖਾਂ ਨਾਲ ਨਜਿਠਣ ਲਈ ਖੁਫੀਆ ਏਜੰਸੀਆਂ ਦੀ ਇਕ ਵਖਰੀ ਸੰਸਥਾ 'ਤੀਜੀ ਏਜੰਸੀ' ਦੇ ਨਾਂ 'ਤੇ ਖੜ੍ਹੀ ਕਰ ਲਈ ਸੀ, ਜੋ ਵਿਧਾਨ ਤੇ ਕਾਨੂੰਨ ਤਿਆਗ ਕੇ ਕੇਵਲ ਉਸ ਦੀ ਰਾਜਨੀਤੀ ਅਤੇ ਚੋਣ ਪ੍ਰਕਿਰਿਆ ਲਈ ਜੁਆਬਦੇਹ ਸੀ। ਇਸ ਵਿਉਂਤ ਵਿਚ ਬਰਤਾਨੀਆ ਦੀ ਪ੍ਰਧਾਨ ਮੰਤਰੀ ਸ੍ਰੀਮਤੀ ਥੈਚਰ ਅਤੇ ਰੂਸ ਦੀ ਖੁਫੀਆ ਏਜੰਸੀ ਕੇ. ਜੀ. ਬੀ. ਵੀ ਸ਼ਾਮਿਲ ਸਨ। ਜਿਥੇ ਰੂਸੀ ਖੁਫੀਆ ਏਜੰਸੀ ਨੇ ਆਪਣੇ ਏਜੰਟਾਂ ਰਾਹੀਂ ਸੰਤਾਂ ਦੇ ਸੰਘਰਸ਼ ਨੂੰ ਖਾਲਿਸਤਾਨ ਤੇ ਪਾਕਿਸਤਾਨ ਨਾਲ ਜੋੜਨ ਦਾ ਯਤਨ ਕੀਤਾ, ਉਥੇ ਬਰਤਾਨੀਆ ਦੀ ਪ੍ਰਧਾਨ ਮੰਤਰੀ ਨੇ ਬਹੁਤ ਤੇਜ਼ੀ ਨਾਲ ਕਾਰਵਾਈ ਕਰਨ ਵਾਲੀ ਹਵਾਈ ਫੌਜ ਭੇਜੀ ਜੋ ਨੀਲਾ ਤਾਰਾ ਕਾਰਵਾਈ ਵਿਚ ਵਰਤੀ ਗਈ।

'ਤੀਜੀ-ਏਜੰਸੀ' ਕੋਲ ਬੇਅੰਤ ਸਾਧਨ ਸਨ, ਜਿਨ੍ਹਾਂ ਦਾ ਕੋਈ ਹਿਸਾਬ-ਕਿਤਾਬ ਲੈਣ ਵਾਲਾ ਵੀ ਨਹੀਂ ਸੀ। ਭਾਰਤ ਦੀਆਂ ਦੋਵੇਂ ਮੁਖ ਖੁਫੀਆ ਏਜੰਸੀਆਂ ਆਈ. ਬੀ. ਅਤੇ ਰਾਅ ਦਾ ਰਹਿ ਚੁਕਾ ਮੁਖੀ ਆਰ. ਐਨ. ਕਾਓ ਇਸ ਏਜੰਸੀ ਦਾ ਕਰਤਾ ਧਰਤਾ ਸੀ। ਪੰਜਾਬ (ਸਿਖ), ਕਸ਼ਮੀਰ (ਮੁਸਲਮਾਨ) ਤੇ ਸ੍ਰੀਲੰਕਾ (ਦ੍ਰਾਵਿੜ) ਇਸ ਏਜੰਸੀ ਦੇ ਏਜੰਡੇ ਉਤੇ ਸਨ। ਪੰਜਾਬ ਅੰਦਰ ਸਿਖਾਂ ਦੀਆਂ ਰਾਜਸੀ ਅਤੇ ਧਾਰਮਿਕ ਸੰਸਥਾਵਾਂ ਵਿਚ ਮਾਇਕ ਲਾਲਚਾਂ ਅਤੇ ਹੋਰ ਮੋਰੀਆਂ ਰਾਹੀਂ ਘੁਸਪੈਠ ਕਰਨੀ ਅਤੇ ਸਿਖਾਂ ਦਾ ਵਧ ਤੋਂ ਵਧ ਨਾਸ ਕਰਨਾ ਇਸ ਏਜੰਸੀ ਦੇ ਏਜੰਡੇ ਵਿਚ ਸ਼ਾਮਿਲ ਸੀ। ਇਸ ਏਜੰਸੀ ਵਿਚ ਦੋ ਸਿਖ ਅਫਸਰ ਵੀ ਸ਼ਾਮਿਲ ਸਨ _ ਪ੍ਰਭੁਦਿਆਲ ਸਿੰਘ ਅਤੇ ਇਕਬਾਲ ਸਿੰਘ (ਜੋ ਮਗਰੋਂ ਪੰਜਾਬ ਪੁਲਿਸ ਵਿੱਚ ਸ਼ਾਮਿਲ ਹੋਇਆ)। ਇਸ ਏਜੰਸੀ ਦੀ ਖੂਬੀ ਇਹ ਸੀ ਕਿ ਇਹ ਆਪਣੇ ਪਿਛੇ ਕੋਈ ਨਿਸ਼ਾਨ ਨਹੀਂ ਸੀ ਛਡਦੀ।

ਪੰਜਾਬ ਵਿਚ ਇਸ ਏਜੰਸੀ ਨੇ ਰਾਜਸੀ ਪਖੋਂ ਨਿਰਦੋਸ਼ ਪਰ 'ਲੋੜੀਂਦੇ ਮਨੁੱਖਾਂ' ਦੇ ਕਤਲੇਆਮ ਦਾ ਇਕ ਵੱਡਾ ਪੈਂਤੜਾ ਉਲੀਕਿਆ। ਜਿਸ ਨੂੰ 'ਅੱਤਵਾਦੀ' ਅਤੇ ਯੁੱਧਮਈ ਰੂਪ ਦੇਣ ਲਈ ਇਸ ਨੇ ਹਰਿਮੰਦਰ ਸਾਹਿਬ ਸਮੂਹ ਅੰਦਰ ਤਕੜੇ ਹਥਿਆਰ ਭਿਜਵਾਏ। 'ਸੁਰਯਾ' ਰਸਾਲੇ ਦੀ ਜਾਣਕਾਰੀ ਅਨੁਸਾਰ ਪ੍ਰਭੁਦਿਆਲ ਸਿੰਘ ਸਿੰਧ ਵਿਚੋਂ ਕਿਸੇ ਪਾਕਿਸਤਾਨੀ ਤੋਪਖਾਨਾ ਡਵੀਜਨ ਦੇ ਹਥਿਆਰ ਰਾਜਸਥਾਨ ਦੇ ਇਕ ਕਾਂਗਰਸੀ ਐਮ.ਐਲ.ਏ. ਰਾਹੀਂ ਪਹਿਲਾਂ ਜਮਨਾ-ਨਗਰ ਅਤੇ ਫਿਰ ਬਟਾਲੇ ਤੋਂ ਅੰਮ੍ਰਿਤਸਰ ਭਿਜਵਾਉਂਦਾ ਰਿਹਾ। ਸੰਤਾਂ ਨੂੰ ਇਸ ਕਾਰਵਾਈ ਦੀ ਪੂਰੀ ਜਾਣਕਾਰੀ ਸੀ ਪਰ ਉਹ ਭਾਰਤੀ ਫੌਜ ਨੂੰ ਤਕੜੀ ਟਕਰ ਦੇਣ ਦਾ ਕਿਆਸਿਆ ਮੰਤਵ ਪ੍ਰਾਪਤ ਕਰਨ ਲਈ ਇਹ ਅਸਲਾ ਪ੍ਰਾਪਤ ਕਰਦੇ ਰਹੇ। ਸਾਕਾ ਨੀਲਾ ਤਾਰਾ ਦੀ ਖੂਨੀ ਕਾਰਵਾਈ ਪਿਛੋਂ ਫੌਜ ਨੇ ਇਨ੍ਹਾਂ ਹਥਿਆਰਾਂ ਦੀ ਪ੍ਰਾਪਤੀ ਦਾ ਕਿਧਰੇ ਨਾਂ ਨਹੀਂ ਲਿਆ। ਬੇਸ਼ਰਮ ਵੱਡੀਆਂ ਅਦਾਲਤਾਂ ਇਨ੍ਹਾਂ ਖੂਨੀ ਘਟਨਾਵਾਂ ਦੀ ਅੱਜ ਤਾਈਂ ਵੀ ਪੜਤਾਲ ਕਰਨ ਲਈ ਤਿਆਰ ਨਹੀਂ। ਹਰਿਮੰਦਰ ਸਾਹਿਬ ਸਮੂਹ ਵਿਚ 4 ਤੋਂ 6 ਜੂਨ ਤਕ ਜੋ ਮਾਰ ਮਰਾਈ, ਸਾੜ-ਫੂਕ ਅਤੇ ਕਹਿਰ ਵਾਪਰਿਆ, ਉਹ ਇੱਕ ਵੱਖਰੀ ਲੰਬੀ ਤੇ ਦੁਖਦਾਈ ਕਹਾਣੀ ਹੈ। ਉਸੇ ਦਾ ਉਤਰ ਇੰਦਰਾ ਗਾਂਧੀ ਤੇ ਜਨਰਲ ਵੈਦਿਆ ਦੀਆਂ ਮੌਤਾਂ ਸਨ। ਖਾੜਕੂ ਸਿੰਘਾਂ ਦੀ ਯੁਧ ਸ਼ਕਤੀ ਸਬੰਧੀ ਪਛਮੀ ਕਮਾਨ ਦੇ ਮੁਖੀ ਜਨਰਲ ਸੁੰਦਰਜੀ ਨੇ ਕਿਹਾ ਸੀ, "ਹਮਾਰੀ ਬੀਸ ਫੀਸਦੀ ਫੌਜ ਕਾ ਮਾਰੇ ਜਾਨਾ ਬਹੁਤ ਦੁਖਦਾਈ ਥਾ, ਹਮਾਰਾ ਇਤਨਾ ਨੁਕਸਾਨ ਤੋਂ ਤੀਨ ਜੰਗੋਂ ਮੇਂ ਨਹੀਂ ਹੂਆ, ਫਿਰ ਭੀ ਮੈਂ ਸਿਖੋਂ ਕੀ ਲੜਾਕੂ ਸ਼ਕਤੀ ਕੇ ਆਗੇ ਸਿਰ ਝੁਕਾਤਾ ਹੂੰ।"

6 ਜੂਨ 1984 ਨੂੰ ਬਠਿੰਡਾ ਸ਼ਹਿਰ ਨੇੜੇ ਬੀਬੀ ਵਾਲਾ ਪਿੰਡ ਲਾਗੇ ਸ਼ਾਮ ਸਮੇਂ ਨਹਿਰ ਕੰਢੇ ਬੈਠਿਆਂ ਨਿੱਕੇ ਜਿਹੇ ਰੇਡੀਓ 'ਤੇ ਇਹ ਖ਼ਬਰ ਸੁਣੀ ਕਿ ਭਾਰਤੀ ਫੌਜ ਨੇ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਨੂੰ ਮਾਰ ਦਿੱਤਾ ਹੈ। ਮੈਨੂੰ ਉਜਾੜ ਵਿਚ ਬਹਿਣਾ ਇਸ ਲਈ ਪਿਆ ਕਿਉਂਕਿ ਨੇੜੇ ਫਾਰਮ ਹਾਊਸ ਵਿਖੇ, ਜਿਥੇ ਮੇਰੇ ਵਰੰਟ ਜਾਰੀ ਹੋਣ ਕਾਰਨ ਮੈਂ ਪਨਾਹ ਲਈ ਹੋਈ ਸੀ, ਪੁਲਸ ਨੇ ਉਥੇ ਛਾਪਾ ਮਾਰਿਆ ਸੀ। ਮੇਰੀ ਕਾਰ ਪੁਲਸ ਵਾਲੇ ਪਹਿਲਾਂ ਹੀ ਲੈ ਗਏ ਸਨ, ਘਰ ਖਾਲੀ ਕਰਨ ਲਈ ਡਿਪਟੀ ਕਮਿਸ਼ਨਰ ਨੇ ਨੋਟਿਸ ਜਾਰੀ ਕਰ ਦਿੱਤਾ ਸੀ ਤੇ ਪਿੰਡ ਵਿਚਲੀ ਮੇਰੀ ਜ਼ਮੀਨ ਕੁਰਕ ਕਰਨ ਦੇ ਹੁਕਮ ਜਾਰੀ ਹੋ ਚੁਕੇ ਸਨ।

ਖ਼ਬਰ ਸੁਣਦਿਆਂ ਹੀ ਮੈਂ ਨਹਿਰ ਦੇ ਕੰਢੇ-ਕੰਢੇ ਚੱਲ ਕੇ ਬੀਬੀ-ਵਾਲਾ ਪਿੰਡ ਦੇ ਕਿਸੇ ਹੋਰ ਲੁਕਵੇਂ ਟਿਕਾਣੇ 'ਤੇ ਪਹੁੰਚਿਆ। ਉਥੇ ਖੜਾ ਫੌਜੀ ਟੈਂਕ ਤੇ ਉਜਾੜ ਜਿਹਾ ਮਾਹੌਲ ਦੇਖ ਕੇ ਚਿੰਤਾ ਵਧ ਗਈ। ਘਰ ਵਾਲਿਆਂ ਨੇ ਅੱਗੋਂ ਕਿਹਾ ਕਿ ਸਾਡੇ ਮਰਦ ਖੇਤਾਂ ਵਾਲੇ ਕਮਰੇ ਵਿਚ ਹਨ, ਤੁਸੀਂ ਉਥੇ ਚਲੇ ਜਾਓ। ਰਾਤ ਕੱਟਣ ਪਿਛੋਂ ਜਦ ਮੈਂ ਬਠਿੰਡੇ ਸ਼ਹਿਰ ਦੇ ਕਿਸੇ ਹੋਰ ਟਿਕਾਣੇ 'ਤੇ ਆਇਆ ਤਾਂ ਘਰ ਦੇ ਮਾਲਕ ਨੇ ਦੱਸਿਆ ਕਿ ਬੱਸ ਸਟੈਂਡ 'ਤੇ ਲਾਲ ਅੱਖਰਾਂ ਵਿਚ ਲਿਖਿਆ ਹੋਇਆ ਇਕ ਇਸ਼ਤਿਹਾਰ ਲੱਗਿਆ ਹੋਇਆ ਹੈ ਕਿ ਸੰਤ ਭਿੰਡਰਾਂਵਾਲੇ ਹਰਿਮੰਦਰ ਸਾਹਿਬ ਵਿਚੋਂ ਬਚ ਕੇ ਨਿਕਲ ਗਏ ਹਨ। ਦੂਜੀ ਖ਼ਬਰ ਇਹ ਮਿਲੀ ਕੇ ਤੁਹਾਡੀ ਪਤਨੀ ਸ੍ਰੀਮਤੀ ਤੀਰਥ ਕੌਰ ਨੂੰ ਪੁਲਿਸ ਫੜ ਕੇ ਲੈ ਗਈ ਹੈ।

ਪਹਿਲੀ ਚਿੰਤਾ ਇਹ ਸੀ ਕਿ ਮੇਰੇ ਸਰਕਾਰੀ ਘਰ ਵਿਚ ਮੇਰਾ ਪ੍ਰਾਇਮਰੀ ਸਕੂਲ ਵਿਚ ਪੜ੍ਹਦਾ ਛੋਟਾ ਬੱਚਾ ਤੇ ਇਕ ਉਹਦੇ ਹਾਣ ਦੀ ਪ੍ਰਾਹੁਣੀ ਬੱਚੀ ਰਹਿ ਰਹੇ ਸਨ। ਥੋੜ੍ਹੀ ਉਡੀਕ ਕਰਨ ਪਿਛੋਂ ਇਹ ਪਤਾ ਲੱਗਿਆ ਕਿ ਉਨ੍ਹਾਂ ਦੋਵਾਂ ਬੱਚਿਆਂ ਨੂੰ ਗੁਆਂਢਣ ਡੀ. ਐਸ. ਪੀ. ਦੀ ਪਤਨੀ ਨੇ ਸੰਭਾਲ ਲਿਆ ਹੈ। ਮੈਂ ਝਟਪਟ ਦਿੱਲੀ ਜਾਣ ਲਈ ਬੀਬੀ-ਵਾਲਾ ਚੌਕ ਵਿਚੋਂ ਬੱਸ ਫੜੀ। ਇਹ ਉੱਖੜੇ ਜਿਹੇ ਵਿਚਾਰ ਲੈ ਕੇ ਕਿ ਹੁਣ ਟ੍ਰਿਬਿਊਨ ਜਿਹੇ ਅਖ਼ਬਾਰ ਦੇ ਸਟਾਫ ਰਿਪੋਰਟਰ ਦੀ ਪਤਨੀ ਦੀ ਇਜ਼ਤ ਵੀ ਸੁਰਖਿਅਤ ਨਹੀਂ, ਮੈਂ ਦਿੱਲੀ ਪਹੁੰਚਿਆ। ਦਿੱਲੀ ਵਿਖੇ ਪੁਰਾਣੇ ਕਾਮਰੇਡ ਸਾਥੀ ਸਵਰਗਵਾਸੀ ਸ੍ਰ. ਪਰੇਮ ਸਿੰਘ ਦੀ ਸਹਾਇਤਾ ਨਾਲ ਰਫੀ-ਮਾਰਗ ਪੱਤਰਕਾਰਾਂ ਦੇ ਮੁੱਖ ਅੱਡੇ 'ਤੇ ਇੰਡੀਅਨ-ਈਸਟਰਨ-ਨਿਊਜ਼-ਪੇਪਰਜ਼-ਸੁਸਾਇਟੀ ਬਿਲਡਿੰਗ ਵਿਚ ਜਦ ਆਪਣੀ ਸਹਾਇਤਾ ਲਈ ਬੜੇ ਉਘੇ ਪੱਤਰਕਾਰਾਂ ਨਾਲ ਸੰਪਰਕ ਕੀਤਾ, ਤਾਂ ਜਾਣਕਾਰੀ ਮਿਲੀ ਕਿ ਗੁਰਮੁਖਾ ਤੇਰੇ ਖਿਲਾਫ਼ ਵੀ 4 ਕਤਲ ਦੇ ਕੇਸ ਦਰਜ ਹਨ ਅਤੇ ਤੇਰੀ ਗ੍ਰਿਫਤਾਰੀ ਲਈ 20,000 ਰੁਪਏ ਇਨਾਮ ਸਰਕਾਰ ਨੇ ਰੱਖਿਆ ਹੋਇਆ ਹੈ। ਇਕ ਤੋਂ ਮਗਰੋਂ ਦੂਜੀ ਪੁੱਠੀ ਜਾਣਕਾਰੀ ਸੁਣ ਕੇ ਉਥੋਂ ਭੱਜਣਾ ਪਿਆ।

ਅਗਲੇ ਦਿਨ ਇਕ ਹਮਦਰਦ ਐਡਵੋਕੇਟ ਸ੍ਰ. ਹਰਦੇਵ ਸਿੰਘ ਦੀ ਸਹਾਇਤਾ ਨਾਲ ਸੁਪਰੀਮ ਕੋਰਟ ਵਿਚ ਆਪਣੀ ਪਤਨੀ ਦੀ ਗ੍ਰਿਫਤਾਰੀ ਸਬੰਧੀ ਅਰਜ਼ੀ ਪਾਈ, ਜਿਸ ਦੀ ਖ਼ਬਰ ਅਗਲੇ ਦਿਨ 'ਹਿੰਦੁਸਤਾਨ ਟਾਈਮਜ਼' ਅਖ਼ਬਾਰ ਵਿਚ "ਪੰਜਾਬ ਵਿਚ ਪੱਤਰਕਾਰ ਦੀ ਪਤਨੀ ਗ੍ਰਿਫਤਾਰ" ਸਿਰਲੇਖ ਨਾਲ ਪ੍ਰਕਾਸ਼ਤ ਹੋਈ।

ਅਦਾਲਤ ਨੇ ਸਰਕਾਰ ਨੂੰ ਨੋਟਿਸ ਜਾਰੀ ਕਰ ਦਿੱਤਾ। ਮੇਰੇ ਵਾਪਸ ਮੁੜਣ 'ਤੇ ਪਤਾ ਲੱਗਾ ਕਿ ਉਸ ਨੂੰ ਰਿਹਾਅ ਕਰ ਦਿਤਾ ਗਿਆ ਹੈ ਅਤੇ ਪੁਲਸ ਕਪਤਾਨ ਨੇ ਝੂਠਾ ਬਿਆਨ ਦੇ ਮਾਰਿਆ, ਕਿ ਉਨ੍ਹਾਂ ਨੇ ਕਿਸੇ ਨੂੰ ਗ੍ਰਿਫਤਾਰ ਨਹੀਂ ਕੀਤਾ। ਇਸ ਦਾ ਪਤਾ ਮੈਨੂੰ ਦਿੱਲੀ ਤੋਂ ਆਉਂਦਿਆਂ ਰਸਤੇ ਵਿਚ ਅੰਬਾਲੇ ਤੋਂ ਘਰ ਟੈਲੀਫੋਨ ਕਰਨ ਉਤੇ ਲੱਗਾ। ਮੇਰੀ ਪਤਨੀ ਨੇ ਦੱਸਿਆ ਕਿ ਬਠਿੰਡੇ ਦੇ ਵਕੀਲ ਬਲਵੰਤ ਸਿੰਘ ਢਿੱਲੋਂ ਦੀ ਪਤਨੀ ਰਣਜੀਤ ਕੌਰ ਅਤੇ ਉਹਨੂੰ ਜੌੜਕੀਆਂ ਥਾਣੇ ਵਿੱਚ ਰੱਖਿਆ ਹੋਇਆ ਸੀ। ਕਾਹਲੀ ਵਿੱਚ ਮੈਂ ਅੰਮ੍ਰਿਤਸਰ ਨੂੰ ਚੱਲ ਪਿਆ। ਵਰੰਟ ਜਾਰੀ ਹੋਣ ਕਾਰਨ ਹਨ੍ਹੇਰੇ ਦਾ ਲਾਭ ਉਠਾਉਂਦਿਆਂ, ਮੈਂ ਸੰਤਾਂ ਦੀ ਮੌਤ ਜਾਂ ਬਚ ਕੇ ਨਿਕਲ ਜਾਣ ਦੀ ਕਹਾਣੀ ਜਾਣਨ ਲਈ ਚਿੰਤਤ ਸਾਂ। ਹਨ੍ਹੇਰੀ ਰਾਤ ਵਿਚ ਸੜਕ ਤੋਂ ਲੰਘਦਿਆਂ ਇਕ ਉੱਘੇ ਸੱਜਣ ਡਾਕਟਰ ਦੇ ਘਰ ਦੇ ਗੇਟ ਵੱਲ ਮੇਰੀ ਨਿਗ੍ਹਾ ਪਈ। ਥੋੜ੍ਹਾ ਧੱਕਣ ਨਾਲ ਗੇਟ ਖੁੱਲ੍ਹ ਗਿਆ। ਅੱਗੇ ਖੁੱਲ੍ਹੇ ਦਲਾਨ ਵਿਚ ਇਕ ਕੇਸ ਖਿਲਾਰੀ ਵਿਅਕਤੀ ਖੜਾ ਸੀ, ਜਿਸ ਨੂੰ ਪਛਾਣਨ ਵਿਚ ਥੋੜ੍ਹੀ ਜਿਹੀ ਝਿਜਕ ਆਈ ਅਤੇ ਅੱਗੇ ਵਧਣ 'ਤੇ ਉਹ ਵੀ ਤਰਹਿ ਗਿਆ। ਮੈਂ ਝੱਟ ਕਿਹਾ "ਮੈਂ ਦਲਬੀਰ ਹਾਂ"। ਉਹ ਭੁੱਬ ਮਾਰ ਕੇ ਮੇਰੇ ਗਲ ਨਾਲ ਲਿਪਟ ਗਿਆ, ਕਹਿੰਦਾ "ਦਲਬੀਰ ਇਨ੍ਹਾਂ ਦੁਸ਼ਟਾਂ ਨੇ ਸੰਤਾਂ ਨੂੰ ਤਸੀਹੇ ਦੇ ਕੇ ਮਾਰ ਦਿੱਤਾ ਹੈ"।

ਅੱਗੇ ਸਾਡੇ ਦੋਹਾਂ ਕੋਲ ਕਹਿਣ ਲਈ ਕੁਝ ਨਹੀਂ ਸੀ। ਮੈਂ ਆਪਣੇ ਕਿਸੇ ਹੋਰ ਟਿਕਾਣੇ 'ਤੇ ਚਲਾ ਗਿਆ। ਸੰਤ ਜਰਨੈਲ ਸਿੰਘ ਹੁਰਾਂ ਬਾਰੇ ਦੁਬਿਧਾ ਮਿਟ ਗਈ ਸੀ। ਉਹ ਸ਼ਹੀਦ ਹੋ ਗਏ ਸਨ। ਜਿਨ੍ਹਾਂ ਦੀ ਸ਼ਹੀਦੀ ਨੂੰ ਕਹੇ ਜਾਂਦੇ ਆਪਣਿਆਂ ਨੇ ਵੀ 20 ਸਾਲ ਤਾਈਂ ਮਾਨਤਾ ਨਹੀਂ ਦਿੱਤੀ। ਇਹ ਵੀ ਪਤਾ ਲਗਾ ਕਿ ਸੰਤਾਂ ਦਾ ਸਸਕਾਰ ਡੀ ਐਸ ਪੀ ਅਪਾਰ ਸਿੰਘ ਦੀ ਹਾਜ਼ਰੀ ਵਿਚ ਚਿਤਾ ਉਤੇ ਦੋ ਕਿੱਲੋ ਦੇਸੀ ਘਿਉ ਪਾ ਕੇ ਕੀਤਾ ਗਿਆ ਸੀ।

ਹੁਣ ਇਹ ਜਾਣਕਾਰੀ ਵੀ ਮਿਲ ਗਈ ਹੈ ਕਿ 6 ਜੂਨ 1984 ਦੀ ਸਵੇਰ ਨੂੰ ਜ਼ਖ਼ਮੀ ਸੰਤਾਂ ਨੂੰ ਫੌਜੀ ਚੁੱਕ ਕੇ ਲੈ ਗਏ ਸਨ। ਇੰਦਰਾ ਗਾਂਧੀ ਦੇ ਹੁਕਮਾਂ ਅਨੁਸਾਰ 6 ਘੰਟੇ ਉਨ੍ਹਾਂ 'ਤੇ ਤਸ਼ੱਦਦ ਕਰਦਿਆਂ ਇਕ ਲੱਤ ਦੀਆਂ ਦੋ ਹੱਡੀਆਂ ਤੇ ਰੀੜ੍ਹ ਦੀ ਹੱਡੀ ਤੋੜ ਕੇ ਫਿਰ ਰੱਸਿਆਂ ਨਾਲ ਬੰਨ੍ਹ ਤੇ ਖੜ੍ਹੇ ਕਰਕੇ 12 ਗੋਲੀਆਂ ਮਾਰੀਆਂ ਗਈਆਂ। ਪੋਸਟ ਮਾਰਟਮ ਦੀ ਰਿਪੋਰਟ ਅਨੁਸਾਰ 5 ਗੋਲੀਆਂ ਸਿਰ ਵਿਚ ਮਾਰੀਆਂ ਗਈਆਂ। ਇਹ ਕਿਸੇ ਟੈਂਕ ਦਾ ਗੋਲਾ ਨਹੀਂ ਸੀ। ਉਨ੍ਹਾਂ ਦੀ ਆਖਰੀ ਗਰਜ ਸੀ, ਜੋ ਇਤਿਹਾਸ ਦਾ ਪੰਨਾ ਹੈ 'ਇੰਦਰਾ! ਸਿਖ ਪੰਥ ਇਸ ਦਾ ਬਦਲਾ ਤੇਰੇ ਕੋਲੋਂ ਜ਼ਰੂਰ ਲਏਗਾ।'

(ਜਨਰਲ ਬਰਾੜ ਦੇ ਨਾਂ ਹੇਠ ਚਰਚਿਤ ਪੰਜਾਬੀ ਵਿਚ ਛਪੀ ਹੋਈ ਇਕ ਪੁਸਤਕ ਅਨੁਸਾਰ ਇਸ ਹਮਲੇ ਵਿਚ 15,307 ਭਾਰਤੀ ਫੌਜੀ ਮਰੇ ਅਤੇ 17,897 ਜ਼ਖਮੀ ਹੋਏ ਸਨ।)

ਪਾਠਕ ਵੀਰੋ! ਭਾਰਤ ਦੀ ਪ੍ਰਧਾਨ ਮੰਤਰੀ ਨੇ ਕੌਮਾਂਤਰੀ ਮਾਨਤਾ ਪ੍ਰਾਪਤ ਉਸ ਅਸੂਲ ਦੀ ਨੰਗੀ ਚਿਟੀ ਉਲੰਘਣਾ ਕੀਤੀ ਸੀ, ਜਿਸ ਅਧੀਨ ਫੜੇ ਗਏ ਜ਼ਖ਼ਮੀ ਦੁਸ਼ਮਣ ਨੂੰ ਮਾਰਨਾ ਅਪਰਾਧ ਗਿਣਿਆ ਜਾਂਦਾ ਹੈ। ਇਹ ਗੱਲ ਵਖਰੀ ਹੈ ਕਿ ਅਮਰੀਕੀ ਹਾਕਮਾਂ ਨੇ, ਉਸਾਮਾ ਬਿਨ ਲਾਦੇਨ ਨੂੰ ਜਿਉਂਦਾ ਫੜ ਕੇ ਮਾਰਨ ਪਿਛੋਂ ਕੱਛਾਂ ਵਜਾਈਆਂ ਸਨ। ਗਿਆਨ ਦੇ ਮੋਢੀ ਦੇਸ ਯੂਨਾਨ ਦੇ ਨੌਜਵਾਨ ਬਾਦਸ਼ਾਹ ਸਿਕੰਦਰੇ ਆਜ਼ਮ (356-323 ਬੀ.ਸੀ.) ਨੇ ਜਦ ਪੰਜਾਬ ਦੇ ਰਾਜਾ ਪੋਰਸ ਨੂੰ ਫੜ ਕੇ, ਉਸ ਨਾਲ ਕੀ ਸਲੂਕ ਕੀਤੇ ਜਾਣ ਬਾਰੇ ਪੁੱਛਿਆ, ਤਾਂ ਉਤਰ ਵਿਚ ਪੋਰਸ ਨੇ ਕਿਹਾ ਸੀ : 'ਜੋ ਰਾਜੇ ਰਾਜਿਆਂ ਨਾਲ ਕਰਦੇ ਹਨ'। ਨਤੀਜਾ ਦੋਵਾਂ ਦਾ ਭਾਈਚਾਰਾ ਸੀ। ਜੂਨ 1984 ਪਿਛੋਂ ਤਾਂ ਭਾਰਤ ਦੀ ਫੌਜ ਨੇ ਜੋ ਜ਼ੁਲਮ ਕੀਤੇ, ਉਸ ਸਦਕਾ ਉਹ ਸਿਖਰ ਦੀਆਂ ਸਜ਼ਾਵਾਂ ਦੇ ਭਾਗੀ ਸਨ, ਪਰ ਉਨ੍ਹਾਂ ਨੂੰ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਹੱਥੋਂ ਪੁਰਸਕਾਰ ਦੁਆਏ ਗਏ।

ਯਕੀਨਨ ਸੰਤ ਭਿੰਡਰਾਂਵਾਲਾ ਸਿੱਖੀ ਦੇ ਸਤਿਕਾਰ ਅਤੇ ਸਿੱਖਾਂ ਦੀ ਅਣਖ ਦਾ ਰਖਵਾਲਾ ਸੀ। ਬਾਬਰ ਦੇ ਹਮਲੇ ਸਮੇਂ ਬਾਬਾ ਨਾਨਕ ਨੇ ਜਦੋਂ ਕਿਹਾ ਸੀ 'ਏਤੀ ਮਾਰ ਪਈ ਕਰਲਾਣੇ ਤੈਂ ਕੀ ਦਰਦੁ ਨ ਆਇਆ।। (ਪੰਨਾ 360) ਤਾਂ ਉਨ੍ਹਾਂ ਨੂੰ ਬਾਬਰ ਦੀ ਚਕੀ ਪੀਹਣੀ ਪਈ ਸੀ ਤੇ ਫਿਰ ਇਸ ਲੜੀ ਨੇ, ਗੁਰੂ ਗ੍ਰੰਥ ਸਾਹਿਬ ਦੇ ਲਿਖਾਰੀ ਗੁਰੂ ਅਰਜਨ ਦੇਵ ਜੀ ਤੇ ਫਿਰ ਗੁਰੂ ਤੇਗ ਬਹਾਦਰ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਪਰਿਵਾਰ ਰਾਹੀਂ ਚਲ ਕੇ, ਬਾਬਾ ਬੰਦਾ ਸਿੰਘ ਬਹਾਦਰ ਨੂੰ ਵੀ ਸ਼ਹੀਦੀਆਂ ਲਈ ਖਿਚ ਲਿਆ ਸੀ।

ਗਿਆਨ ਵਿਗਿਆਨ ਦੀ ਚਮਕ ਹੁੰਦਿਆਂ ਹੋਇਆਂ ਵੀ '20ਵੀਂ ਸਦੀ ਦੇ ਮਹਾਨ ਸਿਖ' ਨੂੰ ਉਸੇ ਅਗਨੀ ਪ੍ਰੀਖਿਆ ਵਿਚੋਂ ਲੰਘਣਾ ਪਿਆ। ਆਓ ਵੇਖੀਏ ਕਿ ਇਨ੍ਹਾਂ ਘਟਨਾਵਾਂ ਦੇ ਕਰਨਹਾਰੇ ਕੌਣ ਸਨ?

ਗੁਰੂ ਗ੍ਰੰਥ ਸਾਹਿਬ ਦੇ ਮੁਢ ਵਿਚ ਦਰਜ ਹੈ : ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ।।

...ਜਪੁ।। ਆਦਿ ਸਚੁ ਜੁਗਾਦਿ ਸਚੁ।। ਹੈ ਭੀ ਸਚੁ ਨਾਨਕ ਹੋਸੀ ਭੀ ਸਚੁ।।੧।।

... ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ।। ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ।।੧।।

ਸਿਖੀ ਦੇ ਬਾਨੀ ਗੁਰੂ ਨਾਨਕ ਦੇਵ ਜੀ ਨੇ ਆਪਣੀ ਵਿਗਿਆਨਕ ਬ੍ਰਹਿਮੰਡੀ (ਨਾ ਕਿ ਕਾਲਪਨਿਕ ਅਤੇ ਕਰਾਮਾਤੀ) ਸੋਚ ਅਨੁਸਾਰ ਕੁਦਰਤ ਦੀ ਉਪਜ ਅਤੇ ਉਸ ਦੇ ਵਿਕਾਸ ਦਾ ਜੋ ਨਿਰਣਾ ਕੀਤਾ ਉਹ ਇਨ੍ਹਾਂ ਪੰਕਤੀਆਂ ਵਿਚ ਦਰਜ ਹੈ। ਅਗਲੀਆਂ ਦੋ ਲਾਈਨਾਂ ਵਿਚ ਗੁਰੂ ਜੀ ਕੁਦਰਤ ਦੇ ਵਿਕਾਸ ਅਤੇ ਉਸ ਦੀ ਉਪਜ ਮਨੁਖ ਨੂੰ ਉਸ ਅਧੀਨ ਚੱਲਣ ਦਾ ਆਦੇਸ਼ ਦਿੰਦੇ ਹਨ। ਇਹ ਆਦੇਸ਼ ਕੁਦਰਤ ਦੇ ਆਪਣੇ ਵਿਕਾਸ ਦੇ ਅਨੁਸਾਰ ਹੈ। ਬਾਬਾ ਜੀ ਦੀ ਆਪਣੀ ਮਨਮਰਜ਼ੀ ਦੀ ਦੇਣ ਨਹੀਂ।

ਪੁਸਤਕ ਦੇ ਆਰੰਭ ਵਿਚ ਪਾਠਕਾਂ ਦਾ ਧਿਆਨ ਇਸ ਗੱਲ ਵੱਲ ਕਰਵਾਉਣਾ ਜ਼ਰੂਰੀ ਹੈ, ਕਿ ਬਾਬਾ ਨਾਨਕ ਜੀ ਨੇ ਜੋ ਲਿਖਿਆ ਉਹ ਕਾਲਪਨਿਕ ਨਹੀਂ ਸਗੋਂ ਵਿਗਿਆਨਕ ਤੇ ਯਥਾਰਥਕ ਸੀ ਤੇ ਬੋਲੀ ਪਖੋਂ ਅਖਰਾਂ ਦੀ ਵਰਤੋਂ ਏਨੀ ਟਕਸਾਲੀ ਹੈ ਕਿ ਕਿਸੇ ਵੀ ਅਖਰ ਦੇ ਦੋ ਅਰਥ ਨਹੀਂ ਕਢੇ ਜਾ ਸਕਦੇ। ਤਾਂ ਹੀ ਉਨ੍ਹਾਂ ਨੂੰ ਮਹਾਨ ਰਹਿਬਰ ਕਹੇ ਬਿਨਾਂ ਸਰਦਾ ਨਹੀਂ।

ਵਿਗਿਆਨ ਅਨੁਸਾਰ ਬ੍ਰਹਿਮੰਡ ਦੀ ਸਿਰਜਣਾ 'ਬਿਗ ਬੈਂਗ' (ਵੱਡਾ ਧਮਾਕੇ) ਤੋਂ ਹੋਈ ਕਹਿੰਦੇ ਹਨ। ਇਸ ਸਬੰਧੀ 16ਵੀਂ ਸਦੀ ਦੇ ਆਰੰਭ ਵਿਚ ਵਿਆਖਿਆ ਕਰਦਿਆਂ ਬਾਬਾ ਜੀ ਨੇ ਸ਼ਬਦ ਵਰਤੇ 'ਅਰਬਦ ਨਰਬਦ ਧੁੰਧੂਕਾਰਾ' ਅਤੇ ਉਸ ਵਰਤਾਰੇ ਦੇ ਕਰਨਹਾਰ ਦਾ ਨਾਂ ਰੱਖਿਆ 'ਨਿਰੰਕਾਰ' ਅਤੇ ਉਪਰੋਕਤ ਧਮਾਕੇ ਤੋਂ ਪਿਛੋਂ ਸਿਰਜੀ ਗਈ ਕੁਦਰਤ ਦੇ ਕਰਤਾ ਨੂੰ 'ਸਿਰਜਣਹਾਰ' ਦਾ ਨਾਂ ਦਿੱਤਾ। ਬੁਧੀ ਦੀ ਇਹ ਸਿਖਰਲੀ ਤਰਕਸ਼ੀਲ ਪਹੁੰਚ ਸੀ। ਇਸੇ ਲੜੀ ਵਿਚ ਇਹ ਕਹਿਣਾ ਕਿ ਸਮਾਂ ਅਤੇ ਪੁਲਾੜ ਆਦਿ-ਅੰਤ ਤੋਂ ਰਹਿਤ ਹਨ, ਦੀ ਬਾਅਦ ਵਿਚ ਪੁਸ਼ਟੀ 20ਵੀਂ ਸਦੀ ਦੇ ਮਹਾਨ ਵਿਗਿਆਨੀ ਆਈਨਸਟਾਈਨ ਨੇ ਆਪਣੇ 'ਟਾਈਮ ਅਤੇ ਸਪੇਸ' ਦੇ ਰਿਸ਼ਤੇ ਦੀ ਵਿਆਖਿਆ ਰਾਹੀਂ ਕੀਤੀ ਹੈ।

ਗੁਰੂ ਜੀ ਦੇ ਸਮੇਂ ਯੂਰਪ ਵਿਚ ਅਜਿਹੇ ਝਗੜੇ ਚਲ ਰਹੇ ਸਨ ਕਿ ਧਰਤੀ ਗੋਲ ਹੈ ਜਾਂ ਚਪਟੀ ਅਤੇ ਇਹ ਸੂਰਜ ਗਿਰਦ ਘੁੰਮਦੀ ਹੈ ਜਾਂ ਸੂਰਜ ਇਸ ਦੇ ਗਿਰਦ ਘੁੰਮਦਾ ਹੈ। ਪਛਮੀ ਦੇਸਾਂ ਵਿਚ ਉਦੋਂ ਇਹ ਸਭ ਤੋਂ ਵਡਾ ਝਗੜਾ ਸੀ ਕਿ ਅਸਲੀਅਤ ਸਥੂਲ ਹੈ ਜਾਂ ਕਲਪਨਾ। ਜਿਸ ਸਬੰਧੀ ਅਜੋਕਾ ਸਿਖ ਭਾਈਚਾਰਾ ਅਜੇ ਵੀ ਉਲਝਣਾਂ ਵਿਚ ਫਸਿਆ ਹੋਇਆ ਹੈ। ਬਾਬਾ ਜੀ ਅਤੇ ਸਭ ਗੁਰੂ ਸਹਿਬਾਨ ਕੁਦਰਤ ਨੂੰ 'ਹੋਂਦ' ਅਤੇ 'ਸਥੂਲ' ਮੰਨਦੇ ਹਨ ਨਾ ਕਿ ਕਲਪਨਾ, ਰੂਹਾਨੀ ਜਾਂ ਆਤਮਿਕ। ਭਾਈ ਸੰਤ ਸਿੰਘ ਮਸਕੀਨ ਜੀ ਹੁਰਾਂ ਵਰਗੇ ਅਨੇਕ ਸਿਖ ਕਿਸੇ 'ਆਤਮਾ' ਨੂੰ ਮੰਨ ਕੇ ਲੋਕਾਂ ਨੂੰ ਗਧੀਗੇੜ ਵਿਚ ਪਾਈ ਫਿਰਦੇ ਹਨ। ਅਜਿਹੀ ਕਿਸੇ ਵਸਤੂ ਦੀ ਕੋਈ ਹੋਂਦ ਨਹੀਂ। ਗੁਰੂ ਗ੍ਰੰਥ ਸਾਹਿਬ ਵਿੱਚ, ਮਹਲਾ 1, 2, 3 ਆਦਿ ਦੀ ਲੜੀ ਨੂੰ 'ਆਤਮਾ' ਨਾਲ ਜੋੜਨਾ ਠੀਕ ਨਹੀਂ।

ਮਨੁਖਾਂ ਦੇ ਕੁਦਰਤ ਨਾਲ ਰਿਸ਼ਤੇ ਅਤੇ ਉਨ੍ਹਾਂ ਦੇ ਆਪਸੀ ਰਿਸ਼ਤਿਆਂ ਨੂੰ, ਜਿਸ ਦਲੀਲ ਅਤੇ ਖੂਬਸੂਰਤੀ ਨਾਲ ਬਾਬਾ ਜੀ ਨੇ ਬਿਆਨਿਆ ਹੈ ਅਤੇ ਉਨ੍ਹਾਂ ਵਿਚ ਪਾਈ ਜਾਂਦੀ ਕੁੜੱਤਣ ਨੂੰ ਖਤਮ ਕਰਨ ਲਈ ਜੋ ਗੁਰ ਉਨ੍ਹਾਂ ਨੇ ਦਸੇ ਹਨ, ਅੱਜ ਵੀ ਯੂ. ਐਨ. ਓ. ਵਰਗੀਆਂ ਸੰਸਥਾਵਾਂ ਅਤੇ ਮਾਰਕਸ ਹੁਰਾਂ ਵਰਗੀਆਂ ਹਸਤੀਆਂ ਵੀ ਉਨ੍ਹਾਂ ਦੀਆਂ ਸਾਨੀ ਨਹੀਂ। ਭਾਰਤ ਅੰਦਰ ਇਸਤਰੀ ਜਾਤੀ ਲਈ ਸਤੀ ਮੁਕਤ ਹੋਣਾ ਅਤੇ ਅਗੇ ਚਲ ਕੇ ਵਿਚਾਰਧਾਰਾ ਦੀ ਆਜ਼ਾਦੀ ਦੀ ਪ੍ਰਾਪਤੀ ਦਾ ਸੰਘਰਸ਼ ਸਿਰ ਦੇ ਕੇ ਲੜਨਾ ਅਤੇ ਫਿਰ ਉਸ ਦੇ ਸਿਖਰ ਉਤੇ ਪੈਦਾਵਾਰੀ ਸਾਧਨਾਂ ਦੀ ਉਪਜ ਅਤੇ ਉਸ ਦੀ ਕਿਰਤੀਆਂ ਵਿਚ ਵੰਡ ਕਰਨੀ, ਕਮਾਲ ਦੀ ਦੇਣ ਹੈ ਬਾਬਾ ਜੀ ਦੇ ਆਰਥਿਕ ਗਿਆਨ ਦੀ। ਇਸ ਸਭ ਕੁਝ ਤੋਂ ਪਿਛੋਂ ਵਾਪਰੇ 'ਪੈਰਿਸ-ਕਮਿਊਨ', ਫਰਾਂਸੀਸੀ ਇਨਕਲਾਬ ਅਤੇ ਲੰਬੇ ਸਮੇਂ ਪਿਛੋਂ ਰੂਸੀ ਇਨਕਲਾਬ ਦੇ ਵਰਤਾਰੇ, ਸਿਧ ਕਰਦੇ ਹਨ ਕਿ ਬਾਬਾ ਨਾਨਕ ਅਤੇ ਸਿਖ ਰਹਿਬਰਾਂ ਦੀ ਦੇਣ ਧਰਤੀ ਦੇ ਦੂਜੇ ਅਨੇਕ ਵਿਗਿਆਨੀਆਂ ਤੋਂ ਅਗਾਂਹ ਸੀ।

ਪਾਠਕਾਂ ਦੇ ਧਿਆਨ ਵਿਚ ਸਭ ਤੋਂ ਵਡੀ ਗੱਲ ਇਹ ਲਿਆਉਣੀ ਬਣਦੀ ਹੈ ਕਿ ਸਾਰੇ ਧਰਮਾਂ ਦੇ ਰਹਿਬਰਾਂ ਨੇ ਆਪਣੇ ਵਿਚਾਰਾਂ ਅਧੀਨ ਜੋ ਦੇਣ ਦਿਤੀ, ਉਸ ਦਾ ਪੈਂਤੜਾ ਉਨ੍ਹਾਂ ਨੇ ਆਪਣੇ ਸਮੇਂ ਦੀ ਕੁਦਰਤ ਪ੍ਰਤੀ ਬਣੀ ਆਪਣੀ ਸੋਝੀ ਦੇ ਆਧਾਰ ਉਤੇ ਲਿਆ। ਸਿਖੀ ਤੋਂ ਪਹਿਲਾਂ ਸਾਰੇ ਧਰਮਾਂ ਵਿਚ ਕਰਾਮਾਤ ਉਨ੍ਹਾਂ ਦੇ ਰਹਿਬਰਾਂ ਦੀ ਵਿਚਾਰਧਾਰਾ ਵਿਚ ਬੜੀ ਮਜ਼ਬੂਤੀ ਨਾਲ ਸਥਾਪਤ ਹੈ। ਪਰ ਇਹ ਮਾਣ ਗੁਰੂ ਨਾਨਕ ਅਤੇ ਉਨ੍ਹਾਂ ਦੀ ਵਿਚਾਰਧਾਰਾ ਨੂੰ ਮਿਲਿਆ ਕਿ ਉਸ ਵਿਚ ਕਰਾਮਾਤ ਦੀ ਕੋਈ ਥਾਂ ਨਹੀਂ। ਕਾਰਨ ਸਾਦਾ ਹੈ ਕਿ ਸਿਖੀ ਵਿਗਿਆਨਕ ਸੋਚ ਉਤੇ ਆਧਾਰਿਤ ਹੈ, ਭਾਵੇਂ ਵੱਡੀ ਪੱਧਰ ਤੇ ਸਿੱਖ ਮੂਰਖ ਲਾਣਾ ਇਹ ਨਹੀਂ ਮੰਨਦਾ।


'ਸਿੱਖੀ' ਗਿਆਨ ਹੈ ਅਤੇ ਉਸਨੂੰ ਪ੍ਰਾਪਤ ਕਰਨ ਵਾਲਾ 'ਸਿੱਖ' ਹੈ। 16ਵੀਂ ਸਦੀ ਦੇ ਆਰੰਭ ਅਤੇ ਹੁਣ 21ਵੀਂ ਸਦੀ ਦੇ ਆਰੰਭ ਤਾਈਂ ਫਰਕ ਇਹ ਪੈ ਗਿਆ ਹੈ ਕਿ ਅਜੋਕੀ ਧਰਤੀ ਦਾ ਲਗਪਗ ਸਾਰਾ 750 ਕਰੋੜ ਮਨੁਖ ਸਿਖਣ ਦੇ ਰਾਹ ਪਿਆ ਹੋਇਆ ਹੈ। ਤਾਂ ਫਿਰ ਅਸੀਂ ਕਿਵੇਂ ਸਿਧ ਕਰਾਂਗੇ ਕਿ ਕੇਵਲ ਕੇਸਾਧਾਰੀ ਤੇ ਪਗੜੀਧਾਰੀ ਹੀ 'ਸਿੱਖ' ਹਨ। ਗੁਰੂ ਨਾਨਕ ਦੇਵ ਜੀ ਤੇ ਗੁਰੂ ਗੋਬਿੰਦ ਸਿੰਘ ਜੀ ਨੇ ਤਾਂ ਆਪਣੇ ਸਮੇਂ ਸਾਰੇ ਮਨੁਖਾਂ ਨੂੰ ਇਕ ਲੜੀ ਵਿਚ ਪ੍ਰੋ ਕੇ ਇਕ ਸਾਮਾਨ ਦਸਿਆ ਤੇ ਮੰਨਿਆ ਸੀ। 'ਨਾ ਕੋ ਹਿੰਦੂ ਨਾ ਕੋ ਮੁਸਲਮਾਨ', 'ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ।।' ਪਰ ਅਜੋਕਾ ਸਿਖ ਭਾਈਚਾਰਾ ਸ਼ਕਲਾਂ ਤੇ ਪਹਿਰਾਵਿਆਂ ਦੇ ਵਖੇਰੇਵਿਆਂ ਰਾਹੀਂ ਉਨ੍ਹਾਂ ਵਿਚ ਵੰਡੀਆਂ ਪਾਈ ਫਿਰਦਾ ਹੈ। ਵੰਡੀਆਂ ਦਾ ਅਸਲ ਕਾਰਨ ਸੋਚਾਂ ਦੇ ਵਖਰੇਵੇਂ ਅੱਜ ਵੀ ਹਨ ਅਤੇ ਜਿਹੜੇ ਮਨੁਖੀ ਜੀਵਨ ਦੀ ਉਪਜੀ ਸਭਿਅਕ ਲੜੀ ਤੋਂ ਚਲੇ ਆ ਰਹੇ ਹਨ, ਜਿਨ੍ਹਾਂ ਨੂੰ ਮਿਟਾਉਣਾ ਹਰ ਮਨੁਖ ਦਾ ਸਿਖਰਲਾ ਟੀਚਾ ਹੋਣਾ ਚਾਹੀਦਾ ਹੈ। ਇਨ੍ਹਾਂ ਵਖਰੇਵਿਆਂ ਦੀ ਤਹਿ ਵਿਚ ਮੁਖ ਰੂਪ ਵਿਚ ਮਾਇਆ ਤੇ ਹਉਮੈ ਦੇ ਦੋ ਰੋਗ ਹਨ।

ਮਾਇਆ ਦੇ ਦੋ ਅਰਥ ਹਨ। ਇਕ ਪੈਸਾ ਤੇ ਦੂਜਾ ਇਹ ਸੋਚ ਕਿ ਸਮੂਚਾ ਬ੍ਰਹਿਮੰਡ ਹੋਂਦ ਵਾਲਾ ਨਹੀਂ ਸਗੋਂ ਕਾਲਪਨਿਕ ਤੇ ਨਿਰੋਲ ਮਾਇਆ ਹੈ। ਅਜੋਕੀ ਧਰਤੀ ਉਤੇ ਵਡੀ ਪਧਰ ਉਤੇ ਚਲ ਰਹੇ ਵਿਰੋਧ ਅਤੇ ਮਾਰ-ਮਰਾਈ ਇਨ੍ਹਾਂ ਦੋ ਰੋਗਾਂ ਦੇ ਕਾਰਨ ਹੀ ਹੈ। ਬਾਬਾ ਜੀ ਨੇ ਆਰੰਭ ਵਿਚ 'ਨਾ ਕੋ ਹਿੰਦੂ ਨਾ ਕੋ ਮੁਸਲਮਾਨ' ਕਹਿ ਕੇ ਮਨੁਖੀ ਪਾੜੇ ਦੀ ਜੜ੍ਹ ਪੁਟ ਦਿਤੀ ਸੀ ਅਤੇ ਨਾਲ ਹੀ ਬ੍ਰਾਹਮਣੀ ਵਿਚਾਰਧਾਰਾ 'ਵਰਣ ਆਸ਼ਰਮ-ਪਰਮੋ ਧਰਮਾ' ਦੀ ਸੋਚ ਦਾ ਬੀਜ ਨਾਸ ਕਰ ਦਿਤਾ ਸੀ। ਪਰ ਅੱਜ ਤਾਈਂ ਅਸੀਂ ਪੂਰਨ ਰੂਪ ਵਿਚ ਇਸ ਦਾ ਖਾਤਮਾ ਨਹੀਂ ਕਰ ਸਕੇ। ਸਿਖ ਸਦਵਾਉਂਦੇ ਹੋਏ ਅਸੀਂ ਅੰਗਰੇਜ਼ ਦੀ ਗੁਲਾਮੀ ਦੇ ਯੁਗ ਵਿਚ ਪਿੰਡਾਂ ਅਤੇ ਸ਼ਹਿਰਾਂ ਵਿਚ ਅਖਰ 'ਚੂਹੜਾ' ਦੀ ਵਰਤੋਂ ਵੀ ਨਹੀਂ ਰੋਕ ਸਕੇ ਅਤੇ ਨਾ ਹੀ ਉਸ ਭਾਈਚਾਰੇ ਦੀਆਂ ਵਖਰੀਆਂ ਬਸਤੀਆਂ, ਸ਼ਮਸ਼ਾਨਘਾਟ ਅਤੇ ਪੂਜਾ ਅਸਥਾਨ ਹੋਂਦ ਵਿਚ ਆਉਣੋਂ ਰੋਕ ਸਕੇ ਹਾਂ। ਅੱਜ ਵੀ ਉਪਰੋਕਤ ਸਭ ਕੁਝ ਥੋੜ੍ਹੇ ਬਹੁਤੇ ਫਰਕ ਨਾਲ ਉਵੇਂ ਹੀ ਚਲ ਰਿਹਾ ਹੈ।

(ਬਾਕੀ ਅਗਲੇ ਅੰਕ ਵਿਚ)

# ਜੈਤੋ ਦਾ ਮੋਰਚਾ (21 ਫਰਵਰੀ)

## ਜਦੋਂ ਅੰਗਰੇਜ਼ ਹਕੂਮਤ ਨੂੰ ਝੁਕਣਾ ਪਿਆ



ਸਿੱਖ ਧਰਮ ਅਤੇ ਰਾਜਨੀਤੀ ਦੁਨੀਆਂ ਵਿਚ ਹਮੇਸ਼ਾ ਚਰਚਾ ਦਾ ਵਿਸ਼ਾ ਰਿਹਾ ਹੈ। ਇਤਿਹਾਸ ਗਵਾਹ ਹੈ ਕਿ ਸਿੱਖਾਂ ਨੇ ਹਰ ਕੁਰਬਾਨੀ ਕੌਮ ਦੀ ਅਣਖ ਵਾਸਤੇ ਦਿੱਤੀ ਹੈ। ਮਨੁੱਖਤਾ ਵਿਰੋਧੀ ਹਕੂਮਤ ਦੇ ਜ਼ੁਲਮ ਅਤੇ ਅਨਿਆ ਦੀ ਹਮੇਸ਼ਾ ਵਿਰੋਧਤਾ ਕੀਤੀ ਹੈ। ਸਮੇਂ ਦੇ ਜ਼ਾਲਮ ਹੁਕਮਰਾਨਾਂ ਦੇ ਅਣ-ਮਨੁੱਖੀ ਤਸੀਹੇ ਆਪਣੇ ਤਨ 'ਤੇ ਹੰਢਾਏ। ਦੁਸ਼ਮਣਾਂ ਨੇ ਹਮੇਸ਼ਾ ਸਿੱਖਾਂ ਨੂੰ ਖਤਮ ਕਰਨ ਦੇ ਯਤਨ ਕੀਤੇ। ਪਰ ਸਿੱਖਾਂ ਨੇ ਹਰ ਜੁਲਮ ਅਤੇ ਤਸ਼ੱਦਦ ਦੇ ਕੰਮ ਹਿਲਾ ਦਿੱਤੇ। ਦੁਸ਼ਮਣ ਵੀ ਇਹ ਸੋਚਣ ਲਈ ਮਜਬੂਰ ਹੋ ਜਾਂਦੇ ਕਿ ਇਹਨਾਂ ਵਿਚ ਕਿਹੜੀ ਸ਼ਕਤੀ ਹੈ ਜੋ ਹੱਸ ਹੱਸ ਕੇ ਜ਼ੁਲਮ ਸਹਾਰਦੇ ਵੀ ਚੜ੍ਹਦੀ ਕਲਾ ਵਿਚ ਰਹਿੰਦੇ ਹਨ। ਮਹਾਰਾਜਾ ਰਣਜੀਤ ਸਿੰਘ ਨੇ ਬੜੀ ਸ਼ਰਧਾ ਨਾਲ ਗੁਰਧਾਮਾਂ ਦੇ ਨਾਉਂ ਬੜੀ ਸੰਪਤੀ ਲਗਵਾਈ ਅਤੇ ਉਹਨਾਂ ਦੀ ਖੂਬਸੂਰਤ ਦਿਖ ਵੀ ਬਣਾਈ। ਪਰ ਅੰਦਰੂਨੀ ਤੌਰ ਤੇ ਠਾਕੁਰਦੁਆਰਾ ਮਰਿਆਦਾ ਹੀ ਪ੍ਰਚੱਲਿਤ ਰਹੀ। ਅੰਗਰੇਜ਼ਾਂ ਨੇ ਆਪਣਾ ਰਾਜ ਕਾਇਮ ਰੱਖਣ ਲਈ ਗੁਰਧਾਮਾਂ ਤੇ ਮਹੰਤਾਂ ਦੇ ਕਬਜ਼ੇ ਕਰਵਾ ਕੇ ਸਿੱਖੀ ਤਾਕਤ ਨੂੰ ਠੋਸ ਪਹੁੰਚਾਉਣ ਦੀ ਸਾਜਿਸ਼ ਰਚੀ ਹੋਈ ਸੀ। ਸੰਨ 1920-25 ਦੌਰਾਨ ਗੁਰਧਾਮਾਂ ਦੇ ਪ੍ਰਬੰਧ ਵਿਚ ਸੁਧਾਰ ਲਿਆਉਣ ਹੇਠ ਹਕੂਮਤ ਦੀ ਸ਼ਹਿ 'ਤੇ ਕਬਜ਼ਾ ਕਰੀ ਬੈਠੇ ਦੁਰਾਚਾਰੀ ਮਹੰਤਾਂ ਤੋਂ ਗੁਰਧਾਮ ਆਜ਼ਾਦ ਕਰਵਾਉਣ ਲਈ ਗੁਰਦੁਆਰਾ ਸੁਧਾਰ ਲਹਿਰ ਚਲਾਈ ਗਈ। ਜਿਸ ਨਾਲ ਗੁਰਧਾਮਾਂ ਨੂੰ ਪੰਥਕ ਪ੍ਰਬੰਧ ਹੇਠ ਲਿਆਂਦਾ ਗਿਆ। ਭਾਵੇਂ ਇੱਥੇ ਤੱਕ ਪਹੁੰਚਦਿਆਂ ਕਈ ਮੋਰਚੇ ਲਾਉਣੇ ਪਏ ਅਤੇ ਅਣਗਿਣਤ ਸ਼ਹੀਦੀਆਂ ਦੇਣੀਆਂ ਪਈਆਂ। 'ਜੈਤੋ ਦਾ ਮੋਰਚਾ' ਵੀ ਇਤਿਹਾਸ ਵਿਚ ਵਿਸ਼ੇਸ਼ ਸਥਾਨ ਰੱਖਦਾ ਹੈ ਕਿ 28 ਸਾਲਾਂ ਦੇ ਮਹਾਰਾਜਾ ਰਿਪੁਦਮਨ ਸਿੰਘ ਆਜ਼ਾਦ ਖੁੱਲ੍ਹੇ ਵਿਚਾਰਾਂ ਦਾ ਕੌਮਪ੍ਰਸਤ ਨੌਜਵਾਨ ਸੀ। ਉਹ ਸਮਾਜਿਕ ਅਤੇ ਰਾਜਨੀਤਿਕ ਗਤੀਵਿਧੀਆਂ ਵਿਚ ਸੇਵਾ ਭਾਵਨਾ ਰੱਖਦਾ ਸੀ। ਉਹ ਸਿੱਖ ਧਰਮ ਦੀਆਂ ਰਵਾਇਤਾਂ ਦੀ ਕਦਰ ਕਰਦਾ ਸੀ। ਅੰਗਰੇਜ਼ ਸਰਕਾਰ ਦੀਆਂ ਗਲਤ ਨੀਤੀਆਂ ਦੀ ਹਮੇਸ਼ਾ ਵਿਰੋਧਤਾ ਕਰਦਾ ਸੀ। ਅਕਾਲੀ ਲਹਿਰਾਂ ਦਾ ਵੀ ਸਮਰਥਕ ਸੀ। ਜਦੋਂ ਸਾਕਾ ਨਨਕਾਣਾ ਸਾਹਿਬ ਦੇ ਸ਼ਹੀਦਾਂ ਦੀ ਯਾਦ ਵਿਚ ਰੋਸ ਦਿਵਸ ਅਤੇ ਅਰਦਾਸ ਦਿਵਸ ਮਨਾਉਣ ਲਈ ਸੰਗਤਾਂ ਨੇ ਕਾਲੀਆਂ ਦਸਤਾਰਾਂ ਸਜਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠਾਂ ਦੇ ਭੋਗ ਪਾਏ ਜਾਣ ਦੀ ਅਪੀਲ ਕੀਤੀ ਤਾਂ ਮਹਾਰਾਜਾ ਰਿਪੁਦਮਨ ਸਿੰਘ ਨੇ ਵੀ ਇਸਦਾ ਸਵਾਗਤ ਕੀਤਾ। ਅੰਗਰੇਜ਼ ਸਰਕਾਰ ਨੇ ਮਹਾਰਾਜਾ ਨੂੰ ਬਾਗੀ ਕਰਾਰ ਦਿੰਦੇ ਹੋਏ 9 ਜੁਲਾਈ 1923 ਨੂੰ ਗੱਦੀ ਤੋਂ ਲਾਂਭੇ ਕਰ ਦਿੱਤਾ। ਸਰਕਾਰ ਮਹਾਰਾਜ ਦਾ ਸਿੱਖਾਂ ਨਾਲ ਚੰਗਾ ਸਬੰਧ ਹੋਣ ਤੇ ਔਖੀ ਸੀ ਤੇ ਬਹਾਨੇ ਦੀ ਤਲਾਸ਼ ਵਿਚ ਸੀ। ਸੰਗਤ ਨੇ ਅਨੁਭਵ ਕੀਤਾ ਕਿ ਇਹ ਅੰਗਰੇਜ਼ੀ ਹਕੂਮਤ ਦਾ ਸਿੱਖ ਧਰਮ ਵਿਚ ਸਿੱਧਾ ਦਖਲ ਹੈ। ਸ਼੍ਰੋਮਣੀ ਕਮੇਟ ਨੇ ਅਗਸਤ 5, 1923 ਨੂੰ ਮਹਾਰਾਜਾ ਦੀ ਬਹਾਲੀ ਦਾ ਮਤਾ ਪਾਸ ਕੀਤਾ। ਇਹ ਫੈਸਲਾ ਵੀ ਹੋਇਆ ਕਿ 25, 26 ਅਤੇ 27 ਅਗਸਤ 1923 ਨੂੰ ਗੁਰਦੁਆਰਾ ਗੰਗ ਸਾਹਿਬ ਵਿਖੇ ਦੀਵਾਨ ਸਜਾ ਕੇ ਪਾਠ ਕੀਤਾ ਜਾਵੇ। ਉਸੇ ਵੇਲੇ ਗਿਆਨੀ ਇੰਦਰ ਸਿੰਘ ਜੀ ਨੂੰ ਗ੍ਰਿਫਤਾਰ ਕਰ ਲਿਆ ਗਿਆ। ਸਤੰਬਰ 1, 1923 ਨੂੰ ਸ਼੍ਰੋਮਣੀ ਕਮੇਟੀ ਨੇ ਫਿਰ ਸਿੰਘਾਂ ਨੂੰ ਪਾਠ ਕਰਨ ਭੇਜਿਆ। ਸਰਕਾਰੀ ਅਫਸਰਾਂ ਨੇ ਫਿਰ ਪਾਠੀ ਸਿੰਘਾਂ ਨੂੰ ਗ੍ਰਿਫਤਾਰ ਕਰ ਲਿਆ।



**ਪ੍ਰਮਿੰਦਰ ਸਿੰਘ ਪ੍ਰਵਾਨਾ**
510-781-0487

14 ਸਤੰਬਰ, 1923 ਨੂੰ ਇਸ ਪਾਠ ਖੰਡਿਤ ਦੀ ਘਟਨਾ ਨੇ ਰਾਜਨੀਤਿਕ ਅਤੇ ਧਾਰਮਿਕ ਰੰਗਤ ਫੜ ਲਈ। ਇਸ ਦੇ ਨਾਲ ਹੀ 'ਜੈਤੋ ਦਾ ਮੋਰਚਾ' ਆਰੰਭ ਹੋਇਆ ਜੋ ਬਾਕੀ ਮੋਰਚਿਆਂ ਤੋਂ ਲੰਮਾ ਚੱਲਿਆ। ਜੋ ਗੁਰਦੁਆਰਾ ਸੁਧਾਰ ਲਹਿਰ ਦਾ ਸਭ ਤੋਂ ਵੱਡਾ ਮੋਰਚਾ ਹੈ।

15 ਸਤੰਬਰ 1923 ਤੋਂ ਸ੍ਰੀ ਅਕਾਲ ਤਖਤ ਸਾਹਿਬ ਤੋਂ 25-25 ਸਿੰਘਾਂ ਦੇ ਜਥੇ ਭੇਜਣੇ ਸ਼ੁਰੂ ਹੋ ਗਏ। ਸਿੰਘਾਂ ਨੂੰ ਗ੍ਰਿਫਤਾਰ ਕਰਕੇ ਮਾਰ ਕੁੱਟ ਕਰਕੇ ਦੂਰ ਲਿਜਾ ਕੇ ਛੱਡ ਦਿੱਤਾ ਜਾਂਦਾ। ਸਿੰਘ ਫਿਰ ਤੋਂ ਜਥੇ ਵਿਚ ਸ਼ਾਮਲ ਹੋਣ ਲਈ ਚਲੇ ਜਾਂਦੇ। ਲੱਗਭੱਗ 5 ਮਹੀਨੇ ਜਥਿਆਂ ਦੀਆਂ ਗ੍ਰਿਫਤਾਰੀਆਂ ਹੁੰਦੀਆਂ ਰਹੀਆਂ। ਇਸ ਮੋਰਚੇ ਦੀ ਕਾਰਵਾਈ ਸ਼੍ਰੋਮਣੀ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਵੱਲੋਂ ਚਲਾਈ ਜਾ ਰਹੀ ਸੀ। ਅੰਗਰੇਜ਼ ਸਰਕਾਰ ਨੇ ਇਹਨਾਂ ਦੋਹਾਂ ਜਥੇਬੰਦੀਆਂ ਨੂੰ ਗੈਰ ਕਾਨੂੰਨੀ ਕਰਾਰ ਦੇ ਦਿੱਤਾ। ਸਿਰਕੱਢ ਆਗੂਆਂ ਨੂੰ ਗ੍ਰਿਫਤਾਰ ਕਰ ਲਿਆ। ਉਹਨਾਂ ਨੂੰ ਬਾਗੀ ਕਰਾਰ ਦੇ ਕੇ ਸਜ਼ਾਵਾਂ ਅਤੇ ਜੁਰਮਾਨਾ ਕੀਤਾ।

ਦੂਜੇ ਪੜਾਅ ਵਿਚ 500-500 ਸਿੰਘਾਂ ਦਾ ਜਥਾ ਭੇਜੇ ਜਾਣ ਦਾ ਫੈਸਲਾ ਹੋਇਆ। ਤਦ 3000 ਸਿੰਘ ਗ੍ਰਿਫਤਾਰੀ ਦੇਣ ਲਈ ਪਹੁੰਚ ਗਏ। ਫਰਵਰੀ 9, 1924 ਨੂੰ 500 ਸਿੰਘਾਂ ਦਾ ਪਹਿਲਾ ਜਥਾ ਸ੍ਰੀ ਅਕਾਲ ਤਖਤ ਸਾਹਿਬ ਤੋਂ ਭੇਜਿਆ ਗਿਆ। ਜਦੋਂ ਬਰਗਾੜੀ (ਫਰੀਦਕੋਟ) ਪੁੱਜਾ ਜੋ ਜੈਤੋ ਤੋਂ 6 ਕੁ ਮੀਲ 'ਤੇ ਹੈ। ਇੱਥੇ ਕੁਝ ਦਿਨ ਠਹਿਰ ਕੇ ਜਥੇ ਨੇ 21 ਫਰਵਰੀ, 1924 ਨੂੰ ਜੈਤੋ ਵੱਲ ਵਧਣਾ ਸ਼ੁਰੂ ਕੀਤਾ। ਜਥੇ ਦੇ ਨਾਲ 10,000 ਦੀ ਸੰਗਤ ਵੀ ਆ ਜੁੜੀ ਸੀ। ਜਥੇਵਿਚ ਡਾ. ਕਿਚਲੂ, ਪ੍ਰਿੰ: ਗਿਡਵਾਨੀ ਅਤੇ ਜਿਮੰਡ, ਨਿਊਯਾਰਕ ਟਾਈਮਜ਼ ਦੇ ਐਡੀਟਰ ਵੀ ਸ਼ਾਮਲ ਸਨ। ਬਰਗਾੜੀ ਤੋਂ ਜਥਾ ਗੁਰਦੁਆਰਾ ਟਿੱਬੀ ਸਾਹਿਬ ਵੱਲ ਵਧਿਆ। ਅੰਗਰੇਜ਼ ਫੌਜ ਜਥੇ ਨੂੰ ਖਿਦਰਾਣੇ ਲਈ ਤਿਆਰ ਖੜ੍ਹੀ ਸੀ। ਅੰਗਰੇਜ਼ ਅਫਸਰ ਵਿਲਸਨ ਜੌਹਨਸਨ ਨੇ ਨਿਹੱਥੇ ਜਥੇ ਤੇ ਗੋਲੀ ਚਲਾਉਣ ਦਾ ਹੁਕਮ ਦੇ ਦਿੱਤਾ। ਸਿੰਘ ਫੱਟੜ ਅਤੇ ਸ਼ਹੀਦ ਹੁੰਦੇ ਗਏ ਪਰ ਜਥਾ ਸ਼ਾਂਤਮਈ ਅੱਗੇ ਵਧਦਾ ਗਿਆ। ਚਲਦੀ ਗੋਲੀ ਵਿਚ ਜਥਾ ਗੁਰਦੁਆਰਾ ਟਿੱਬੀ ਸਾਹਿਬ ਪਹੁੰਚ ਗਿਆ। ਜਿਹੜੀ ਸੰਗਤ ਬਚ ਨਿਕਲੀ ਸੀ ਨੂੰ ਵੀ ਗ੍ਰਿਫਤਾਰ ਕਰ ਲਿਆ। ਜਿਹਨਾਂ ਤੇ ਕੈਦ ਵਿਚ ਬਹੁਤ ਸਖਤੀ ਕੀਤੀ ਗਈ। ਇਸ ਤੋਂ ਬਾਅਦ ਵੀ 16 ਸ਼ਹੀਦੀ ਜਥੇ ਭੇਜੇ ਗਏ। ਆਖਰੀ ਜਥੇ ਤੋਂ ਬਿਨਾਂ ਸਭ ਨੂੰ ਗ੍ਰਿਫਤਾਰ ਕੀਤਾ ਜਾਂਦਾ ਰਿਹਾ। ਕੈਦ ਵਿਚ ਮਾਰ-ਕੁੱਟ ਕੀਤੀ ਜਾਂਦੀ। ਕੈਦ ਵਿਚ ਕਈ ਰੋਗੀ ਅਤੇ ਨਿਕਾਰਾ ਹੋ ਗਏ ਜਾਂ ਸ਼ਹੀਦੀ ਪਾ ਗਏ। ਪਰ ਕਿਸੇ ਨੇ ਵੀ ਹਾਰ ਨਹੀਂ ਮੰਨੀ। ਇਹਨਾਂ ਸੂਰਬੀਰਾਂ ਨੇ ਅਡੋਲ ਰਹਿ ਕੇ ਸਾਰੇ ਕਸ਼ਟ ਝੱਲੇ। ਗ੍ਰਿਫਤਾਰੀਆਂ ਦਾ ਸਿਲਸਿਲਾ ਨਾ ਮੁੱਕਦਾ ਵੇਖ ਕੇ ਕਿ ਸਿੱਖਾਂ ਦੀ ਧਰਮ ਅਤੇ ਰਾਜਨੀਤੀ ਵਿਚ ਦਖਲ ਦੇਣ ਨੇ ਅੰਗਰੇਜ਼ੀ ਸਰਕਾਰ ਨੂੰ ਬੜੀ ਮੁਸ਼ਕਿਲ ਵਿਚ ਪਾ ਦਿੱਤਾ। ਇਸ ਲੰਮੇ ਹੁੰਦੇ ਮੋਰਚੇ ਅੱਗੇ ਹਕੂਮਤ ਨੂੰ ਝੁਕਣਾ ਪਿਆ। ਇਸੇ ਵੇਲੇ ਗੁਰਦੁਆਰਾ ਕਾਨੂੰਨ ਨੰਬਰ 8, 1925 ਪਾਸ ਹੋ ਗਿਆ। ਜੁਲਾਈ, 27 1925 ਨੂੰ 'ਜੈਤੋ ਦੇ ਮੋਰਚਾ' ਦੇ ਸਾਰੇ ਕੈਦੀ ਰਿਹਾ ਹੋ ਗਏ। ਖੰਡਿਤ ਪਾਠ ਜਾਰੀ ਹੋਏ। ਸਿੰਘਾਂ ਦੇ ਸ਼ਾਂਤਮਈ ਹੌਸਲੇ ਅਤੇ ਨਿਸਚੈ ਦੀ ਸ਼ਲਾਘਾ ਹੋਈ। ਅੰਗਰੇਜ਼ੀ ਹਕੂਮਤ ਦੇ ਇਸ ਜ਼ੁਲਮ ਦੀ ਨਿਖੇਧੀ ਹੋਈ। ਸਰਕਾਰ ਰਿਪੋਰਟ ਵਿਚ ਲੱਗਭੱਗ 10,000 ਸਿੰਘਾਂ ਦੀ ਗ੍ਰਿਫਤਾਰੀ ਹੋਈ ਅਤੇ ਇਕ ਲੱਖ ਜੁਰਮਾਨਾ ਸਿੰਘਾਂ ਵੱਲੋਂ ਭਰਿਆ ਗਿਆ। ਦੇਸ਼ ਵਿਦੇਸ਼ ਤੋਂ ਗ੍ਰਿਫਤਾਰੀ ਲਈ ਜਥੇ ਪਹੁੰਚਦੇ ਰਹੇ।

# ਨਵੋਦਿਆ ਵਿਦਿਆਲੇ ਪ੍ਰਤਿਭਾਸ਼ਾਲੀ ਵਿਦਿਆਰਥੀਆਂ ਨੂੰ ਆਧੁਨਿਕ ਸਿੱਖਿਆ ਦੇ ਰਹੇ ਹਨ- ਚੌਧਰੀ ਸੰਤੋਖ ਸਿੰਘ

## ਜਵਾਹਰ ਨਵੋਦਿਆ ਵਿਦਿਆਲਿਆ ਤਲਵੰਡੀ ਮਾਧੋ ਵਿੱਚ ਕਰਵਾਇਆ ਇਨਾਮ ਵੰਡ ਸਮਾਗਮ









**ਜਲੰਧਰ (ਤਰਸੇਮ ਜਲੰਧਰੀ)-** ਜਵਾਹਰ ਨਵੋਦਿਆ ਵਿਦਿਆਲਿਆ ਤਲਵੰਡੀ ਮਾਧੋ ਵਿੱਚ ਖੇਡਾਂ, ਸਹਿ-ਵਿਦਿਅਕ ਗਤੀਵਿਧੀਆਂ, ਐਨ ਸੀ ਸੀ, ਸਕਾਊਟ ਗਾਈਡ ਤੇ ਖ਼ਾਸ ਪ੍ਰਾਪਤੀਆਂ ਵਾਲੇ ਅਤੇ ਅੱਵਲ ਰਹਿਣ ਵਾਲੇ ਵਿਦਿਆਰਥੀਆਂ ਨੂੰ ਸਨਮਾਨਿਤ ਕਰਨ ਲਈ ਇਨਾਮ ਵੰਡ ਸਮਾਗਮ ਕਰਾਇਆ ਗਿਆ। ਚੌਧਰੀ ਸੰਤੋਖ ਸਿੰਘ ਸੰਸਦ ਮੈਂਬਰ ਮੁੱਖ ਮਹਿਮਾਨ ਤੇ ਵਰਿੰਦਰ ਕੁਮਾਰ ਸ਼ਰਮਾ ਡਿਪਟੀ ਕਮਿਸ਼ਨਰ ਨੇ ਬਤੌਰ ਵਿਸ਼ੇਸ਼ ਮਹਿਮਾਨ ਸ਼ਿਰਕਤ ਕੀਤੀ। ਅਸ਼ੋਕ ਕੁਮਾਰ ਪ੍ਰਿੰਸੀਪਲ ਨੇ ਮਹਿਮਾਨਾਂ ਨੂੰ ਜੀ ਆਇਆਂ ਕਹਿੰਦਿਆਂ ਵਿਦਿਆਲੇ ਦੀਆਂ ਮੁੱਖ ਪ੍ਰਾਪਤੀਆਂ ਦਾ ਲੇਖਾ ਜੋਖਾ ਪੇਸ਼ ਕੀਤਾ।

ਸੰਗੀਤ ਅਧਿਆਪਕਾ ਮਧੂਬਾਲਾ ਦੀ ਦੇਖ-ਰੇਖ ਵਿੱਚ ਸਵਾਗਤੀ ਗੀਤ ਤੋਂ ਬਾਅਦ ਡਾਂਡੀਆ ਨਾਚ, ਗਿੱਧਾ ਤੇ ਭੰਗੜਾ ਬੜੇ ਖੂਬਸੂਰਤ ਅੰਦਾਜ਼ ਵਿੱਚ ਪੇਸ਼ ਕਰਕੇ ਰੰਗ ਬੰਨ੍ਹ ਦਿੱਤਾ। ਕੌਮੀ ਏਕਤਾ ਸਕੀਮ ਤਹਿਤ ਮਧੇਪੁਰਾ (ਬਿਹਾਰ) ਤੋਂ ਆਏ ਨੌਵੀਂ ਜਮਾਤ ਦੇ ਵਿਦਿਆਰਥੀਆਂ ਨੇ ਪਿਰਾਮਿਡ ਵੰਨਗੀ ਪੇਸ਼ ਕਰਕੇ ਦਰਸ਼ਕਾਂ ਵਿੱਚ ਜੋਸ਼ ਭਰ ਦਿੱਤਾ। ਦੇਸ਼ ਭਗਤੀ ਦੇ ਜਜ਼ਬੇ ਦੀ ਤਰਜਮਾਨੀ ਕਰਦੀ ਡਰਿੱਲ ਪੇਸ਼ ਕਰਕੇ ਐਨ ਸੀ ਸੀ ਕੈਡਿਟਾਂ ਨੇ ਆਪਣੀ ਪ੍ਰਤਿਭਾ ਦਾ ਲੋਹਾ ਮਨਵਾਇਆ।

ਚੌਧਰੀ ਸੰਤੋਖ ਸਿੰਘ ਨੇ ਕਿਹਾ ਕਿ ਨਵੋਦਿਆ ਵਿਦਿਆਲੇ ਸਾਬਕਾ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦੀ ਦੂਰਅੰਦੇਸ਼ੀ ਸੋਚ ਦੀ ਦੇਣ ਹਨ ਜੋਂ ਪ੍ਰਤਿਭਾਸ਼ਾਲੀ ਵਿਦਿਆਰਥੀਆਂ ਨੂੰ ਆਧੁਨਿਕ ਸਿੱਖਿਆ ਦੇ ਕੇ ਸਹੀ ਦਿਸ਼ਾ ਦੇਣ ਦੇ ਨਾਲ-ਨਾਲ ਦੇਸ਼ ਦੀ ਕਿਸਮਤ ਬਦਲਣ ਵਿੱਚ ਅਹਿਮ ਭੂਮਿਕਾ ਨਿਭਾ ਰਹੇ ਹਨ। ਸੰਸਦ ਮੈਂਬਰ ਨੇ ਵਿਦਿਆਲੇ ਲਈ 10 ਲੱਖ ਰੁਪਏ ਤੇ ਪਿੰਡ ਤਲਵੰਡੀ ਮਾਧੋ ਲਈ 5 ਲੱਖ ਰੁਪਏ ਐਮ ਪੀ ਲੈਡ ਫੰਡ ਵਿੱਚੋਂ ਦੇਣ ਦਾ ਐਲਾਨ ਕੀਤਾ ਅਤੇ ਦੋ ਜਮਾਤਾਂ ਦੇ ਕਮਰਿਆਂ ਦੀ ਉਸਾਰੀ ਲਈ ਮੱਦਦ ਦੇਣ ਦਾ ਭਰੋਸਾ ਦਿਵਾਇਆ। ਸਮਾਗਮ ਨੂੰ ਸੰਬੋਧਨ ਕਰਦਿਆਂ ਡਿਪਟੀ ਕਮਿਸ਼ਨਰ ਵਰਿੰਦਰ ਕੁਮਾਰ ਸ਼ਰਮਾ ਨੇ ਕਿਹਾ ਕਿ ਨਵੋਦਿਆ ਵਿਦਿਆਲੇ ਵੱਲੋਂ ਮਿਆਰੀ ਸਿੱਖਿਆ ਦੇ ਨਾਲ-ਨਾਲ ਰਾਸ਼ਟਰੀ ਏਕਤਾ ਤੇ ਸਮਾਜਿਕ ਕਦਰਾਂ-ਕੀਮਤਾਂ ਨੂੰ ਬਰਕਰਾਰ ਰੱਖਣ ਵਿੱਚ ਵੀ ਅਹਿਮ ਭੂਮਿਕਾ ਨਿਭਾਈ ਜਾ ਰਹੀ ਹੈ। ਪ੍ਰਿੰਸੀਪਲ ਤੇ ਅਧਿਆਪਕਾਂ ਵੱਲੋਂ ਵਿਦਿਆਰਥੀਆਂ ਦੇ ਸਰਬਪੱਖੀ ਵਿਕਾਸ ਲਈ ਨਿਭਾਈ ਜਾ ਰਹੀ ਭੂਮਿਕਾ ਦੀ ਵੀ ਉਨ੍ਹਾਂ ਭਰਵੀਂ ਸ਼ਲਾਘਾ ਕੀਤੀ। ਰਾਸ਼ਟਰੀ ਪੱਧਰ ਤੇ ਖੇਡਾਂ ਵਿੱਚ ਜੇਤੂ ਖਿਡਾਰੀਆਂ, ਐਨ ਸੀ ਸੀ ਦੀਆਂ ਵੱਖ-ਵੱਖ ਗਤੀਵਿਧੀਆਂ ਵਿੱਚ ਮੈਡਲ ਤੇ ਟਰਾਫੀਆਂ ਜਿੱਤਣ ਵਾਲੇ , ਸਹਿ-ਵਿਦਿਅਕ ਗਤੀਵਿਧੀਆਂ ਵਿੱਚ ਜੇਤੂ ਵਿਦਿਆਰਥੀਆਂ, , ਸਰਬੋਤਮ ਸਕਾਊਟ ਜਸਕੀਰਤ ਸਿੰਘ ਤੇ ਗਾਈਡ ਗਗਨ, ਐਸ ਜੀ ਐਫ ਆਈ ਖੇਡ ਮੁਕਾਬਲਿਆਂ ਵਿੱਚ ਭਾਗ ਲੈਣ ਵਾਲੇ, ਹੈਡ ਗਰਲ ਕਨਿਕਾ ਸ਼ਰਮਾ, ਹੈਡ ਬੁਆਏ ਪਰਮਜੀਤ ਨੂੰ ਸਨਮਾਨਿਤ ਕੀਤਾ। ਦੇਸ਼ ਭਰ ਵਿੱਚ ਦਸਵੀਂ ਜਮਾਤ ਦੀ ਬੋਰਡ ਦੀ ਪ੍ਰੀਖਿਆ ਵਿੱਚ ਅੰਗਰੇਜ਼ੀ ਵਿਸ਼ੇ ਵਿੱਚ ਸਭ ਤੋਂ ਵੱਧ ਨੰਬਰ ਲੈਣ ਵਾਲੇ ਵਿਦਿਆਰਥੀਆਂ ਵਿੱਚ ਆਉਣ ਵਾਲੀ ਅਕਾਂਕਸ਼ਾ ਯਾਦਵ ਤੇ ਰਾਸ਼ਟਰੀ ਕਬੱਡੀ ਵਿੱਚ ਸਰਬੋਤਮ ਖਿਡਾਰੀ ਰਹਿਣ ਤੇ ਅਰਸ਼ਪ੍ਰੀਤ ਨੂੰ ਵਿਸ਼ੇਸ਼ ਇਨਾਮ ਦਿੱਤੇ ਗਏ। ਅਕਾਂਕਸ਼ਾ ਯਾਦਵ ਨੂੰ ਪੜ੍ਹਾਉਣ ਵਾਲੀ ਅਧਿਆਪਕਾ ਵੀਨਾ ਰਾਏ ਨੂੰ ਸ਼ਲਾਘਾ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ। ਵਾਈਸ ਪ੍ਰਿੰਸੀਪਲ ਪੁਸ਼ਪਿੰਦਰ ਕੌਰ ਨੇ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ। ਪ੍ਰਦੀਪ ਕੁਮਾਰ ਤੇ ਸੀਤਾ ਰਾਮ ਬਾਂਸਲ ਨੇ ਸਟੇਜ ਸਕੱਤਰ ਦੇ ਫਰਜ਼ ਬਾਖੂਬੀ ਨਿਭਾਏ। ਸੰਸਦ ਮੈਂਬਰ ਤੇ ਡਿਪਟੀ ਕਮਿਸ਼ਨਰ ਨੇ ਵਿਦਿਆਰਥੀਆਂ ਨਾਲ ਗੱਲਬਾਤ ਕੀਤੀ ਤੇ ਉਨ੍ਹਾਂ ਨੂੰ ਮਿਲ-ਦੀਆਂ ਸਹੂਲਤਾਂ ਤੇ ਪੜ੍ਹਾਈ ਬਾਰੇ ਜਾਣਕਾਰੀ ਲਈ। ਵਿਦਿਆਰਥੀਆਂ ਦੇ ਚਹੁੰਮੁਖੀ ਵਿਕਾਸ ਅਤੇ ਉਨ੍ਹਾਂ ਨੂੰ ਬਿਹਤਰ ਸਹੂਲਤਾਂ ਦੇਣ ਲਈ ਪ੍ਰਿੰਸੀਪਲ ਅਸ਼ੋਕ ਕੁਮਾਰ ਅਤੇ ਸਟਾਫ ਦੇ ਕੀਤੇ ਕੰਮਾਂ ਦੀ ਸੰਸਦ ਮੈਂਬਰ ਤੇ ਡਿਪਟੀ ਕਮਿਸ਼ਨਰ ਨੇ ਭਰਪੂਰ ਸ਼ਲਾਘਾ ਕੀਤੀ। ਇਸ ਮੌਕੇ ਹੋਰਨਾਂ ਤੋਂ ਇਲਾਵਾ ਗੁਰਜੀਤ ਸਿੰਘ ਸਰਪੰਚ ਤਲਵੰਡੀ ਮਾਧੋ, ਸਰਪੰਚ ਹਰਵਿੰਦਰ ਸਿੰਘ ਡੀ ਸੀ ਰੂਪੇਵਾਲ, ਸਰਪੰਚ ਰਵਿੰਦਰ ਸਿੰਘ ਕੋਟਲਾ ਹੇਰਾਂ, ਜਰਮਨ ਸਿੰਘ ਕੁਲਾਰ, ਸਰਪੰਚ ਹਰਭਜਨ ਸਿੰਘ ਜਾਫਰਾਪੁਰ, ਨੰਬਰਦਾਰ ਦਸੌਂਧਾ ਸਿੰਘ ਵੜੈਚ, ਸਰਪੰਚ ਜੋਗਾ ਸਿੰਘ ਚੱਕ ਚੇਲਾ, ਤਰਸੇਮ ਸਿੰਘ, ਦੇਵ ਰਾਜ ਨਈਅਰ, ਅਜੀਤ ਸਿੰਘ ਪ੍ਰਧਾਨ, ਮਾ.ਦਰਸ਼ਨ ਸਿੰਘ, ਕੇਵਲ ਸਿੰਘ, ਮਾ. ਲਖਵਿੰਦਰ ਸਿੰਘ (ਸਟੇਟ ਐਵਾਰਡੀ), ਬਲਜੀਤ ਕੌਰ, ਓਮ ਪ੍ਰਕਾਸ਼ ਯਾਦਵ , ਹਰਭਜਨ ਕੌਰ, ਜਸਪ੍ਰੀਤ ਸਿੰਘ, ਅਵਤਾਰ ਸਿੰਘ, ਵਿਨੇ ਕੁਮਾਰ, ਨਰੰਜਣ ਕੌਰ, ਸਰੋਜ ਕੁਮਾਰੀ, ਕੁਲਜੀਤ ਕੌਰ, ਸਾਬਿਆ ਸਿੱਧੂ, ਨਰੇਸ਼ ਕੁਮਾਰ, ਪਰਵਿੰਦਰ ਸਿੰਘ, ਰਜਿੰਦਰ ਸਿੰਘ ਗਿਆਨੀ, ਮਨੂੰ ਸ਼ਰਮਾ, ਲਵਨੀਸ਼ ਲਾਂਬਾ, ਸੁਪਰਡੈਂਟ ਵਿਪਨ ਕੁਮਾਰ ਸੇਨ, ਅੰਜੂ ਬਰਾੜ, ਅਰੁਣਾ, ਸੁਰਿੰਦਰ ਕੌਰ, ਮਨਜੀਤ ਕੌਰ, ਸਤਵੀਰ ਕੌਰ, ਸੀਮਾ ਰਾਣੀ, ਅਨੂ ਪਠਾਣੀਆਂ, ਰਜਿੰਦਰ ਕੌਰ, ਸਤਪਾਲ, ਵਿਮਲ ਕੁਮਾਰ, ਸਿਤਾਰ ਸਿੰਘ, ਕੁਲਜਿੰਦਰ ਸਿੰਘ ਕਾਕਾ, ਪ੍ਰਦੀਪ ਕੁਮਾਰ ਆਦਿ ਹਾਜ਼ਰ ਸਨ।

# "ਵਾਣੀ ਵਿਮਲ ਰੈਦਾਸ ਕੀ"



ਭਾਰਤ ਦੇਸ਼ ਦੀ ਧਰਤੀ 'ਤੇ ਜਨਮ ਲੈ ਕੇ ਇਸ ਜਗਤ ਨੂੰ ਆਪਣੇ ਚਰਨ-ਕਮਲਾਂ ਸੰਗ ਪੁਨੀਤ ਕਰਨ ਵਾਲੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਦਾ ਜੀਵਨ, ਤਿਨ੍ਹਾਂ ਦੇ ਉਪਦੇਸ਼, ਸਦਾ-ਸਦੀਵ ਵਾਸਤੇ, ਸਮੁੱਚੀ ਮਾਨਵਤਾ ਲਈ ਮਹਾਨ ਪ੍ਰੇਰਨਾ-ਪੁੰਜ ਹਨ। ਸਤਿਗੁਰਾਂ ਦਾ ਆਦਰਸ਼ ਜੀਵਨ ਅਤੇ ਜੀਵਨ-ਰਾਹ ਨੂੰ ਲੋਅ ਦੇਵਣਹਾਰੇ ਤਿਨ੍ਹਾਂ ਦੇ ਮਿੱਠੇ ਬਚਨਾਂ ਤੋਂ ਉੱਪਰ ਜੀਵ ਦੇ ਸੁੱਚਜੇ ਜੀਵਨ-ਮਾਰਗ ਹਿਤ, ਹੋਰ ਕਿਹੜੀ ਵਸਤ ਜਾਂ ਸਿਧਾਂਤ ਹੋ ਸਕਦੇ ਹਨ! ਆਪ ਆਪਣੇ ਜੀਵਨ-ਕਾਲ ਵਿੱਚ ਐਸੇ ਮਹਾਨ, ਸਦੀਵੀ ਸੂਰਜ ਹੋ ਕੇ ਵਿਚਰੇ ਕਿ ਸਦਾ-ਸਦਾ ਲਈ, ਲੋਕਾਈ ਹਿਤ, ਪ੍ਰੇਰਨਾ-ਸ੍ਰੋਤ ਹੋ ਗਏ।

ਸਤਿਗੁਰੂ ਜੀ ਦੇ ਪਾਵਨ ਜੀਵਨ-ਕਾਲ ਵਿੱਚ, ਤਿਨ੍ਹਾਂ ਦੇ ਪਾਵਨ-ਪਵਿੱਤਰ ਚਰਨ-ਕਮਲਾਂ ਵਿੱਚ ਸੰਗਤ ਜੁੜਦੀ ਸੀ, ਦਰਸਨ-ਪਰਸਨ ਕਰ ਨਿਹਾਲ ਹੁੰਦੀ ਸੀ। ਜੁੜਨ ਵਾਲੇ ਸਤਿਸੰਗੀ ਆਪਣੇ ਮਨ ਦੇ ਸ਼ੰਕੇ, ਤੌਖਲੇ, ਉਤਰਾਅ-ਚੜ੍ਹਾਅ ਸ੍ਰੀ ਸਤਿਗੁਰੂ ਜੀ ਦੇ ਹਜ਼ੂਰ ਰੱਖਦੇ; ਆਪਣਾ ਮਨ ਖੋਲ੍ਹਦੇ। ਗੁਰੂ ਜੀ, ਅਤਿਅੰਤ ਪ੍ਰੇਮ ਸਹਿਤ, ਸੰਗਤ ਦੇ ਮਨ ਦੇ ਸ਼ੰਕੇ ਆਪ ਨਵਿਰਤ ਕਰਦੇ। ਸਦਾ-ਸਰਵਦਾ ਲਈ ਸਮੁੱਚੀ ਲੋਕਾਈ ਦੇ ਸ਼ੰਕਾ ਨਿਵਾਰਣ ਹਿਤ ਅਤੇ ਸੁੱਚਜੀ ਜੀਵਨ-ਜਾਚ ਹਿਤ ਗੁਰੂ ਜੀ ਨੇ, ਉਨ੍ਹਾਂ ਸੁਆਲਾਂ ਤੇ ਉਨ੍ਹਾਂ ਦੇ ਜੁਆਬਾਂ; ਜਿਹੜੇ ਸਰਲਤਾ ਸਹਿਤ ਸਮਝ ਆਉਣ ਵਾਲੇ ਹਨ, ਨੂੰ ਅੰਕਿਤ ਕੀਤਾ -ਪਾਵਨ ਬਾਣੀ ਰਚੀ। ਸੂਖਮ ਭੇਤ ਸੁਖੈਨ ਕਰ, ਖੋਲ੍ਹ ਕੇ ਬਿਆਨ ਕੀਤੇ। ਤਦੇ ਇਸ ਬਾਣੀ ਨੂੰ ਉਸੰਦੇਹ ਗ੍ਰੰਥ ਖੰਡਨ ਨਿਪੁਣ" ਆਖਿਆ ਜਾਂਦਾ ਹੈ।



ਬਲਵੀਰ ਮੰਨਣ (ਡਾ.)
91-94173-45485

ਸਤਿਗੁਰੂ ਜੀ ਨੇ ਜੀਵ ਨੂੰ ਸਮਝਾਇਆ ਕਿ ਤੈਨੂੰ ਬਣਾ ਕੇ ਉਹ ਕਰਤਾਰ, ਆਪ ਤੇਰੇ ਅੰਦਰ ਵਸ ਗਿਐ, ਜਾਂ ਇੰਞ ਆਖ ਲੈ; ਤੈਨੂੰ ਬਣਾਇਐ ਹੀ ਉਸ ਆਪਣੇ ਰਹਿਣ ਲਈ ਐ:

ਖੋਜਤ ਕਿਥੂੰ ਫਿਰੈ ਤੇਰੇ ਘਟ ਮਹਿ ਸਿਰਜਨਹਾਰੁ॥

ਸ੍ਰੀ ਗੁਰੂ ਜੀ ਨੇ ਓਪਰੇ ਪਰਪੰਚਾਂ ਦੀ ਥਾਂ, ਪ੍ਰਭੂ ਨੂੰ, ਹਿਰਦੇ ਤੋਂ ਸਿਮਰਣ 'ਤੇ ਜ਼ੋਰ ਦਿੱਤਾ ਹੈ। ਗੁਰੂ ਜੀ ਨੇ ਆਖਿਆ ਕਿ ਭਾਵੇਂ ਬਹੁਗਿਣਤੀ ਦਾ ਕੋਈ ਮਿੱਥਿਆ ਹੋਇਆ ਰਾਹ ਹੋਵੇ ਤੇ ਉਹ ਉਸ 'ਤੇ ਤੁਰੀ ਜਾ ਰਹੀ ਹੋਵੇ ਤੇ ਉਸ ਰਾਹ 'ਪੁਰ ਤੁਰਨ 'ਤੇ ਮਾਣ ਵੀ ਮਹਿਸੂਸ ਕਰਦੀ ਹੋਵੇ ਪਰ ਤੁਸਾਂ ਆਤਮ-ਚਿੰਤਨ ਰਾਹੀਂ ਸੱਚ ਦੀ ਖੋਜ ਕਰਨੀ ਹੈ ਅਤੇ ਸੱਚ ਵਾਲੀ ਰਾਹ ਪਕੜਨੀ ਹੈ। ਜ਼ਰੂਰੀ ਨਹੀਂ ਕਿ ਤੁਹਾਡੇ ਲੱਭੇ ਰਾਹ ਉੱਪਰ ਬਹੁਤੀ ਭੀੜ ਵੀ ਹੋਵੇ ਪਰ ਤੁਸਾਂ ਰਾਹ ਦੀ ਪਕਿਆਈ ਦੇਖਣੀ ਹੈ, ਉਸ ਉੱਪਰ ਤੁਰੇ ਜਾ ਰਹੇ ਲੋਕਾਂ ਨੂੰ ਨਹੀਂ ਗਿਣਨਾ:

ਪਰਚੈ ਰਾਮੁ ਰਵੈ ਜਉ ਕੋਈ॥
ਪਾਰਸੁ ਪਰਸੈ ਦੁਬਿਧਾ ਨ ਹੋਈ॥
ਬਹੁ ਬਿਧਿ ਧਰਮ ਨਿਰੂਪੀਐ ਕਰਤਾ ਦੀਸੈ ਸਭ ਲੋਇ॥
ਕਵਨ ਕਰਮ ਤੇ ਛੂਟੀਐ ਜਿਹ ਸਾਧੇ ਸਭ ਸਿਧਿ ਹੋਇ॥

ਕੇਵਲ ਸੱਚ ਹੀ ਜਿਨ੍ਹਾਂ ਦੇ ਪ੍ਰਾਣਾਂ ਦਾ ਆਧਾਰ ਸੀ, ਐਸੇ ਸਤਿਗੁਰੂ ਜੀ ਨਾਮ-ਰੱਤੀ ਪਵਿੱਤਰ ਰਸਨਾ ਦੁਆਰਾ ਫ਼ਰਮਾਉਂਦੇ ਹਨ ਕਿ ਹੇ ਸੱਚੇ (ਪ੍ਰਭੂ)! ਜੂਠੇ-ਝੂਠੇ ਸਾਧਨਾਂ ਨਾਲ ਆਪ ਜੀ ਦੀ ਸੇਵਾ-ਪੂਜਾ ਕਰਨ ਨੂੰ ਮੇਰਾ ਮਨ ਨਹੀਂ ਮੰਨਦਾ, ਤੇ ਇਹ ਲੋਕਾਈ ਆਪ ਜੀ ਦੀ ਸੱਚੀ (ਪ੍ਰੇਮ ਪੂਰਵਕ ਜਿਸ ਵਿੱਚ ਤਨ-ਮਨ ਦੀ ਭੇਂਟ ਅਰਪੀ ਜਾਵੇ) ਪੂਜਾ-ਅਰਚਨਾ ਨਹੀਂ ਕਰ ਰਹੀ। ਪਤਾ ਨਹੀਂ ਇਸ ਦਾ ਕੀ ਬਣੇਗਾ! ਭਾਵ ਹੈ ਕਿ ਇਹ ਦੁਰਗਤੀ ਨੂੰ ਹੀ ਪ੍ਰਾਪਤ ਹੋਵੇਗੀ। ਸਤਿਗੁਰੂ ਜੀ ਨੇ ਹਰਿ ਰਾਜੇ ਨੂੰ, ਕੇਵਲ, ਪ੍ਰੇਮ ਖ਼ਾਤਰ ਹੀ ਸਿਮਰਨ ਦਾ ਮਾਰਗ ਦਰਸਾਇਆ। ਮਨ ਵਿੱਚ ਹੋਰ ਕੋਈ ਖਾਹਿਸ਼, ਤਿਲ ਮਾਤਰ ਭੀ ਨਹੀਂ:

ਪ੍ਰੇਮ ਭਗਤਿ ਕੈ ਕਾਰਣੈ ਕਹੁ ਰਵਿਦਾਸ ਚਮਾਰ॥

ਸਤਿਗੁਰੂ ਜੀ ਨੇ ਦੱਸਿਆ ਕਿ ਪਿਆਰ ਦਾ ਬੱਧਾ ਨਿਰਾਕਾਰ (ਨਿਰੰਕਾਰ ਪ੍ਰਭੂ), ਕਦੇ ਸਰਗੁਣ ਹੋ ਕੇ ਪਿਆਰਿਆਂ ਨੂੰ ਛਾਤੀ ਨਾਲ ਲਾਉਂਦਾ ਹੈ ਤੇ ਕਦੇ ਉਸ ਦੇ ਪਿਆਰੇ, ਉਸ ਦੇ ਪਿਆਰ ਦੇ ਸਦਕੇ, ਸਦੇਹੀ, ਉਸ ਦੇ ਦੇਸ਼ ਪੁੱਜ ਜਾਂਦੇ ਹਨ। ਪ੍ਰੇਮ ਦੀ ਐਸੀ ਮਹਾਨਤਾ ਹੈ:

ਨਾਮਦੇਵ ਕਹਿਯੇ ਜਾਤਿ ਕੇ ਓਛ।
ਜਾ ਕੋ ਜਸ ਗਾਇਏ ਤ੍ਰਿਲੋਕ॥
ਭਗਤਿ ਹੇਤ ਭਗਤਾ ਕੇ ਚਲੇ।
ਅੰਕਮਾਲ ਲੇ ਬੀਠਲ ਮਿਲੇ॥
ਨਿਰਗੁਣੁ ਕਾ ਗੁਣ ਦੇਖੋ ਆਈ।
ਦੇਹੀ ਸਹਿਤ ਕਬੀਰ ਸਿਧਾਈ॥

ਸਤਿਗੁਰਾਂ ਨੇ ਅਸਾਡੀ ਸਭ ਦੀ ਬਾਂਹ ਪਕੜ ਕੇ ਬੜੇ ਪਿਆਰ ਨਾਲ ਸਮਝਾਇਆ ਕਿ ਨਾਮ ਜਪੋ। ਤੁਸੀਂ ਸਾਰੇ ਪ੍ਰਭੂ-ਬੰਦਗੀ ਕਰਨ ਦੇ ਯੋਗ ਓਂ। ਇਸ ਤੋਂ ਪਹਿਲਾਂ ਤਾਂ ਸਾਰੇ ਪਰ੍ਹਾਂ ਹੋ ਜਾਣ ਨੂੰ ਹੀ ਆਖਦੇ ਸਨ ਤੇ ਪਰ੍ਹਾਂ ਰਹਿਣਾ ਹੀ ਪੈਂਦਾ ਸੀ। ਪਰ, ਸਤਿਗੁਰਾਂ ਤਾਂ ਸਗੋਂ ਸ਼ਰਤ ਰੱਖ ਦਿੱਤੀ ਕਿ ਮੇਰੇ ਦੇਸ਼ ਦੇ ਵਸਨੀਕ ਹੀ ਤਦ ਬਣੋਗੇ, ਜੇ ਬੰਧਨ ਤੋੜ ਕੇ ਆਵੋਂਗੇ:

ਕਹਿ ਰਵਿਦਾਸ ਖਲਾਸ ਚਮਾਰਾ॥
ਜੋ ਹਮ ਸਹਰੀ ਸੋ ਮੀਤੁ ਹਮਾਰਾ॥

ਸ੍ਰੀ ਗੁਰੂ ਜੀ ਨੇ ਆਖਿਆ ਕਿ ਮੁਕਤ ਹੋ ਕੇ ਆਵੋ। ਮੇਰਾ ਦੇਸ਼ ਬੰਧਨਾਂ ਵਿੱਚ ਬੱਝਿਆਂ ਹੋਇਆਂ ਲਈ ਨਹੀਂ। ਬੱਝਿਆਂ ਹੋਇਆਂ ਦਾ ਓਥੇ ਕੋਈ ਦਖ਼ਲ ਨਹੀਂ। ਉਹ ਤਾਂ ਮੁਕਤ ਮਨ-ਆਤਮ-ਾਵਾਂ ਦੀ ਪੁਰੀ ਹੈ। ਓਥੇ ਤਾਂ ਨਾਮ-ਧਨ ਨਾਲ ਭਰੀਆਂ-ਪੂਰੀਆਂ ਆਤਮਾਵਾਂ ਵਸਦੀਆਂ ਹਨ; ਜਿਹੜੀਆਂ ਨੂਰੋ-ਨੂਰ ਹਨ, ਜਿਹੜੀਆਂ ਭਾਰ ਥੱਲੇ ਦੱਬੀਆਂ ਹੋਈਆਂ ਨਹੀਂ -ਚਿੰਤਾ-ਮੁਕਤ ਹਨ; ਹਲਕੀਆਂ -ਫੁੱਲਾਂ ਨਾਲੋਂ ਭੀ ਕਿਤੇ!

ਸੰਗਤ ਦੀ ਬੜੀ ਵੱਡੀ ਵਡਿਆਈ ਦੱਸੀ ਹੈ ਸਤਿਗੁਰਾਂ ਨੇ। ਦੇਖੋ! -ਜੀਵ ਦੇ ਅੰਦਰਲੀ 'ਮੈਂ', ਉਸ ਨੂੰ 'ਤੂੰ' (ਪ੍ਰਭੂ) ਨਹੀਂ ਹੋਣ ਦੇਂਦੀ ਪਰ ਜਦੋਂ ਪਰਮ-ਪਾਰਸ ਸਤਿਗੁਰੂ ਜੀ ਦੀ ਸੰਗਤ ਵਿੱਚ, ਉਨ੍ਹਾਂ ਦੀ ਸੰਗਤ ਦੇ ਪ੍ਰਭਾਵ ਨਾਲ, ਜੀਵ ਦੇ ਅੰਦਰ ਤਬਦੀਲੀ ਆਉਂਦੀ ਹੈ ਤਾਂ ਮਨ ਅੰਦਰ ਪ੍ਰਕਾਸ਼ ਹੁੰਦਾ ਹੈ, ਔਗੁਣ ਸਭ ਨੱਠਦੇ ਹਨ ਤੇ ਪਿੱਛੇ ਕੇਵਲ 'ਤੂੰ' (ਪ੍ਰਭੂ) ਹੀ ਰਹਿ ਜਾਂਦਾ ਹੈ। ਪੂਰਨ ਸੰਤਾਂ ਅੰਦਰ ਸਿਰਫ਼ 'ਉਹੀ' ਹੁੰਦਾ ਹੈ, ਕੇਵਲ ਉਸੇ ਵਾਲੇ ਗੁਣ ਹੀ ਹੈਨ ਤਦੇ ਹੀ ਤਾਂ ਸੰਤ ਪ੍ਰਭੂ ਦਾ ਤਨ ਹਨ:

ਸੰਤ ਅਨੰਤਹਿ ਅੰਤਰੁ ਨਾਹੀ॥

ਹਾਂ! ਤੇ ਜਦੋਂ ਚੰਦਨ ਦੇ ਨੇੜੇ ਇਰੰਡ ਵੀ ਰਵ੍ਹੇ, ਹੌਲੀ-ਹੌਲੀ ਉਸ ਦੀ ਦੁਰਗੰਧ ਭੀ ਚੰਦਨ ਵਾਲੀ ਸੁਗੰਧ ਵਿੱਚ ਤਬਦੀਲ ਹੋ ਜਾਂਦੀ ਹੈ। ਉਸ ਨੇੜਿਓਂ ਭੀ ਚੰਦਨ ਜਿਹੀ ਖ਼ੁਸ਼ਬੋਅ ਆਵਣ ਲਗਦੀ ਹੈ:

ਤੁਮ ਚੰਦਨ ਹਮ ਇਰੰਡ ਬਾਪੁਰੇ ਸੰਗਿ ਤੁਮਾਰੇ ਬਾਸਾ॥
ਨੀਚ ਰੂਖ ਤੇ ਊਛ ਭਏ ਹੈ ਗੰਧ ਸੁਗੰਧ ਨਿਵਾਸਾ॥

ਤਦੇ ਤਾਂ:

ਸਤਸੰਗਤਿ ਮਿਲਿ ਰਹੀਐ ਮਾਧਉ ਜੈਸੇ ਮਧੁਪ ਮਖੀਰਾ॥

ਅਪਾਰ ਪ੍ਰਤਿਭਾ ਵਾਲੇ ਸ੍ਰੀ ਗੁਰੂ ਜੀ ਦੀ ਇਹ ਖ਼ੂਬੀ ਹੈ ਕਿ ਜਦੋਂ ਕਿਸੇ ਦੇ ਦ੍ਰਿੜ੍ਹ ਵਿਚਾਰਾਂ ਨੂੰ ਵੀ ਦਰੁਸਤ ਕਰਨਾ ਵਾਜਬ ਹੁੰਦਾ ਹੈ ਤਾਂ ਵੀ ਆਪਣੀ ਨਿਮਰਤਾ ਅਤੇ ਪਿਆਰ ਭਰੀ ਸ਼ੈਲੀ ਆਪ ਤਿਆਗਦੇ ਨਹੀਂ। ਬੜੇ ਪਿਆਰ, ਸਲੀਕੇ ਅਤੇ ਨਿਮਰਤਾ ਨਾਲ ਉਸ ਨੂੰ ਸ਼ੀਸ਼ਾ ਦਿਖਾਉਂਦੇ ਹਨ। ਉਨ੍ਹਾਂ ਦਾ ਮੰਤਵ ਕੋਈ ਵਾਦ-ਵਿਵਾਦ, ਕਿਸੇ ਵਾਦ-ਵਿਵਾਦ ਵਿੱਚੋਂ ਆਪਣੀ ਸ੍ਰੇਸ਼ਟਤਾ ਸਿੱਧ ਕਰਨਾ ਜਾਂ ਦੂਸਰੇ ਦੇ ਦਿਲ ਨੂੰ ਠੇਸ ਪਹੁੰਚਾਉਣਾ ਨਹੀਂ; ਉਹ ਤਾਂ ਕੇਵਲ ਮਨੁੱਖ ਦੇ ਜੀਵਨ ਨੂੰ ਸਾਵਾਂ-ਸੰਤੁਲਿਤ ਦੇਖਣਾ ਲੋਚਦੇ ਹਨ, ਪੂਰਨ ਸੁਖਮਈ। ਏਥੇ ਭੀ, ਤੇ ਅਗਾਂਹ ਭੀ:

ਭਾਈ ਰੇ! ਰਾਮ ਕਹਾਂ ਹੈ ਮੋਹਿ ਬਤਾਵੋ॥
ਸਤ ਰਾਮ ਤਾ ਕੇ ਨਿਕਟ ਨ ਆਵੋ॥

ਦੇਖੋ! 'ਭਾਈ' ਆਖ ਕੇ ਸੰਬੋਧਿਤ ਹੁੰਦੇ ਹਨ। ਆਖਦੇ ਹਨ, ਮੈਨੂੰ ਦਰਸਾਓ ਤਾਂ ਸਹੀ, ਰਾਮ ਕਿੱਥੇ ਹੈ! ਤੁਹਾਡੇ ਢੰਗ ਨਾਲ ਨਜ਼ਰ ਆਉਂਦਾ ਹੈ? ਭਾਈ ਜੀ! ਇਸ ਤਰ੍ਹਾਂ (ਤੁਹਾਡੇ ਦੁਆਰਾ ਕੀਤੇ ਜਾ ਰਹੇ ਕ੍ਰਿਆ-ਕਲਾਪਾਂ ਰਾਹੀਂ) ਤੁਸੀਂ ਉਸ ਦੇ ਨੇੜੇ ਨਹੀਂ ਹੋ ਸਕਦੇ। ਸੱਚ ਦੀ ਪਛਾਣ ਕਰੋ।

ਕਈ ਵਾਰ ਪਖੰਡੀ ਨੂੰ, ਉਸ ਦੇ ਭੇਖ ਨੂੰ ਮੁੱਖ ਰੱਖ ਕੇ (ਜਿਸ ਨੂੰ ਉਹ ਆਪ ਰੱਬੀ ਭੇਖ ਜਾਣਦਾ ਹੈ), ਉਪਦੇਸ਼ਦੇ ਹਨ ਕਿ ਉਹ ਉਸ ਭੇਖ ਦੀ ਲੱਜਿਆ ਰੱਖਦਾ ਹੀ, ਸਹੀ ਜੀਵਨ-ਜਾਚ ਨੂੰ ਅਪਣਾਅ ਲਵੇ:

ਸੰਤੋ! ਅਨਿਨ ਭਗਤ ਯਹ ਨਾਹੀਂ।

ਹੁਣ ਦੇਖੋ! ਇਸ ਪਾਵਨ ਪੰਕਤੀ ਵਿੱਚ ਜਿਨ੍ਹਾਂ ਨੂੰ ਸੰਬੋਧਨ ਹੈ, ਉਹ ਸਹੀ ਜੀਵਨ-ਜਾਚ ਵਾਲੇ ਨਹੀਂ ਕਿਉਂਕਿ ਗੁਰੂ ਜੀ, ਇਸ ਪਾਵਨ ਪੰਕਤੀ ਵਿੱਚ, ਉਨ੍ਹਾਂ ਦੁਆਰਾ ਚੁਣੇ ਹੋਏ ਰਸਤੇ ਨੂੰ ਨਕਾਰਦੇ ਤੇ ਉਨ੍ਹਾਂ ਨੂੰ ਉਸ ਰਾਹੋਂ ਵਰਜਦੇ, ਸਹੀ ਰਸਤਾ ਦਿਖਾ ਰਹੇ ਨਜ਼ਰ ਆਉਂਦੇ ਹਨ। ਪਰ ਪ੍ਰੇਰਨਾ ਦੇਣ ਵੇਲੇ ਉਨ੍ਹਾਂ ਦੇ ਓਪਰੇ ਭੇਖ ਦਾ ਹਵਾਲਾ ਦੇ ਕੇ ਹੀ ਉਨ੍ਹਾਂ ਨੂੰ ਪ੍ਰੇਰਨਾ ਦਿੰਦੇ ਹਨ। 'ਸੰਤੋ' ਆਖ ਕੇ ਸੰਬੋਧਿਤ ਹੁੰਦੇ ਹਨ। (ਸੰਤ ਹੋਏ ਹੋ ਤਾਂ ਸੰਤਾਂ ਵਾਲਾ ਜੀਵਨ-ਮਾਰਗ ਹੀ ਅਪਨਾਓ!)

ਸੁਹਿਰਦ ਅਤੇ ਆਦਰਸ਼ ਸੱਤਾ ਅਤੇ ਲੋਕ-ਕਲਿਆਣਕਾਰੀ ਸ਼ਾਸਨ-ਪ੍ਰਸ਼ਾਸਨ ਹਿਤ ਗੁਰੂ ਜੀ ਦੀ ਪਵਿੱਤਰ ਰਚਨਾ ਅੰਦਰ ਨਿਵੇਕਲੀਆਂ ਪੈੜਾਂ ਵਿਦਮਾਨ ਹਨ। ਸਤਿਗੁਰੂ ਜੀ ਆਖਦੇ ਹਨ ਕਿ ਸ਼ਾਸਨ ਦਾ ਆਧਾਰ ਸੱਚ ਹੋਵੇ, ਨਿਆਂ ਹੋਵੇ। ਸੱਚ ਅਤੇ ਨਿਆਂ ਨੂੰ ਅੱਖੋਂ ਪਰੋਖੇ ਕਰ ਕੇ, ਅ-ਵਿਵੇਕ ਅਧੀਨ (ਸੱਚ-ਝੂਠ ਦਾ ਨਿਰਣਾ ਕੀਤੇ ਬਿਨਾ) ਕੀਤਾ ਜਾਣ ਵਾਲਾ ਸ਼ਾਸਨ ਕਿਸੇ ਅਰਥ ਨਹੀਂ:

ਰਾਜੇ ਇੰਦ੍ਰ ਸਮਸਰਿ ਗ੍ਰਿਹ ਆਸਨ॥
ਬਿਨੁ ਹਰਿ ਭਗਤਿ ਕਹਹੁ ਕਿਹ ਲੇਖੈ॥

ਗੁਰੂ ਜੀ ਇਹ ਵੀ ਆਖਦੇ ਹਨ ਕਿ ਉਹ ਰਾਜ-ਸ਼ਾਸਨ, ਜਿਸ ਵਿੱਚ ਸਾਰੀ ਮਨੁੱਖਤਾ ਦੇ ਵਿਕਾਸ ਹਿਤ ਸੁਹਿਰਦ ਉਪਰਾਲੇ ਕੀਤੇ ਜਾਣ, ਸਦਾ ਕਾਇਮ ਰਹਿੰਦਾ ਹੈ ਤੇ ਐਸੀ ਸ਼ਾਸਨ ਵਿਵਸਥਾ ਅਧੀਨ ਵਿਚਰਨ ਵਾਲੇ ਸ਼ਹਿਰੀ ਉੱਚੇ ਮੁਕਾਮ ਹਾਸਲ ਕਰਦੇ ਹਨ। ਐਸੇ ਸ਼ਾਸਨ-ਪ੍ਰਸ਼ਾਸਨ ਵਾਲੇ ਖੇਤਰ, ਉਸ ਵਿੱਚ ਰਹਿਣ ਵਾਲੇ ਸ਼ਹਿਰੀਆਂ ਦੀਆਂ ਵਿਲੱਖਣ ਉਪਲਬਧੀਆਂ ਸਦਕਾ ਦੂਰ ਤੱਕ ਪ੍ਰਸਿੱਧੀ ਪ੍ਰਾਪਤ ਕਰਦੇ ਹਨ। ਸਾਰਾ ਜਗਤ ਉਨ੍ਹਾਂ ਸ਼ਹਿਰੀਆਂ ਦੀਆਂ ਪ੍ਰਾਪਤੀਆਂ 'ਤੇ ਮਾਣ ਕਰਦਾ ਹੈ ਤੇ ਉਨ੍ਹਾਂ ਦੇ ਸਾਹਵੇਂ ਕ੍ਰਿਤੱਗ ਹੁੰਦਾ ਹੈ:

ਕਾਇਮੁ ਦਾਇਮੁ ਸਦਾ ਪਾਤਿਸਾਹੀ॥
ਦੋਮ ਨ ਸੇਮ ਏਕ ਸੋ ਆਹੀ॥
ਆਬਾਦਾਨੁ ਸਦਾ ਮਸਹੂਰ॥
ਊਹਾਂ ਗਨੀ ਬਸਹਿ ਮਾਮੂਰ॥

ਇੱਕ ਗੱਲ ਹੋਰ ਵਿਚਾਰਨਯੋਗ ਪ੍ਰਤੀਤ ਹੁੰਦੀ ਹੈ ਕਿ ਉਹ ਲੋਕ ਕਿੰਨੇ ਭਾਗਾਂ ਵਾਲੇ ਸਨ, ਜਿਨ੍ਹਾਂ ਨੂੰ ਪਰਮੇਸ਼ਰ ਸਤਿਗੁਰਾਂ ਦੇ ਪਾਵਨ ਹਜ਼ੂਰ ਡੰਡਉਤ-ਨਮਸਕਾਰਾਂ ਕਰਨ ਦੇ ਸੁਭਾਗ ਪ੍ਰਾਪਤ ਹੋਏ। ਪ੍ਰਮਾਣਿਕ ਇਤਿਹਾਸ ਦੱਸਦਾ ਹੈ ਕਿ ਡੰਡਉਤ-ਨਮਸਕਾਰਾਂ ਕਰਨ ਵਾਲੇ ਉਹ ਲੋਕ ਸਭਸ ਵਰਗਾਂ ਦੇ ਸਨ। ਤਤਕਾਲੀ ਪੁਜਾਰੀ ਵਰਗ ਦੇ ਮੁਖ-ਮੁਖਾਂਤਰ ਭੀ ਉਨ੍ਹਾਂ ਵਿੱਚ ਸਿਰਕੱਢ ਸਨ। ਤੇ ਜ਼ਰਾ ਤੱਕੋ! ਜਿਹੜੇ ਲੋਕ ਪਰਮੇਸ਼ਰ ਸਤਿਗੁਰਾਂ ਪ੍ਰਤੀ ਪੂਰਨ ਸ਼ਰਧਾਵਾਨ ਰਹੇ, ਪ੍ਰੀਤਵਾਨ ਰਹੇ, ਕੀ ਉਹ ਅਸਾਡੀ ਈਰਖਾ ਦੇ ਪਾਤਰ ਹੋ ਸਕਦੇ ਹਨ? ਗੁਰਾਂ ਦੇ ਇਸ ਪਾਵਨ ਜਨਮ ਪੁਰਬ 'ਤੇ ਅਸਾਂ ਵਿਚਾਰਨਾ ਹੈ!

## ਮਾਂ ਦੀ ਹੋਂਦ ਨੂੰ ਸਿਸਕਦੇ ਪਲ!

ਮਾਵਾਂ ਜਿਹੀ ਦਲੀਪ ਕੌਰ ਟਿਵਾਣਾ ਦੇ ਸਦਾ ਲਈ ਤੁਰ ਜਾਣ 'ਤੇ ਦਿਲ ਨੂੰ ਬੜੀ ਖੋਹ ਪਈ ਹੈ। ਬੜੀ ਉੱਥਲ-ਪੁਥਲ ਮਚੀ ਹੈ ਦਿਲ ਅੰਦਰ!

ਗਾਉਂਦੇ ਤਾਂ ਕਈ ਲੋਕ ਹੁੰਦੇ ਹੈਨ ਪਰ ਕਿਸੇ ਦੇ ਹੱਥੀਂ ਛੋਹੀਆਂ ਸੁਰਾਂ, ਸੁਣਨ ਵਾਲੇ ਦੇ ਦਿਲ ਨੂੰ ਟੁੰਬ ਜਾਂਦੀਆਂ ਹਨ, ਹਲੂਣ ਜਾਂਦੀਆਂ ਹਨ -ਵਜਦ ਵਿੱਚ ਲੈ ਜਾਂਦੀਆਂ ਹਨ। ਉਨ੍ਹਾਂ ਵਿਰਲਿਆਂ ਸੁਰਾਂ ਦੇ ਸਿਰਤਾਜਾਂ ਵਰਗੀ ਸੀ ਦਲੀਪ! ਉਸ ਦੀ ਕਲਮ ਦੇ ਲਿਖੇ ਸ਼ਬਦ ਦਿਲ ਨੂੰ ਟੁੰਬਦੇ ਸਨ। ਇਵੇਂ ਜਾਪਦਾ ਸੀ ਜਿਵੇਂ ਰੱਬ ਨੇ ਆਪਣੇ ਹੱਥੀਂ, ਉਸ ਦੇ ਹੱਥ ਕਲਮ ਦੇ ਕੇ, ਉਸ ਨੂੰ ਆਪਣੇ ਘਰੋਂ, ਧਰਤੀ ਉੱਪਰ ਘੱਲਿਆ ਸੀ। ਕਦੇ ਮੈਂ ਉਨ੍ਹਾਂ ਨੂੰ ਪਰਤੱਖ ਤਾਂ ਨਹੀਂ ਦੇਖ ਸਕਿਆਂ, ਜਿਸ ਦਾ ਅਹਿਸਾਸ ਸਾਰੀ ਉਮਰ ਦਿਲ ਨੂੰ ਰਹਿਣਾ ਹੈ, ਪਰ ਉਨ੍ਹਾਂ ਦੀਆਂ ਲਿਖਤਾਂ ਵਿੱਚੋਂ ਜਿੰਨੇ ਕੁ ਉਹ ਦਿਸੇ ਹਨ, ਸੀਰਤ ਦੇ ਬੜੇ ਸੋਹਣੇ ਅਤੇ ਨਿੱਘੇ ਸੁਭਾਅ ਵਾਲੀ ਸੁਆਣੀ ਵਜੋਂ ਦਿਖਾਈ ਪਏ ਹਨ।

ਉਨ੍ਹਾਂ ਦੀ ਕਲਪਨਾ ਦੀ ਉਡਾਰੀ ਬੜੀ ਨਿੱਗਰ ਅਤੇ ਸੱਤਵੇਂ ਅਸਮਾਨ ਤੱਕ ਰਸਾਈ ਵਾਲੀ ਸੀ। ਉਹ ਆਪਣੀ ਨਿਵੇਕਲੀ ਮੌਲਿਕ ਸ਼ੈਲੀ ਵਿੱਚ ਗੱਲ ਆਖ ਕੇ ਆਪਣੇ ਮਨੋਰਥ ਨੂੰ ਬੜੇ ਵਿਲੱਖਣ ਢੰਗ ਨਾਲ ਸਿੱਧ ਕਰ ਲੈਂਦੇ ਸਨ। ਕਲਪਨਾ ਅਤੇ ਮਿਥਿਹਾਸ ਨੂੰ ਸੋਹਣੇ ਤਰੀਕੇ ਨਾਲ ਮੇਲ ਕੇ ਉਨ੍ਹਾਂ ਦਾ ਆਪਣੀ ਗੱਲ ਆਖ ਜਾਣਾ, ਪਾਠਕ ਨੂੰ ਕੀਲ ਲੈਂਦਾ ਸੀ। ਐਸੇ ਕਲਾਕਾਰ ਕਿਸੇ-ਕਿਸੇ ਵਿਰਲੀ ਸਦੀ ਦਾ ਹੀ ਸ਼ਿੰਗਾਰ ਬਣ ਕੇ ਆਉਂਦੇ ਹਨ। ਅਸਾਨੂੰ ਮਾਣ ਜਿਹਾ ਵੀ ਹੈ ਕਿ ਅਸਾਡਾ ਵੀ ਓਸੇ ਸਦੀ ਵਿੱਚ ਜਨਮ ਹੋਇਆ ਹੈ, ਜਿਸ ਸਦੀ ਵਿੱਚ ਉਹ ਸੰਸਾਰ ਵਿੱਚ ਵਿਚਰੇ ਹਨ।

ਉਹ ਐਸੇ ਸਾਹਿਤਕਾਰ ਸਨ, ਜੋ ਧਰਤੀ ਵਿੱਚ ਆਪਣੀਆਂ ਜੜ੍ਹਾਂ ਲਾ ਕੇ ਜੀਵਨ ਤਾਈਂ ਪੀਂਦੇ ਸਨ ਤੇ ਤਦੋਂ ਲੋਕਾਈ 'ਤੇ ਜੀਵਨ ਤ੍ਰੌਂਕਦੇ ਸਨ। ਹੱਥੀਂ ਕਿਰਤ ਕਰਨ ਦੇ ਉਹ ਪੁੰਜ ਸਨ। ਟੀ. ਵੀ. 'ਤੇ ਇੱਕ ਇੰਟਰਵਿਊ ਵਿੱਚ ਉਨ੍ਹਾਂ ਸਾਂਝਾ ਕੀਤਾ ਸੀ ਕਿ ਇੱਕ ਵਾਰ ਉਨ੍ਹਾਂ ਕੋਲ ਪੜ੍ਹਦੀਆਂ ਕੁਝ ਕੁੜੀਆਂ ਉਨ੍ਹਾਂ ਨੂੰ ਮਿਲਣ ਲਈ ਘਰ ਆਈਆਂ ਤਾਂ ਉਹ ਤੱਕ ਕੇ ਹੈਰਾਨ ਹੋ ਗਈਆਂ ਕਿ ਉਸ ਵੇਲ਼ੇ ਦਲੀਪ ਕੌਰ ਹੱਥੀਂ ਕੱਪੜੇ ਧੋ ਰਹੇ ਸਨ। ਹੈਰਾਨੀ ਸੁਭਾਵਕ ਹੀ ਸੀ। ਆਖਣ ਲੱਗੀਆਂ, ਉਤੁਸੀਂ ਆਪਣੇ ਕੱਪੜੇ ਆਪ ਧੋਂਦੇ ਓ!" ਏਡੀ ਵੱਡੀ ਸਾਹਿਤਕਾਰ ਤੇ ਆਪਣੇ ਕੱਪੜੇ ਆਪ ਧੋਵੇ! ਤ

ਦ ਦਲੀਪ ਕੌਰ ਨੇ ਉਨ੍ਹਾਂ ਨਵੀਆਂ ਕੁੜੀਆਂ ਨੂੰ ਹੱਥੀਂ ਕਿਰਤ ਦੀ ਮਹੱਤਤਾ ਦਰਸਾਉਂਦਿਆਂ ਆਖਿਆ ਸੀ ਕਿ ਹੱਥੀਂ ਕੰਮ ਕਰਦਿਆਂ ਸਾਡਾ ਆਪਾ ਵੀ ਨਿੱਖਰਦਾ ਹੈ, ਸਾਡੀ ਸ਼ਖ਼ਸੀਅਤ ਲਿਸ਼ਕਦੀ ਹੈ। ਉਨ੍ਹਾਂ ਕਿਹਾ ਸੀ ਕਿ ਸਿਆਣਪ ਨਾਲੋਂ ਹੁਣ ਚਤੁਰਤਾ ਵਧ ਗਈ ਹੈ।

ਉਨ੍ਹਾਂ ਦੇ ਜਾਣ ਨਾਲ ਪੰਜਾਬੀ ਸਾਹਿਤ ਦਾ ਸੁੱਚਾ ਮੋਤੀ ਕਿਰ ਗਿਆ ਹੈ। ਪੰਜਾਬੀ ਚੇਤਿਆਂ ਵਿੱਚ ਸਦਾ ਉਹ ਵਸਦੇ ਰਹਿਣਗੇ। ਦੂਜੇ ਬੰਨੇ ਕਦੇ ਨਾ ਪੂਰਾ ਹੋਣ ਵਾਲਾ ਖਲਾਅ ਉਨ੍ਹਾਂ ਦੀ ਹੋਂਦ ਨੂੰ ਸਦਾ ਤਾਂਘਦਾ ਰਹੇਗਾ!

**- ਡਾ. ਬਲਵੀਰ ਮੰਨਣ**

# ਪੰਜਾਬ ਦੇ ਅਸਲ ਸੱਚ ਦੀ ਪੇਸ਼ਕਾਰੀ ਕਰੇਗੀ 'ਜ਼ੋਰਾ-ਦਾ ਸੈਕਿੰਡ ਚੈਪਟਰ'

## 'ਬਠਿੰਡੇ ਵਾਲੇ ਬਾਈ ਫਿਲਮਸ' ਤੇ 'ਲਾਊਡ ਰੌਰ ਫ਼ਿਲਮਸ' ਦੀ ਇਹ ਫ਼ਿਲਮ 6 ਮਾਰਚ ਨੂੰ ਹੋਵੇਗੀ ਰਿਲੀਜ਼

ਕਰੀਬ ਤਿੰਨ ਸਾਲ ਪਹਿਲਾਂ ਆਈ, ਪੰਜਾਬੀ ਫ਼ਿਲਮ 'ਜ਼ੋਰਾ' ਦਾ ਸੀਕੁਅਲ 'ਜ਼ੋਰਾ-ਅਧਿਐਨ ਦੋ' 6 ਮਾਰਚ ਨੂੰ ਰਿਲੀਜ਼ ਹੋ ਰਹੀ ਹੈ। ਇਸ ਫ਼ਿਲਮ ਦੇ ਟੀਜ਼ਰ ਨੇ ਹੀ ਸਾਬਤ ਕਰ ਦਿੱਤਾ ਹੈ ਕਿ ਇਹ ਫਿਲਮ ਆਮ ਪੰਜਾਬੀ ਫਿਲਮਾਂ ਨਾਲੋਂ ਬਿਲਕੁਲ ਵੱਖਰੇ ਕਿਸਮ ਦੀ ਫ਼ਿਲਮ ਹੈ। ਪੰਜਾਬ ਦੀਆਂ ਕੁਝ ਸੱਚੀਆਂ ਘਟਨਾਵਾਂ 'ਤੇ ਅਧਾਰਿਤ ਇਸ ਫ਼ਿਲਮ ਦਾ ਲੇਖਕ ਅਤੇ ਨਿਰਦੇਸ਼ਕ ਅਮਰਦੀਪ ਸਿੰਘ ਗਿੱਲ ਹੈ। 'ਜ਼ੋਰਾ' ਫ਼ਿਲਮ ਨਾਲ ਪੰਜਾਬੀ ਫ਼ਿਲਮ ਜਗਤ ਦਾ ਚਰਚਿਤ ਸਿਤਾਰਾ ਬਣਿਆ ਦੀਪ ਸਿੱਧੂ ਇਸ ਫ਼ਿਲਮ ਦਾ ਨਾਇਕ ਹੈ। ਇਸ ਵਾਰ ਉਸ ਨਾਲ ਪੰਜਾਬੀ ਗਾਇਕ ਸਿੰਘਾ ਵੀ ਨਜ਼ਰ ਆਵੇਗਾ। ਉਹ ਇਸ ਫ਼ਿਲਮ ਤੋਂ ਆਪਣੇ ਅਦਾਕਾਰੀ ਸਫ਼ਰ ਦਾ ਆਗਾਜ਼ ਕਰੇਗਾ। ਧਰਮਿੰਦਰ ਵਰਗੇ ਦਿੱਗਜ ਅਦਾਕਾਰ ਸਮੇਤ ਇਸ ਫ਼ਿਲਮ 'ਚ ਮਾਹੀ ਗਿੱਲ, ਜਪੁਜੀ ਖਹਿਰਾ, ਹੌਬੀ ਧਾਲੀਵਾਲ, ਅਸ਼ੀਸ਼ ਦੁੱਗਲ, ਮੁਕੇਸ਼ ਤਿਵਾੜੀ, ਮਹਾਂਵੀਰ ਭੁੱਲਰ, ਯਾਦ ਗਰੇਵਾਲ, ਕੁੱਲ ਸਿੱਧੂ, ਸੋਨਪ੍ਰੀਤ ਜਵੰਧਾ, ਪਾਲੀ ਸੰਧੂ, ਬਲਜੀਤ ਸਿੰਘ, ਅਮਨ, ਕਰਨ ਬਟਨ, ਹਰਿੰਦਰ ਭੁੱਲਰ, ਅੰਮ੍ਰਿਤ ਅੰਬੀ, ਸਤਿੰਦਰ ਕੌਰ, ਦਵਿੰਦਰ ਪੁਰਬਾ ਅਤੇ ਅਸ਼ੋਕ ਤਾਂਗੜੀ ਸਮੇਤ ਕਈ ਹੋਰ ਚਿਹਰੇ ਵੀ ਫ਼ਿਲਮ ਦਾ ਜ਼ਰੂਰੀ ਹਿੱਸਾ ਹਨ।



ਫ਼ਿਲਮ ਦੀ ਟੀਮ ਮੁਤਾਬਕ 'ਜ਼ੋਰਾ' ਵਾਂਗ ਹੁਣ 'ਜ਼ੋਰਾ-ਦਾ ਸੈਕਿੰਡ ਚੈਪਟਰ' ਵੀ ਜ਼ਿੰਦਗੀ ਅਤੇ ਪੰਜਾਬੀ ਸਮਾਜ ਨਾਲ ਜੁੜੀ ਹੋਈ ਫ਼ਿਲਮ ਹੈ। ਸ਼ਹਿਰ ਬਠਿੰਡਾ 'ਚ ਫਿਲਮਾਈ ਗਈ, ਇਸ ਫਿਲਮ ਦੀ ਪਿੱਠਭੂਮੀ ਵੀ ਬਠਿੰਡਾ ਸ਼ਹਿਰ ਨਾਲ ਹੀ ਸਬੰਧਿਤ ਹੈ। ਫਿਲਮ 'ਚ ਕੁਝ ਅਜਿਹੀਆਂ ਘਟਨਾਵਾਂ ਵੀ ਸ਼ਾਮਲ ਹਨ ਜੋ ਹਕੀਕੀ ਤੌਰ 'ਤੇ ਵਾਪਰੀਆਂ ਹਨ। ਇਹ ਫ਼ਿਲਮ ਯਥਾਰਥ ਅਤੇ ਡਰਾਮੇ ਦਾ ਸੁਮੇਲ ਕਹੀ ਜਾ ਸਕਦੀ ਹੈ। ਇਸ ਫਿਲਮ ਦੇ ਕਈ ਪਾਤਰ ਵੀ ਅਸਲ ਜ਼ਿੰਦਗੀ 'ਚੋਂ ਲਏ ਗਏ ਹਨ। ਇਸ ਫ਼ਿਲਮ ਦਾ ਐਕਸ਼ਨ ਅਤੇ ਡਾਇਲਾਗ ਇਸ ਦੀ ਜ਼ਿੰਦਜਾਨ ਕਹੇ ਜਾ ਸਕਦੇ ਹਨ। 'ਬਠਿੰਡੇ ਵਾਲੇ ਬਾਈ ਫਿਲਮਸ' ਅਤੇ 'ਲਾਊਡ ਰੌਰ' ਫ਼ਿਲਮਸ' ਦੀ ਪੇਸ਼ਕਸ਼ ਨਿਰਮਾਤਾ ਹਰਪ੍ਰੀਤ ਸਿੰਘ ਦੇਵਗਨ, ਮਨਦੀਪ ਸਿੰਘ ਸਿੱਧੂ, ਜੈਰੀ ਬਰਾੜ, ਵਿਮਲ ਚੋਪੜਾ ਅਤੇ ਅਮਰਿੰਦਰ ਸਿੰਘ ਰਾਜੂ ਦੀ ਇਸ ਫਿਲਮ ਦਾ ਸੰਗੀਤ ਵੀ ਜਿਥੇ ਫਿਲਮ ਨੂੰ ਪ੍ਰਭਾਵਸ਼ਾਲੀ ਬਣਾਏਗਾ, ਉਥੇ ਦਰਸ਼ਕਾਂ ਨੂੰ ਬੇਹੂਦਾ ਗਾਇਕੀ ਤੇ ਸੰਗੀਤ ਤੋਂ ਰਾਹਤ ਹੀ ਦੇਵੇਗਾ। ਫ਼ਿਲਮ ਦੇ ਲੇਖਕ ਅਤੇ ਨਿਰਦੇਸ਼ਕ ਅਮਰਦੀਪ ਸਿੰਘ ਗਿੱਲ ਮੁਤਾਬਕ ਇਹ ਫ਼ਿਲਮ ਦਰਸ਼ਕਾਂ ਦਾ ਭਰਪੂਰ ਮਨੋਰੰਜਨ ਕਰਨ ਦਾ ਦਮ ਰੱਖਦੀ ਹੈ। ਇਹ ਫਿਲਮ ਭਾਵੇਂ ਐਕਸ਼ਨ ਡਰਾਮਾ ਫ਼ਿਲਮ ਹੈ ਪਰ ਇਹ ਫਿਲਮ ਸਿਰਫ ਨੌਜਵਾਨਾਂ ਦੀ ਨਾ ਹੋ ਕੇ ਸੁਮੱਚੇ ਪਰਿਵਾਰਾਂ ਦੀ ਫ਼ਿਲਮ ਹੈ। ਇਹ ਫਿਲਮ ਪੰਜਾਬ ਦੇ ਕਈ ਰੰਗਾਂ ਨੂੰ ਪਰਦੇ 'ਤੇ ਪੇਸ਼ ਕਰਦੀ ਹੈ। ਮੁੰਬਈਆ ਫਿਲਮਾਂ ਤੋਂ ਉਕਤਾ ਚੁੱਕੇ ਦਰਸ਼ਕਾਂ ਲਈ ਇਹ ਨਿਰੋਲ ਰੂਪ 'ਚ ਪੰਜਾਬੀ ਫਿਲਮ ਹੋਵੇਗੀ, ਜਿਸ 'ਚ ਪੰਜਾਬੀਆਂ ਦਾ ਖਾਕਾ ਪੇਸ਼ ਹੋਵੇਗਾ।

**-ਗੁਰਬਾਜ ਗਿੱਲ 98723-62507**

## ਅੰਤਰਰਾਸ਼ਟਰੀ ਮਾਂ ਬੋਲੀ ਦਿਵਸ ਸਬੰਧੀ ਵਿਸ਼ੇਸ਼

# ਵਿਸ਼ਵ ਵਿੱਚ ਲੱਗਭੱਗ 7000 ਬੋਲੀਆਂ, ਅੱਧੀਆ ਤੇ ਖਤਮ ਹੋਣ ਦਾ ਖਤਰਾ

ਮਾਂ ਬੋਲੀ ਹਰ ਵਿਅਕਤੀ ਦੀ ਪਹਿਚਾਣ ਦੀ ਪਹਿਲੀ ਨਿਸ਼ਾਨੀ ਹੁੰਦੀ ਹੈ। ਮਾਂ ਬੋਲੀ ਇੱਕ ਅਜਿਹੀ ਵਿਰਾਸਤ ਹੁੰਦੀ ਹੈ ਜਿਸਨੂੰ ਕਦੇ ਵੀ ਕੋਈ ਖੋਹ ਜਾਂ ਚੋਰੀ ਨਹੀਂ ਕਰ ਸਕਦਾ ਹੈ। ਮਾਂ ਬੋਲੀ ਹਰ ਸਮਾਜ ਦੀ ਉਹ ਬੋਲੀ ਹੁੰਦੀ ਹੈ ਜਿਸ ਵਿੱਚ ਉਸ ਸਮਾਜ ਦੇ ਲੋਕ ਅਪਣੀ ਗੱਲ ਬਾਤ ਇੱਕ ਦੂਜੇ ਨੂੰ ਚੰਗੀ ਤਰਾਂ ਅਤੇ ਪ੍ਰਭਾਵਸ਼ਾਲੀ ਤਰੀਕੇ ਨਾਲ ਦੱਸ ਅਤੇ ਸਮਝਾ ਸਕਦੇ ਹਨ। ਹਰ ਸਮਾਜ ਦੇ ਵਿਕਾਸ ਵਿੱਚ ਮਾਂ ਬੋਲੀ ਦਾ ਵਿਸ਼ੇਸ਼ ਮਹੱਤਵ ਹੁੰਦਾ ਹੈ। ਕਈ ਵਾਰ ਮਨੁਖੀ ਅਧਿਕਾਰਾਂ ਦੀ ਉਲੰਘਣਾਂ ਵਾਂਗ ਹੀ ਮਾਂ ਬੋਲੀ ਨੂੰ ਖਤਮ ਕਰਨ ਲਈ ਹੁੰਦੇ ਹਮਲੇ ਵੀ ਚਰਚਾ ਵਿੱਚ ਰਹਿੰਦੇ ਹਨ। ਇਸ ਤਰਾਂ ਦਾ ਹੀ ਮਾਮਲਾ ਸਾਡੇ ਗੁਆਂਢੀ ਮੁਲਕ ਬੰਗਲਾ ਦੇਸ਼ ਵਿੱਚ ਸਾਹਮਣੇ ਆਇਆ। 1947 ਵਿੱਚ ਭਾਰਤ ਦੀ ਵੰਡ ਹੋਣ ਤੋਂ ਬਾਦ ਪਾਕਿਸਤਾਨ ਨੇ ਪੂਰਬੀ ਪਾਕਿਸਤਾਨ (ਹੁਣ ਬੰਗਲਾ ਦੇਸ਼) ਵਿੱਚ ਵੀ ਬਾਕੀ ਭਾਸਾਵਾਂ ਨੂੰ ਅਣਗੋਲਿਆਂ ਕਰਕੇ ਰਾਸ਼ਟਰੀ ਭਾਸ਼ਾ ਉਰਦੂ ਨੂੰ ਹੀ ਸੱਖਤੀ ਨਾਲ ਲਾਗੂ ਕਰ ਦਿੱਤਾ ਜਦਕਿ ਉਸ ਇਲਾਕੇ ਦੇ ਬਹੁਤੇ ਲੋਕ ਬੰਗਾਲੀ ਭਾਸ਼ਾ ਨੂੰ ਹੀ ਤਰਜੀਹ ਦਿੰਦੇ ਸਨ। 1952 ਵਿੱਚ ਸਰਕਾਰ ਨੇ ਜਦੋਂ ਬਾਕੀ ਭਾਸਾਵਾਂ ਤੇ ਪਾਬੰਦੀ ਹੀ ਲਗਾ ਦਿੱਤੀ ਤਾਂ ਢਾਕਾ ਯੂਨੀਵਰਸਿਟੀ ਦੇ ਵਿਦਿਆਰਥੀਆਂ ਅਤੇ ਆਮ ਲੋਕਾਂ ਨੇ ਅੰਦੋਲਨ ਸੂਰੂ ਕਰ ਦਿੱਤਾ ਜਿਸਨੂੰ ਰੋਕਣ ਲਈ ਪੁਲਿਸ ਨੇ ਗੋਲੀ ਚਲਾਈ ਜਿਸ ਵਿੱਚ ਕਈ ਵਿਅਕਤੀ ਮਾਰੇ ਗਏ। ਅਪਣੀ ਮਾਂ ਬੋਲੀ ਦੇ ਹੱਕ ਲਈ ਲੜਦੇ ਸ਼ਹੀਦਾਂ ਦੀ ਯਾਦਗਾਰ ਵਿੱਚ ਇਸ ਦਿਨ ਨੂੰ ਵਿਸ਼ੇਸ਼ ਤੋਰ ਤੇ ਯਾਦ ਕੀਤਾ ਜਾਂਦਾ ਹੈ। ਮਾਂ ਬੋਲੀ ਦੀ ਮਹੱਤਤਾ ਨੂੰ ਸਮਝਦੇ ਹੋਏ ਯੂਨੈਸਕੋ ਮਹਾਂਸਭਾ ਨੇ 1999 ਵਿੱਚ ਇੱਕ ਮਤਾ ਪਾਸ ਕਰਕੇ ਹਰ ਸਾਲ 21 ਫਰਵਰੀ ਦਾ ਦਿਨ ਅੰਤਰਰਾਸ਼ਟਰੀ ਮਾਂ ਬੋਲੀ ਦਿਵਸ ਦੇ ਤੋਰ ਤੇ ਮਨਾਉਣ ਦਾ ਫੈਸਲਾ ਕੀਤਾ ਅਤੇ ਹੁਣ ਹਰ ਸਾਲ 21 ਫਰਵਰੀ ਨੂੰ ਅੰਤਰਰਾਸ਼ਟਰੀ ਮਾਂ ਬੋਲੀ ਦਿਵਸ ਵਜੋਂ ਮਨਾਇਆ ਜਾਂਦਾ। ਇਸ ਦਿਨ ਸਰਕਾਰੀ ਅਤੇ ਗੈਰ ਸਰਕਾਰੀ ਪੱਧਰ ਤੇ ਪ੍ਰੋਗਰਾਮ ਆਯੋਜਿਤ ਕੀਤੇ ਜਾਂਦੇ ਹਨ। ਇਸ ਸਾਲ ਦਾ ਅੰਤਰਰਾਸ਼ਟਰੀ ਮਾਂ ਬੋਲੀ ਦਿਵਸ ਦਾ ਮੁੱਖ ਵਿਸ਼ਾ ਸਵਦੇਸ਼ੀ ਭਾਸ਼ਾਵਾਂ ਵਿਕਾਸ, ਸ਼ਾਂਤੀ ਨਿਰਮਾਣ ਅਤੇ ਮੇਲ ਮਿਲਾਪ ਲਈ ਮਹੱਤਵਪੂਰਨ ਹਨ। ਵਿਸ਼ਵ ਵਿੱਚ ਲੱਗਭੱਗ 7000 ਬੋਲੀਆਂ ਅਤੇ ਭਾਸ਼ਾਵਾਂ ਹਨ ਜਿਨ੍ਹਾਂ ਵਿੱਚੋਂ ਅੱਧੀਆ ਤੇ ਖਤਮ ਹੋਣ ਦਾ ਖਤਰਾ ਮੰਡਰਾ ਰਿਹਾ ਹੈ। ਇਸਦਾ ਮੁੱਖ ਕਾਰਨ ਹੈ ਕਿ ਜਨਤਕ ਖੇਤਰ ਅਤੇ ਸਿੱਖਿਆ ਪ੍ਰਣਾਲੀ ਦੇ ਖੇਤਰ ਵਿੱਚ ਸਿਰਫ ਗਿਣਤੀ ਦੀਆਂ ਭਾਸ਼ਾਵਾਂ ਨੂੰ ਹੀ ਵਰਤਿਆ ਜਾਂਦਾ ਹੈ ਅਤੇ ਮੋਜੂਦਾ ਡੀਜਟਿਲ ਯੁੱਗ ਵਿੱਚ ਇਨ੍ਹਾਂ ਦੀ ਗਿਣਤੀ ਤਾਂ ਸੋ ਤੋਂ ਵੀ ਘੱਟ ਗਈ ਹੈ। ਪੰਜਾਬੀ ਬੋਲੀ ਜੋਕਿ ਸਦੀਆਂ ਪੁਰਾਣੀ ਹੈ ਦੀ ਵਰਤੋਂ ਸਿਰਫ ਪੰਜਾਬ ਅਤੇ ਭਾਰਤ ਵਿੱਚ ਹੀ ਨਹੀਂ ਸਗੋਂ ਦੇਸ਼ ਵਿਦੇਸ ਦੇ ਵੱਖ ਵੱਖ ਹਿੱਸਿਆਂ ਵਿੱਚ ਰਹਿੰਦੇ ਲੋਕਾਂ ਵਲੋਂ ਮਾਣ ਸਤਿਕਾਰ ਨਾਲ ਕੀਤੀ ਜਾਂਦੀ ਹੈ। ਬੋਲੀਆਂ ਸਬੰਧੀ ਵਿਸ਼ਵ ਵਿਗਿਆਨਕੋਸ਼ ਐਥਨੋਲੋਗ 2005 ਅਨੁਸਾਰ ਪੰਜਾਬੀ ਨੂੰ ਲੱਗਭੱਗ 8.8 ਕਰੋੜ ਲੋਕ ਵਰਤਦੇ ਹਨ ਅਤੇ ਪੂਰੇ ਸੰਸਾਰ ਵਿੱਚ ਵਰਤੀਆਂ ਜਾਣ ਵਾਲੀਆਂ ਭਾਸ਼ਾਵਾਂ ਵਿੱਚ ਇਹ 10ਵੇਂ ਨੰਬਰ ਤੇ ਹੈ। ਸਾਡੇ ਗੁਆਂਢੀ ਮੁੱਲਕ ਪਾਕਿਸਤਾਨ ਵਿੱਚ ਲੱਗਭੱਗ 60 ਫਿਸਦੀ ਲੋਕ ਅਤੇ ਭਾਰਤ ਵਿੱਚ 2.73 ਫਿਸਦੀ ਲੋਕ ਪੰਜਾਬੀ ਦੀ ਹੀ ਵਰਤੋਂ ਕਰਦੇ ਹਨ। ਇਸਤੋਂ ਇਲਾਵਾ ਇੰਗਲੈਂਡ, ਅਮਰੀਕਾ, ਅਸਟ੍ਰੇਲੀਆ ਆਦਿ ਵਿੱਚ ਵੀ ਬਹੁਤੇ ਲੋਕਾਂ ਵਲੋਂ ਪੰਜਾਬੀ ਦੀ ਹੀ ਵਰਤੋਂ ਕੀਤੀ ਜਾਂਦੀ ਹੈ। ਇਹ ਭਾਰਤੀ ਅਤੇ ਪਾਕਿਸਤਾਨੀ ਪੰਜਾਬ ਸੂਬੇ ਦੀ ਸਰਕਾਰੀ ਭਾਸਾ ਹੈ ਅਤੇ ਭਾਰਤ ਦੇ ਹੀ ਕਈ ਹੋਰ ਰਾਜਾਂ ਵਿੱਚ ਦੂਜੀ ਅਤੇ ਤੀਜੀ ਭਾਸਾ ਦਾ ਦਰਜਾ ਹਾਸਲ ਹੈ। ਪੰਜਾਬ ਸੂਬਾ ਜਿਸਦੀ ਸਥਾਪਨਾ ਹੀ ਪੰਜਾਬੀ ਭਾਸ਼ਾ ਦੇ ਨਾਮ ਤੇ ਹੋਈ ਹੈ ਵਿੱਚ ਇਹ ਭਾਸ਼ਾ ਅਜੇ ਵੀ ਬਣਦਾ ਮਾਣ ਸਤਿਕਾਰ ਪ੍ਰਾਪਤ ਨਾਂ ਕਰ ਸਕੀ। ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਵਿੱਚ ਲੋਕਾਂ ਦੇ ਸੰਘਰਸ ਤੋਂ ਬਾਦ ਅਜੇ ਤੱਕ ਵੀ ਪੰਜਾਬੀ ਭਾਸ਼ਾ ਨੂੰ ਸਰਕਾਰੀ ਭਾਸ਼ਾ ਦਾ ਦਰਜਾ ਹਾਸਲ ਨਹੀਂ ਹੋਇਆ ਹੈ ਅਤੇ ਅਜੇ ਤੱਕ ਅੰਗਰੇਜੀ ਹੀ ਕਾਬਜ ਹੈ। ਵਰਣਨਯੋਗ ਹੈ ਕਿ ਪੰਜਾਬ ਵਿੱਚ ਪੰਜਾਬੀ ਨੂੰ ਪ੍ਰਫੁਲਿਤ ਕਰਨ ਲਈ ਪੰਜਾਬੀ ਭਾਸ਼ਾ ਦਾ ਦਫਤਰੀ ਆਰੰਭ ਰਿਆਸਤ




ਪਟਿਆਲਾ ਵਿੱਚ 01 ਜਨਵਰੀ 1948 ਨੂੰ ਹੋਇਆ ਜਦੋਂ ਸਿਖਿੱਆ ਵਿਭਾਗ ਵਿੱਚ ਪੰਜਾਬੀ ਭਾਸ਼ਾ ਦਾ ਸੈਕਸ਼ਨ ਬਣਾਇਆ ਗਿਆ ਜੋਕਿ ਮਗਰੋਂ ਪੰਜਾਬੀ ਵਿਭਾਗ ਹੀ ਬਣ ਗਿਆ। ਪੈਪਸੂ ਸਰਕਾਰ ਦਾ ਪਹਿਲਾ ਬਜ਼ਟ ਜੋਕਿ 13 ਅਪ੍ਰੈਲ 1949 ਨੂੰ ਤਿਆਰ ਹੋਇਆ ਸੀ ਪੰਜਾਬੀ ਵਿੱਚ ਹੀ ਤਿਆਰ ਕੀਤਾ ਗਿਆ। ਪੰਜਾਬ ਰਾਜ ਪੁਨਰਗਠਨ ਤੋਂ ਬਾਦ ਪੰਜਾਬ ਰਾਜ ਭਾਸ਼ਾ ਐਕਟ 1967 ਵਿੱਚ ਬਣਾਇਆ ਗਿਆ ਜਿਸ ਅਨੁਸਾਰ ਸਰਕਾਰ ਦੇ ਸਾਰੇ ਦਫਤਰਾ ਵਿੱਚ ਪੰਜਾਬੀ ਵਿੱਚ ਕੰਮ ਕਰਨਾ ਜਰੂਰੀ ਹੈ। 05 ਨਵੰਬਰ 2008 ਨੂੰ ਇਸ ਐਕਟ ਵਿੱਚ ਸੋਧ ਕੀਤੀ ਗਈ ਜਿਸ ਅਨੁਸਾਰ ਸਾਰੇ ਦਫ਼ਤਰਾਂ, ਸਰਕਾਰੀ ਖੇਤਰ ਦੇ ਅਦਾਰਿਆਂ, ਬੋਰਡਾਂ, ਬਾਡੀਜ਼ ਅਤੇ ਰਾਜ ਦੇ ਸਕੂਲਾਂ, ਕਾਲਜ਼ਾਂ ਅਤੇ ਯੂਨੀਵਰਸਿਟੀਆਂ ਦੇ ਦਫ਼ਤਰਾਂ ਵਿੱਚ ਸਾਰਾ ਕੰਮਕਾਜ ਪੰਜਾਬੀ ਵਿੱਚ ਕਰਨਾ ਜਰੂਰੀ ਹੈ। ਡਾਇਰੈਕਟਰ ਭਾਸ਼ਾ ਵਿਭਾਗ ਪੰਜਾਬ ਜਾਂ ਉਸਦੇ ਅਧੀਨ ਇਸ ਮੰਤਵ ਲਈ ਉਸ ਵੱਲੋਂ ਨਾਮਜ਼ਦ ਕੀਤੇ ਗਏ ਅਫ਼ਸਰਾਂ ਕੋਲ ਇਸ ਐਕਟ ਦੀਆਂ ਧਾਰਾਵਾਂ 3 ਅਤੇ 3-ਬੀ ਦੀ ਪਾਲਣਾ ਦਾ ਪਤਾ ਲਗਾਉਣ ਵਾਸਤੇ ਨਿਰਿਖਣ ਕਰਨ ਦਾ ਅਧਿਕਾਰ ਹੈ। ਇਸ ਐਕਟ ਦੀ ਸਮੀਖਿੱਆ ਅਤੇ ਅਮਲ ਨੂੰ ਯਕੀਨੀ ਬਣਾਉਣ ਲਈ ਇੱਕ ਰਾਜ ਪੱਧਰੀ ਕਮੇਟੀ ਬਣਾਈ ਗਈ ਹੈ ਜਿਸ ਵਿੱਚ ਸਿੱਖਿਆ ਮੰਤਰੀ ਪੰਜਾਬ ਨੂੰ ਚੇਅਰਪਰਸਨ, ਡਾਇਰੈਕਟਰ ਭਾਸ਼ਾ ਵਿਭਾਗ ਨੂੰ ਕਨਵੀਨਰ ਬਣਾਇਆ ਗਿਆ ਹੈ ਅਤੇ ਇਸ ਤੋਂ ਇਲਾਵਾ ਮੀਡੀਆ ਸਲਾਹਕਾਰ/ਮੁੱਖ ਮੰਤਰੀ ਜਾਂ ਮੁੱਖ ਮੰਤਰੀ ਵੱਲੋਂ ਨਾਮਜ਼ਦ ਨੁਮਾਇੰਦਾ, ਐਡਵੋਕੇਟ ਜਨਰਲ ਪੰਜਾਬ ਜਾਂ ਉਨ੍ਹਾਂ ਦਾ ਨੁਮਾਇੰਦਾ, ਸਕੱਤਰ ਸਕੂਲ ਸਿੱਖਿਆ, ਸਕੱਤਰ ਉਚੇਰੀ ਸਿੱਖਿਆ, ਕਾਨੂੰਨੀ ਮਸ਼ੀਰ ਅਤੇ ਸਕੱਤਰ ਪੰਜਾਬ ਸਰਕਾਰ, ਰਾਜ ਸਰਕਾਰ ਵੱਲੋਂ ਨਾਮਜ਼ਦ ਸਾਹਿਤ ਸਭਾਵਾਂ ਦੇ ਦੋ ਨੁਮਾਇੰਦੇ, ਰਾਜ ਸਰਕਾਰ ਵੱਲੋਂ ਨਾਮਜ਼ਦ ਪੰਜਾਬੀ ਪ੍ਰੈਸ ਨਾਲ ਜੁੜੇ ਤਿੰਨ ਉੱਘੇ ਪ੍ਰਤੀਨਿਧ, ਰਾਜ ਸਰਕਾਰ ਵੱਲੋਂ ਨਾਮਜ਼ਦ ਚਾਰ ਜਨਤਕ ਨੁਮਾਇੰਦੇ ਆਦਿ ਨੂੰ ਮੈਂਬਰ ਬਣਾਇਆ ਗਿਆ ਹੈ। ਇਹ ਰਾਜ ਪੱਧਰੀ ਅਧਿਕਾਰਤ ਕਮੇਟੀ ਹਰ ਛੇ ਮਹੀਨਿਆਂ ਵਿੱਚ ਘੱਟੋ ਘੱਟ ਇੱਕ ਮੀਟਿੰਗ ਕਰੇਗੀ। ਇਸ ਰਾਜ ਪੱਧਰੀ ਕਮੇਟੀ ਨੂੰ ਜ਼ਿਲ੍ਹਾਂ ਪੱਧਰੀ ਕਮੇਟੀ ਨੂੰ ਨਿਰਦੇਸ਼ ਦੇਣ ਦਾ ਅਧਿਕਾਰ ਹੈ। ਹਰ ਜ਼ਿਲ੍ਹੇ ਵਿੱਚ ਜ਼ਿਲ੍ਹਾ ਪੱਧਰੀ ਅਧਿਕਾਰਤ ਕਮੇਟੀ ਵੀ ਬਣਾਈ ਜਾਵੇਗੀ ਜਿਸ ਵਿੱਚ ਮੁੱਖ ਮੰਤਰੀ ਵੱਲੋਂ ਨਾਮਜ਼ਦ ਸਬੰਧਤ ਜ਼ਿਲ੍ਹੇ ਦੇ ਮੰਤਰੀ ਜਾਂ ਵਿਧਾਇਕ ਨੂੰ ਚੇਅਰਪਰਸਨ, ਡਿਪਟੀ ਕਮਿਸ਼ਨਰ ਨੂੰ ਵਾਇਸ ਚੇਅਰਮੈਨ ਅਤੇ ਜ਼ਿਲ੍ਹਾ ਭਾਸ਼ਾ ਅਫ਼ਸਰ ਨੂੰ ਕਨਵੀਨਰ ਬਣਾਇਆ ਗਿਆ ਹੈ। ਇਸ ਤੋਂ ਇਲਾਵਾ ਜ਼ਿਲ੍ਹਾ ਸਿੱਖਿਆ ਅਫ਼ਸਰ, ਰਾਜ ਸਰਕਾਰ ਵੱਲੋਂ ਨਾਮਜ਼ਦ ਜ਼ਿਲ੍ਹੇ ਵਿੱਚੋਂ ਪੰਜਾਬੀ ਸਾਹਿਤਕਾਰਾਂ ਦੇ ਦੋ ਪ੍ਰਤੀਨਿਧ, ਰਾਜ ਸਰਕਾਰ ਵੱਲੋਂ ਨਾਮਜ਼ਦ ਪੰਜਾਬੀ ਪ੍ਰੈਸ ਦੇ ਤਿੰਨ ਨੁਮਾਇੰਦੇ, ਜ਼ਿਲ੍ਹਾ ਲੋਕ ਸੰਪਰਕ ਅਫ਼ਸਰ, ਰਾਜ ਸਰਕਾਰ ਵੱਲੋਂ ਨਾਮਜ਼ਦ ਦੋ ਜਨਤਕ ਨੁਮਾਇੰਦੇ, ਜ਼ਿਲ੍ਹਾ ਅਟਾਰਨੀ ਆਦਿ ਨੂੰ ਮੈਂਬਰ ਬਣਾਇਆ ਗਿਆ ਹੈ। ਇਹ ਜ਼ਿਲ੍ਹਾ ਪੱਧਰੀ ਅਧਿਕਾਰਤ ਕਮੇਟੀ ਰਾਜ ਸਰਕਾਰ, ਸਰਕਾਰੀ ਖੇਤਰ ਦੇ ਅਦਾਰਿਆਂ, ਬੋਰਡਾਂ ਅਤੇ ਲੋਕਲ ਬਾਡੀਜ਼ ਅਤੇ ਸਕੂਲਾਂ, ਕਾਲਜ਼ਾਂ ਤੇ ਯੂਨੀਵਰਸਿਟੀਆਂ ਦੇ ਦਫ਼ਤਰਾਂ ਵਿੱਚ ਇਸ ਐਕਟ ਦੀਆਂ ਧਾਰਾਵਾਂ ਤੇ ਅਮਲ ਦੀ ਸਮੀਖਿਆਂ ਕਰੇਗੀ ਅਤੇ ਰਾਜ ਪੱਧਰੀ ਅਧਿਕਾਰਤ ਕਮੇਟੀ ਨੂੰ ਆਪਣੀ ਰਿਪੋਰਟ ਭੇਜੇਗੀ। ਜ਼ਿਲ੍ਹਾ ਪੱਧਰੀ ਅਧਿਕਾਰਤ ਕਮੇਟੀ ਹਰ ਦੋ ਮਹੀਨਿਆਂ ਵਿੱਚ ਇੱਕ ਮੀਟਿੰਗ ਕਰੇਗੀ। ਜੇਕਰ ਕੋਈ ਅਧਿਕਾਰੀ ਜਾਂ ਕਰਮਚਾਰੀ ਇਸ ਐਕਟ ਦੀਆਂ ਧਾਰਾਵਾਂ ਜਾਂ ਇਹਨਾਂ ਤਹਿਤ ਕੀਤੇ ਨੋਟੀਫਿਕੇਸ਼ਨਾਂ ਦੀ ਵਾਰ-ਵਾਰ ਉਲੰਘਣਾ ਕਰਦਾ ਪਾਇਆ ਗਿਆ ਤਾਂ ਪੰਜਾਬ ਸਿਵਲ ਸੇਵਾਵਾਂ (ਦੰਡ ਅਤੇ ਅਪੀਲ) ਨਿਯਮ,1970 ਦੇ ਤਹਿਤ ਕਾਰਵਾਈ ਕੀਤੀ ਜਾ ਸਕਦੀ ਹੈ। ਚਿੰਤਾ ਦੀ ਗੱਲ ਹੈ ਕਿ ਪੰਜਾਬ ਰਾਜ ਭਾਸ਼ਾ ਐਕਟ ਪਾਸ ਕਰਨ ਤੋਂ ਬਾਅਦ ਵੀ ਪੰਜਾਬੀ ਭਾਸ਼ਾ ਨੂੰ ਰਾਜ ਪੱਧਰ ਤੇ ਪੂਰੀ ਤਰ੍ਹਾਂ ਲਾਗੂ ਕਿਉਂ ਨਹੀਂ ਕੀਤਾ ਜਾ ਸਕਿਆ ਹੈ। ਪੰਜਾਬ ਰਾਜ ਭਾਸ਼ਾ ਐਕਟ ਦੀ ਉਲੰਘਣਾ ਕਰਨ ਵਾਲੇ ਨੂੰ ਸਜ਼ਾ ਵੀ ਹੋ ਸਕਦੀ ਹੈ ਪਰ ਅੱਜ ਤੱਕ ਇਸ ਐਕਟ ਤਹਿਤ ਸਜ਼ਾ ਨਹੀਂ ਹੋਈ ਹੈ ਜਿਸ ਤੋਂ ਪਤਾ ਲੱਗਦਾ ਹੈ ਕਿ ਇਹ ਐਕਟ ਕੇਵਲ ਕਾਗਜ਼ੀ ਹੀ ਹੈ।



ਕੁਲਦੀਪ ਚੰਦ
91-9417563054

ਪੰਜਾਬ ਅਤੇ ਪੰਜਾਬੀਆਂ ਦੀ ਅਗਵਾਈ ਕਰਨ ਵਾਲੀਆਂ ਬਹੁਤੀਆਂ ਰਾਜਸੀ ਪਾਰਟੀਆਂ ਨੇ ਆਪਣੇ ਚੋਣ ਮੈਨੀਫੈਸਟੋ ਤੱਕ ਵੀ ਪੰਜਾਬੀ ਵਿੱਚ ਨਹੀਂ ਬਣਾਏ ਹਨ, ਬਹੁਤੇ ਪੰਜਾਬੀ ਮੰਤਰੀ ਤਾਂ ਵਿਧਾਨ ਸਭਾ, ਲੋਕ ਸਭਾ, ਰਾਜ ਸਭਾ ਵਿੱਚ ਅਪਣੀ ਸਹੁੰ ਵੀ ਪੰਜਾਬੀ ਵਿੱਚ ਨਹੀਂ ਚੁੱਕਦੇ ਹਨ। ਬਹੁਤੇ ਮੰਤਰੀਆਂ, ਵਿਧਾਇਕਾਂ, ਸਰਕਾਰੀ ਅਫਸਰਾਂ ਦੇ ਬੱਚੇ ਮਹਿੰਗੇ ਅੰਗਰੇਜ਼ੀ ਸਕੂਲਾਂ ਵਿੱਚ ਪੜ੍ਹਦੇ ਹਨ ਜਿੱਥੇ ਕਿ ਪੰਜਾਬੀ ਭਾਸ਼ਾ ਦਾ ਨਾਮੋ ਨਿਸ਼ਾਨ ਤੱਕ ਨਹੀਂ ਹੁੰਦਾ ਤਾਂ ਫਿਰ ਅਜਿਹੇ ਰਾਜਸੀ ਨੇਤਾ ਅਤੇ ਅਫ਼ਸਰ ਪੰਜਾਬੀ ਭਾਸ਼ਾ ਨੂੰ ਕਿਵੇਂ ਰਾਜ ਪੱਧਰ ਤੇ ਲਾਗੂ ਕਰਨ ਵਿੱਚ ਦਿਲਚਸਪੀ ਲੈ ਸਕਦੇ ਹਨ। ਹਾਲਾਤ ਇੱਥੋ ਤੱਕ ਮਾੜੇ ਹਨ ਕਿ ਪੰਜਾਬ ਵਿੱਚ ਲੱਗੇ ਹੋਏ ਬਹੁਤੇ ਸਰਕਾਰੀ ਅਤੇ ਗੈਰ ਸਰਕਾਰੀ ਬੋਰਡ ਵੀ ਪੰਜਾਬੀ ਵਿੱਚ ਨਹੀਂ ਹਨ ਅਤੇ ਜਦੋਂ ਪੰਜਾਬੀ ਭਾਸਾ ਦੀ ਵਰਤੋਂ ਲਈ ਕੁੱਝ ਵਿਅਕਤੀਆਂ ਅਤੇ ਸੰਸਥਾਵਾਂ ਨੇ ਅਪਣੇ ਪੱਧਰ ਤੇ ਕਾਰਵਾਈ ਸ਼ੁਰੂ ਕੀਤੀ ਤਾਂ ਸਰਕਾਰ ਨੇ ਉਲੱਟ ਅਜਿਹੇ ਵਿਅਕਤੀਆਂ ਖਿਲਾਫ ਹੀ ਕਨੂੰਨੀ ਕਾਰਵਾਈ ਕਰ ਦਿੱਤੀ। ਸਰਕਾਰਾਂ ਦੀ ਲਾਪਰਵਾਹੀ ਕਾਰਨ ਹੀ ਪੰਜਾਬ ਵਿੱਚ ਸਦੀਆਂ ਪੁਰਾਣੀ ਭਾਸਾ ਜਿਸਦੀ ਵਰਤੋਂ ਸਾਡੇ ਧਾਰਮਿਕ ਗ੍ਰੰਥਾ ਵਿੱਚ ਵੀ ਕੀਤੀ ਗਈ ਹੈ ਨੂੰ ਹੁਣ ਤੱਕ ਬਣਦਾ ਰੁਤੱਬਾ ਹਾਸਲ ਨਹੀਂ ਹੋਇਆ ਹੈ। ਅਪਣੀ ਮਾਂ ਬੋਲੀ ਭਾਸ਼ਾ ਪੰਜਾਬੀ ਨੂੰ ਬਚਾਉਣ ਲਈ ਹਰ ਵਰਗ ਦੇ ਲੋਕਾਂ ਸਮਾਜਿਕ, ਰਾਜਨੀਤਿਕ, ਧਾਰਮਿਕ ਆਗੂਆਂ ਨੂੰ ਅੱਗੇ ਆਣਾ ਪਵੇਗਾ ਨਹੀ ਤਾਂ ਇਸ ਦਿਨ ਦੀ ਵੀ ਸਾਡੇ ਲਈ ਕੋਈ ਵਿਸੇਸ ਮਹੱਤਤਾ ਨਹੀਂ ਰਹੇਗੀ।

## ਵਿਸ਼ਵ ਸਮਾਜਿਕ ਨਿਆਂ ਦਿਵਸ ਸਬੰਧੀ ਵਿਸ਼ੇਸ਼

# ਕਦੋਂ ਰੁਕੇਗੀ ਮਨੁੱਖ ਹੱਥੋਂ ਮਨੁੱਖ ਦੀ ਲੁੱਟ ਅਤੇ ਸਮਾਜਿਕ ਅਨਿਆਂ ਦੀ ਗੱਡੀ

ਬੇਸ਼ੱਕ ਕੁਦਰਤ ਵਲੋਂ ਹਰ ਇਨਸਾਨ ਨੂੰ ਬਰਾਬਰ ਹੀ ਮੰਨਿਆਂ ਜਾਂਦਾ ਹੈ ਅਤੇ ਕੁਦਰਤੀ ਨਿਆਂ ਸਭ ਲਈ ਬਰਾਬਰ ਹੈ ਪਰੰਤੁ ਸਮਾਜ ਵਿੱਚ ਫੈਲੀ ਸਮਾਜਿਕ, ਆਰਥਿਕ ਅਤੇ ਧਾਰਮਿਕ ਤੋਰ ਤੇ ਊਚ ਨੀਚ ਅਤੇ ਛੋਟੇ ਵੱਡੇ ਦੀ ਭਾਵਨਾਂ ਕਾਰਨ ਸਮਾਜਿਕ ਅਨਿਆਂ ਦੀ ਭਾਵਨਾ ਵਿਕਸਿਤ ਹੋਈ ਹੈ। ਸਮਾਜਿਕ ਨਿਆਂ ਦਾ ਭਾਵ ਬਿਨਾਂ ਕਿਸੇ ਭੇਦ ਭਾਵ ਦੇ ਸਭ ਨੂੰ ਜੀਉਣ ਅਤੇ ਵਿਕਸਿਤ ਹੋਣ ਦੇ ਇੱਕੋ ਜਿਹੇ ਮੋਕੇ ਪ੍ਰਦਾਨ ਕਰਨਾ ਹੈ ਤਾਂ ਜੋ ਸਮਾਜ ਦਾ ਕੋਈ ਵੀ ਵਰਗ ਵਿਕਾਸ ਦੀ ਦੋੜ ਵਿੱਚ ਪਿੱਛੇ ਨਾਂ ਰਹਿ ਜਾਵੇ। ਸਮਾਜਿਕ ਨਿਆਂ ਬਹੁਤ ਹੀ ਵਿਆਪਕ ਸ਼ਬਦ ਹੈ ਅਤੇ ਇਸ ਵਿੱਚ ਘੱਟ ਗਿਣਤੀਆਂ ਦੇ ਹਿੱਤਾਂ ਦੀ ਰੱਖਿਆ ਤੋਂ ਲੈਕੇ ਗਰੀਬੀ ਅਤੇ ਅਨਪੜ੍ਹਤਾ ਨੂੰ ਖਤਮ ਕਰਨ ਸਬੰਧੀ ਸਭ ਕੁੱਝ ਸ਼ਾਮਿਲ ਹੈ। ਇਸਦਾ ਭਾਵ ਸਿਰਫ ਕਨੂੰਨ ਸਾਹਮਣੇ ਸਭਦਾ ਬਰਾਬਰ ਹੋਣਾ ਅਤੇ ਸੁਤੰਤਰ ਨਿਆਂਪਾਲਿਕਾ ਹੋਣਾ ਜਿਵੇਂ ਕਿ ਪੱਛਮੀ ਵਿਕਸਿਤ ਦੇਸ਼ਾਂ ਵਿੱਚ ਹੈ ਹੀ ਨਹੀਂ ਹੈ ਸਗੋਂ ਇਸਦਾ ਸਬੰਧ ਸਮਾਜਿਕ ਕੁਰੀਤੀਆਂ ਗਰੀਬੀ, ਬੇਕਾਰੀ, ਭੁੱਖਮਰੀ, ਬਿਮਾਰੀ, ਧਰਮ-ਜਾਤ ਆਦਿ ਤੇ ਅਧਾਰਿਤ ਵਿਤਕਰਾ, ਮਹਿਲਾਵਾਂ ਨਾਲ ਹੁੰਦਾ ਵਿਤਕਰਾ ਆਦਿ ਜਿਸ ਨਾਲ ਵਿਕਾਸਸ਼ੀਲ ਦੇਸ ਪ੍ਰਭਾਵਿਤ ਹੋ ਰਹੇ ਹਨ ਨੂੰ ਵੀ ਦੂਰ ਕਰਨਾ ਹੈ। ਸਮਾਜਿਕ ਨਿਆਂ ਦਾ ਮੋਜੂਦਾ ਸੰਕਲਪ 1840 ਵਿੱਚ ਜੇਸੂਇਟ ਲੁਙਗੀ ਟਪਰੇਲੀ ਨੇ ਥਾਮਸ ਏਕਵੈਨਸ ਦੀ ਸਿੱਖਿਆ ਨੀਤੀ ਦੇ ਅਧਾਰ ਤੇ ਪੇਸ਼ ਕੀਤਾ ਸੀ ਜਿਸਨੂੰ ਬਾਦ ਵਿੱਚ ਐਨਟਾਨੀਓ ਰੋਸਮਿਨੀ ਸਰਵਾਤੀ ਨੇ ਵੀ 1848 ਵਿੱਚ ਪੇਸ ਕੀਤਾ। ਸੰਖੇਪ ਵਿੱਚ ਸਮਾਜਿਕ ਨਿਆਂ ਮਨੁੱਖੀ ਅਧਿਕਾਰਾਂ ਅਤੇ ਬਰਾਬਰਤਾ ਦੇ ਸੰਕਲਪ ਤੇ ਹੀ ਅਧਾਰਿਤ ਹੈ। ਸਮਾਜਿਕ ਨਿਆਂ ਵਿੱਚ ਭੋਤਿਕ ਸਾਧਨਾ ਦੀ ਬਰਾਬਰ ਵੰਡ, ਸਮਾਜਿਕ, ਸ਼ਰੀਰਕ, ਆਰਥਿਕ, ਮਾਨਸਿਕ ਵਿਕਾਸ ਆਦਿ ਸ਼ਾਮਲ ਹੈ। ਸੰਯੁਕਤ ਰਾਸ਼ਟਰ ਨੇ 20 ਫਰਵਰੀ ਦਾ ਦਿਨ ਸਮਾਜਿਕ ਨਿਆਂ ਦਿਵਸ ਦੇ ਤੋਰ ਤੇ ਘੋਸ਼ਿਤ ਕੀਤਾ ਹੈ। ਇਸ ਦਿਨ ਵੱਖ ਵੱਖ ਸੰਗਠਨਾ ਜਿਵੇਂ ਸੰਯੁਕਤ ਰਾਸ਼ਟਰ ਸੰਘ ਅਤੇ ਅੰਤਰਰਾਸ਼ਟਰੀ ਮਜ਼ਦੂਰ ਸੰਗਠਨ ਵਲੋਂ ਲੋਕਾਂ ਨੂੰ ਸਮਾਜਿਕ ਨਿਆਂ ਦੀ ਅਪੀਲ ਕੀਤੀ ਜਾਂਦੀ ਹੈ। ਸੰਯੁਕਤ ਰਾਸ਼ਟਰ ਮਹਾਂਸਭਾ ਵਲੋਂ 2007 ਵਿੱਚ ਇਸਦੀ ਸਥਾਪਨਾ ਕੀਤੀ ਗਈ ਅਤੇ 24ਵੇਂ ਅਜਲਾਸ ਵਿੱਚ ਸਮਾਜਿਕ ਨਿਆਂ ਵਿਕਾਸ ਸੰਮੇਲਨ ਆਯੋਜਿਤ ਕਰਵਾਉਣ ਲਈ ਘੋਸ਼ਣਾ ਕੀਤੀ ਗਈ। ਇਸ ਮੌਕੇ ਸੰਯੁਕਤ ਰਾਸਟਰ ਨੇ ਵਿਸ਼ੇਸ਼ ਤੋਰ ਤੇ ਕਿਹਾ ਕਿ ਇਸ ਦਿਵਸ ਤੇ ਅੰਤਰਰਾਸ਼ਟਰੀ ਸਮੁਦਾਇ ਨੂੰ ਗਰੀਬੀ ਖਤਮ ਕਰਨ ਲਈ ਕੰਮ ਕਰਨਾ ਚਾਹੀਦਾ ਹੈ, ਸਭ ਜਗ੍ਹਾ ਸਭ ਲਈ ਯੋਗਤਾ ਅਨੁਸਾਰ ਕੰਮ ਅਤੇ ਰੋਜ਼ਗਾਰ ਉਪਲੱਭਦ ਹੋਣ ਨਾਲ ਹੀ ਸਮਾਜਿਕ ਨਿਆਂ ਸੰਭਬ ਹੋਵੇਗਾ। ਸੰਖੇਪ ਸ਼ਬਦਾਂ ਵਿੱਚ ਰੋਟੀ, ਕੱਪੜਾ, ਮਕਾਨ, ਸੁਰੱਖਿਆ, ਸਿਹਤ, ਅਸਿੱਖਿਆ, ਗਰੀਬੀ, ਬੇਰੋਜਗਾਰੀ, ਸਮਾਜਿਕ ਬਾਈਕਾਟ ਆਦਿ ਮੁੱਦਿਆਂ ਨੂੰ ਲੈਕੇ ਹੀ ਸਮਾਜਿਕ ਨਿਆਂ ਦਿਵਸ ਦੀ ਸ਼ੁਰੂਆਤ ਹੋਈ ਸੀ। ਇਸ ਦਿਨ ਸਰਕਾਰੀ ਅਤੇ ਗੈਰ ਸਰਕਾਰੀ ਪੱਧਰ ਤੇ ਸਮਾਰੋਹ ਆਯੋਜਿਤ ਕੀਤੇ ਜਾਂਦੇ ਹਨ ਅਤੇ ਇਨ੍ਹਾਂ ਸਮਾਗਮਾਂ ਵਿੱਚ ਹਰ ਦੇਸ਼ ਅਪਣੇ ਆਪ ਨੂੰ ਸਮਾਜਿਕ ਨਿਆਂ ਦੇ ਮੁੱਦੇ ਤੇ ਨਿਰਪੱਖ ਹੋਣ ਦਾ ਦਾਅਵਾ ਕਰਦਾ ਹੈ। ਸਾਲ 2020 ਲਈ ਵਿਸ਼ਵ ਸਮਾਜਿਕ ਨਿਆਂ ਦਿਵਸ ਦਾ ਮੁੱਖ ਉਦੇਸ਼ ਹੈ ਸਮਾਜਿਕ ਨਿਆਂ ਦੀ ਪ੍ਰਾਪਤੀ ਲਈ ਗੈਰ ਬਰਾਬਰਤਾ ਦੇ ਪਾੜੇ ਨੂੰ ਖਤਮ ਕਰਨਾ। ਸਮਾਜਿਕ ਸਮੱਸਿਆਵਾਂ ਵਿੱਚ ਘਿਰੇ ਲੋਕਾਂ ਲਈ ਸਮਾਜਿਕ ਨਿਆਂ ਸਿਰਫ ਇੱਕ ਸੁਪਨਾ ਹੀ ਹੈ। ਭਾਰਤ ਸਰਕਾਰ ਦੀ ਰਿਪੋਰਟ ਅਨੁਸਾਰ ਦੇਸ ਵਿੱਚ ਲੱਗਭੱਗ 669649 ਪਰਿਵਾਰ ਭੀਖਿੱਆ ਦੇ ਸਿਰ ਤੇ ਹੀ ਪਲਦੇ ਹਨ ਜਿਨ੍ਹਾਂ ਵਿੱਚੋਂ 133498 ਅਨੁਸੂਚਿਤ ਜਾਤਾਂ ਨਾਲ ਹੀ ਸਬੰਧਿਤ ਹਨ। ਲੱਗਭੱਗ 27 ਫਿਸਦੀ ਅਬਾਦੀ ਅਜੇ ਵੀ ਅਨਪੜ੍ਹ ਹੀ ਹੈ ਅਤੇ ਪਿੰਡਾਂ ਵਿੱਚ ਅਜੇ ਵੀ ਲੱਗਭੱਗ 42 ਫਿਸਦੀ ਮਹਿਲਾਵਾਂ ਅਨਪੜ੍ਹ ਹਨ। ਹਰ ਚੋਥਾ ਬੱਚਾ ਗਰੀਬੀ, ਅਸਿੱਖਿਆ, ਕੁਪੋਸ਼ਣ, ਹਿੰਸਾ, ਅਸੁਰਖਿੱਆ, ਭੇਦਭਾਵ ਦਾ ਸ਼ਿਕਾਰ ਹੈ। ਦੁਨੀਆਂ ਦੇ ਵੱਖ ਵੱਖ ਦੇਸ਼ਾਂ ਵਿੱਚ ਸਮੇ ਸਮੇਂ ਤੇ ਸਮਾਜਿਕ, ਧਾਰਮਿਕ ਅਤੇ ਰਾਜਨੀਤਿਕ ਆਗੂਆਂ ਨੇ ਸਮਾਜਿਕ ਨਿਆਂ ਦੇ ਰਾਹ ਵਿੱਚ ਰੋੜ੍ਹਾਂ ਬਣ ਰਹੀਆਂ ਸਮੱਸਿਆਵਾਂ ਵੱਲ ਲੋਕਾਂ ਦਾ ਧਿਆਨ ਆਕਰਸ਼ਿਤ ਕੀਤਾ ਹੈ ਅਤੇ ਇਨ੍ਹਾਂ ਸਮੱਸਿਆਵਾਂ ਨੂੰ ਦੂਰ ਕਰਨ ਲਈ ਕੰਮ ਕੀਤਾ ਹੈ। ਸਾਡਾ ਦੇਸ਼ ਜੋਕਿ ਇੱਕ ਵੱਡਾ ਲੋਕਤੰਤਰਿਕ ਦੇਸ਼ ਹੈ ਵਿੱਚ ਸਮਾਜਿਕ ਢਾਂਚਾ ਇਸ ਤਰਾਂ ਦਾ ਹੈ ਕਿ ਕਈ ਵਰਗਾਂ ਦੇ ਲੋਕ ਸਮਾਜਿਕ ਅਨਿਆਂ ਦੇ ਸ਼ਿਕਾਰ ਹੋ ਰਹੇ ਹਨ। ਸਾਡੇ ਦੇਸ਼ ਦੇ ਕਈ ਹਿਸਿੱਆਂ ਵਿੱਚ ਧਾਰਮਿਕ ਘੱਟ ਗਿਣ-ਤੀਆਂ ਅਤੇ ਦਲਿਤਾਂ ਤੇ ਹੋ ਰਹੇ ਹਮਲੇ, ਮਹਿਲਾਵਾਂ ਨਾਲ ਹੋ ਰਿਹਾ ਵਿਤਕਰਾ ਅਤੇ ਵਾਪਰਦੀਆਂ ਅਤਿੱਆਚਾਰ ਦੀਆਂ ਘਟ-ਨਾਵਾਂ ਸਮਾਜਿਕ ਨਿਆਂ ਦੇ ਰਾਹ ਵਿੱਚ ਰੋੜ੍ਹਾ ਹੈ। ਸਾਡੇ ਦੇਸ਼ ਵਿੱਚ ਵੀ ਸਮੇਂ ਸਮੇਂ ਤੇ ਸਮਾਜ ਦੇ ਰਹਿਵਰਾਂ ਨੇ ਸਮਾਜ ਵਿੱਚ ਫੈਲੀਆਂ ਸਮਾਜਿਕ ਨਾਂ ਬਰਾਬਰੀ ਵਰਗੀਆਂ ਅਤੇ ਸਮਾਜਿਕ ਅਨਿਆਂ ਦਾ ਡਟਕੇ ਵਿਰੋਧ ਕੀਤਾ। ਸਾਡੇ ਦੇਸ਼ ਦਾ ਸੰਵਿਧਾਨ ਸਾਰੇ ਨਾਗਰਿਕਾਂ ਨੂੰ ਬਰਾਬਰਤਾ ਦਾ ਅਧਿਕਾਰ ਪ੍ਰਦਾਨ ਕਰਦਾ ਹੈ ਅਤੇ ਕਿਸੇ ਵੀ ਵਿਅਕਤੀ ਨਾਲ ਧਰਮ, ਨਸਲ, ਜਾਤਿ, ਲਿੰਗ, ਜਨਮ ਸਥਾਨ ਆਦਿ ਦੇ ਅਧਾਰ ਤੇ ਵਿਤਕਰਾ ਨਹੀਂ ਕੀਤਾ ਜਾ ਸਕਦਾ ਹੈ ਪਰ ਕੁੱਝ ਲੋਕ ਭਾਰਤੀ ਸੰਵਿਧਾਨ ਅਤੇ ਕਨੂੰਨ ਨੂੰ ਟਿੱਚ ਸਮਝਦੇ ਹਨ ਜਿਸ ਕਾਰਨ ਸਾਡੇ ਦੇਸ਼ ਵਿੱਚ ਫੈਲੀ ਜਾਤਿ ਪ੍ਰਥਾ, ਧਾਰਮਿਕ ਵੰਡ ਕਾਰਨ ਸਮਾਜਿਕ ਅਨਿਆਂ ਅਤੇ ਨਾਂ ਬਰਾਬਰੀ ਵਧ ਰਹੀ ਹੈ। ਬੇਸ਼ੱਕ ਇੱਕ ਪਾਸੇ ਦੁਨੀਆਂ ਦੇ ਅਮੀਰ ਲੋਕਾਂ ਵਿੱਚ ਕੁੱਝ ਭਾਰਤੀਆਂ ਦੇ ਨਾਮ ਸ਼ਾਮਲ ਹੋ ਚੁੱਕੇ ਹਨ ਜੋਕਿ ਦੇਸ਼ ਦਾ ਨਾਮ ਰੋਸ਼ਨ ਕਰ ਰਹੇ ਹਨ ਪਰ ਦੂਜੇ ਪਾਸੇ ਸਾਡੇ ਦੇਸ ਵਿੱਚ ਗਰੀਬੀ, ਭੁੱਖਮਰੀ, ਇਲਾਜ਼ ਤੋਂ ਬਿਨ੍ਹਾਂ ਤੜਫਦੇ ਮਰੀਜ਼, ਛੱਤ ਬਿਨ੍ਹਾਂ ਰਾਤਾਂ ਕੱਟਦੇ ਲੋਕ, ਸਿੱਖਿਆਂ ਤੋਂ ਬਾਂਝੇ ਬੱਚੇ, ਕੁਪੋਸ਼ਣ ਦਾ ਸ਼ਿਕਾਰ ਬੱਚੇ, ਮੁੱਢਲੀਆਂ ਜਰੂਰਤਾਂ ਲਈ ਜਿਸਮਫਰੋਸ਼ੀ ਦਾ ਧੰਦਾ ਕਰ-ਦੀਆਂ ਦੇਸ ਦੀਆਂ ਬੱਚੀਆਂ, ਬਾਲ ਮਜ਼ਦੂਰ, ਬਾਲ ਵਿਆਹ ਦੀ ਕੁਪ੍ਰਥਾ ਦਾ ਸ਼ਿਕਾਰ ਹੋ ਰਹੇ ਬੱਚੇ, ਬਲਾਤਕਾਰ ਦੀਆਂ ਵੱਧ ਰਹੀਆਂ ਘਟਨਾਵਾਂ, ਦਾਜ ਦਾ ਸ਼ਿਕਾਰ ਹੋ ਰਹੀਆਂ ਮਹਿਲਾਵਾਂ, ਇਨਸਾਫ ਦੀ ਲੰਬੀ ਉਡੀਕ ਵਿੱਚ ਬੈਠੇ ਲੋਕ ਸਮਾਜ ਨੂੰ ਝੰਜੋੜਕੇ ਰੱਖਦੇ ਹਨ ਅਤੇ ਸਮਾਜਿਕ ਨਿਆਂ ਦਾ ਮਖੌਲ ਉਡਾਂਉਦੇ ਨਜਰ ਆਂਦੇ ਹਨ। ਸਾਡੇ ਦੇਸ਼ ਵਿੱਚ ਬਹੁਤੇ ਲੋਕਾਂ ਦੀ ਮਹੱਤਤਾ ਜਾਨਵਰਾਂ ਤੋਂ ਵੀ ਘੱਟ ਹੈ। ਹਿਉਮਨ ਰਾਇਟਸ ਵਾਚ ਦੀ ਰਿਪੋਰਟ ਅਨੁਸਾਰ ਭਾਰਤ ਵਿੱਚ ਘੱਟ ਗਿਣਤੀਆਂ ਦੇ ਅਧਿਕਾਰਾਂ ਦਾ ਸੋਸਣ ਹੋ ਰਿਹਾ ਹੈ। ਏਸੀਅਨ ਸੈਂਟਰ ਫਾਰ ਹਿਉਮਨ ਰਾਇਟਸ ਅਨੁਸਾਰ ਭਾਰਤ ਵਿੱਚ ਹਰ ਰੋਜ਼ 4 ਵਿਅਕਤੀਆਂ ਦੀ ਪੁਲਿਸ ਹਿਰਾਸਤ ਵਿੱਚ ਮੋਤ ਹੁੰਦੀ ਹੈ। ਪ੍ਰਸਾਸਕੀ ਸੁਧਾਰ ਸੰਸਥਾਨ ਪੰਜਾਬ ਵਲੋਂ ਜਾਰੀ ਰਿਪੋਰਟ ਅਨੁਸਾਰ ਦੇਸ਼ ਦੇ ਲੱਗਭੱਗ 50 ਫਿਸਦੀ ਪੁਲਿਸ ਅਧਿਕਾਰੀ ਕੈਦੀਆਂ ਨੂੰ ਸ਼ਰੀਰਕ ਅਤੇ ਮਾਨਸਿਕ ਤੌਰ ਤੇ ਪ੍ਰਤਾੜਿਤ ਕਰਦੇ ਹਨ। ਬੱਚਿਆਂ ਦੇ ਜਿਣਸੀ ਸ਼ੋਸਣ ਮਾਮਲੇ ਵਿੱਚ ਭਾਰਤ ਸਭ ਤੋਂ ਅੱਗੇ ਹੈ ਅਤੇ ਲੱਗਭੱਗ 23 ਫਿਸਦੀ ਬੱਚੇ ਜਿਣਸੀ ਸ਼ੋਸਣ ਦਾ ਸ਼ਿਕਾਰ ਹਨ। ਬਾਲ ਮਜਦੂਰੀ, ਬੰਧੂਆ ਮਜਦੂਰੀ ਅਤੇ ਜਬਰੀ ਮਜਦੂਰੀ ਦੇ ਮਾਮਲੇ ਵਿੱਚ ਵੀ ਭਾਰਤ ਅੱਗੇ ਹੈ। ਸਰਕਾਰਾਂ ਵਲੋਂ ਜਾਨਵਰਾਂ ਤੇ ਅਤਿਆਚਾਰਾਂ ਨੂੰ ਰੋਕਣ ਲਈ ਬੇਸ਼ੱਕ ਵਿਸ਼ੇਸ ਕਰਵਾਈ ਕੀਤੀ ਜਾਂਦੀ ਹੈ ਪਰ ਬਹੁਤੇ ਲੋਕਾਂ ਤੇ ਅਤਿਆਚਾਰਾਂ ਦੀਆਂ ਘਟਨਾਵਾ ਆਏ ਦਿਨ ਵਾਪਰ ਰਹੀਆਂ ਹਨ ਅਤੇ ਸਰਕਾਰਾਂ ਵਲੋਂ ਅਜਿਹੀਆਂ ਘਟਨਾਵਾਂ ਰੋਕਣ ਲਈ ਖਾਸ ਕਾਰਵਾਈ ਨਹੀਂ ਕੀਤੀ ਜਾਂਦੀ ਹੈ। ਧਰਮ, ਜਾਤ, ਲਿੰਗ ਅਧਾਰ ਤੇ ਕਈ ਸਰਵਜਨਿਕ ਸਥਾਨਾਂ ਤੇ ਅਜ਼ਾਦੀ ਦੇ ਸੱਤ ਦਹਾਕਿਆਂ ਬਾਦ ਵੀ ਦਾਖਲੇ ਦੀ ਮਨਾਹੀ ਵਰਗੀਆਂ ਘਟਨਾਵਾਂ ਸਮਾਜਿਕ ਨਿਆਂ ਦਾ ਮੂੰਹ ਚਿੜਾਉਂਦੀ ਹੈ। ਇਹ ਸਭ ਸਮਾਜਿਕ ਨਿਆਂ ਦੇ ਰਾਹ ਵਿੱਚ ਵੱਡਾ ਰੋੜਾ ਹਨ। ਸਾਡੇ ਦੇਸ਼ ਦਾ ਨਿਆਇਕ ਢਾਂਚਾ ਜੋਕਿ ਬਹੁਤ ਹੀ ਲਚਕੀਲਾ ਅਤੇ ਖਰਚੀਲਾ ਹੈ ਅਤੇ ਬਹੁਤ ਸਮਾਂ ਲੈਂਦਾ ਹੈ ਕਾਰਨ ਬਹੁਤੇ ਸਾਧਨਹੀਣ ਲੋਕ ਇਨਸਾਫ ਲੈਣ ਲਈ ਤੜਫਦੇ ਰਹਿੰਦੇ ਹਨ ਜਦਕਿ ਸਾਧਨ ਸੰਪਨ ਲੋਕ ਇਸਦਾ ਦੁਰਉਪਯੋਗ ਕਰਦੇ ਹਨ ਅਤੇ ਕਨੂੰਨ ਨੂੰ ਟਿੱਚ ਸਮਝਦੇ ਹਨ। ਬਹੁਤੇ ਥਾਵਾਂ ਤੇ ਨਾਗਰਿਕਾਂ ਦੀ ਰੱਖਿਆ ਕਰਨ ਵਾਲੀ ਪੁਲਿਸ ਹੀ ਅਪਣੇ ਦੇਸ ਦੇ ਨਾਗਰਿਕਾਂ ਦੇ ਅਧਿਕਾਰਾਂ ਦੀ ਉਲੰਘਣਾ ਕਰਨ ਵਿੱਚ ਮੋਹਰੀ ਰਹਿੰਦੀ ਹੈ ਅਤੇ ਇਸ ਵਿੱਚ ਕਈ ਵਾਰ ਸਾਡੇ ਦੇਸ਼ ਦੇ ਸਮਾਜਿਕ, ਧਾਰਮਿਕ ਅਤੇ ਰਾਜਨੀਤਿਕ ਨੇਤਾ ਵੀ ਹੱਲਾ ਸ਼ੇਰੀ ਦਿੰਦੇ ਹਨ। ਸਰਕਾਰ ਵਲੋਂ ਲਿਤਾੜੇ ਅਤੇ ਪੱਛੜੇ ਵਰਗਾਂ ਨੂੰ ਸਮਾਜਿਕ ਨਿਆਂ ਦੇਣ ਲਈ ਬੇਸ਼ੱਕ ਵੱਖ ਵੱਖ ਆਯੋਗ ਜਿਵੇਂ ਮਨੁਖੀ ਅਧਿਕਾਰ ਆਯੋਗ, ਬਾਲ ਅਧਿਕਾਰ ਆਯੋਗ, ਮਹਿਲਾ ਆਯੋਗ, ਅਨੂਸੂਚਿਤ ਜਾਤਿ ਆਯੋਗ, ਅਨੂਸੂਚਿਤ ਜਨਜਾਤਿ ਆਯੋਗ, ਘੱਟ ਗਿਣਤੀ ਆਯੋਗ, ਪੱਛੜੀਆਂ ਸ਼੍ਰੇਣੀਆਂ ਆਯੋਗ ਆਦਿ ਬਣਾਏ ਗਏ ਹਨ ਪਰੰਤੂ ਇਹ ਸਭ ਵੀ ਇਨ੍ਹਾਂ ਲਿਤਾੜੇ ਤੇ ਪੱਛੜੇ ਵਰਗ ਦੇ ਲੋਕਾਂ ਨੂੰ ਸਮਾਜਿਕ ਨਿਆ ਦਿਵਾਉਣ ਵਿੱਚ ਪੂਰੀ ਤਰਾਂ ਕਾਮਯਾਬ ਨਹੀਂ ਹੋ ਰਹੇ ਹਨ ਜਿਸ ਕਾਰਨ ਅੱਜ ਵੀ ਦੇਸ ਦੇ ਕਈ ਭਾਗਾਂ ਵਿੱਚ ਸਮਾਜਿਕ ਅਨਿਆਂ ਤੋਂ ਦੁਖੀ ਲੋਕ ਨਿਆਂ ਪਾਣ ਲਈ ਗੈਰ ਕਨੂੰਨੀ ਢੰਗ ਅਪਣਾ ਰਹੇ ਹਨ ਅਤੇ ਦੇਸ਼ ਵਿੱਚ ਹਾਲਾਤ ਵਿਗੜ ਰਹੇ ਹਨ। ਬੇਸ਼ੱਕ ਅੱਜ ਵਿਸਵ ਨਿਆਂ ਦਿਵਸ ਮੌਕੇ ਦੇਸ਼ ਦੇ ਵੱਖ ਵੱਖ ਭਾਗਾਂ ਵਿੱਚ ਸਮਾਜਿਕ ਨਿਆਂ ਸਬੰਧੀ ਸਮਾਗਮ ਕੀਤੇ ਜਾ ਰਹੇ ਹਨ ਪਰ ਸਾਡੇ ਦੇਸ਼ ਵਿੱਚ ਸਮਾਜਿਕ ਨਿਆਂ ਦੀ ਖਸਤਾ ਹਾਲਤ ਨੂੰ ਵੇਖਕੇ ਲੱਗਦਾ ਹੈ ਕਿ ਸਮਾਜਿਕ ਨਿਆਂ ਦਾ ਸੂਪਨਾ ਪੂਰਾ ਕਰਨ ਲਈ ਅਜੇ ਬਹੁਤ ਕੁੱਝ ਕਰਨਾ ਬਾਕੀ ਹੈ ਅਤੇ ਇਸ ਲਈ ਸਰਕਾਰਾਂ ਅਤੇ ਅਧਿਕਾਰੀਆਂ ਨੂੰ ਗੰਭੀਰਤਾ ਨਾਲ ਕੰਮ ਕਰਨਾ ਪਵੇਗਾ ਤਾਂ ਜੋ ਸਮਾਜ ਦੇ ਸਾਰੇ ਵਰਗ ਵਿਸ਼ੇਸ਼ ਤੋਰ ਤੇ ਕਮਜ਼ੋਰ ਅਤੇ ਲਿਤਾੜ੍ਹੇ ਵਰਗ ਵੀ ਅਪਣੇ ਆਪ ਨੂੰ ਸੁਰੱਖਿਅਤ ਮਹਿਸੂਸ ਕਰ ਸਕਣ ਨਹੀਂ ਤਾਂ ਸਮਾਜਿਕ ਨਿਆਂ ਦੇ ਨਾਮ ਤੇ ਦੇਸ ਨੂੰ ਸਰਮਿੰਦਗੀ ਦਾ ਸਾਹਮਣਾ ਕਰਨਾ ਪਵੇਗਾ। **-ਕੁਲਦੀਪ ਚੰਦ**

# ਮਨੁੱਖੀ ਧਰਮ

ਨਾ ਲੜ ਬੰਦਿਆ ਜਾਤ ਤੇ ਧਰਮਾਂ ਪਛੇ,
ਮੂਲ ਧਰਮ ਦਾ ਹੈ ਮਨੁੱਖੀ ਧਰਮ ਬੰਦਿਆ ।
ਜਾਤ ਤੇ ਧਰਮ ਸਭ ਸਾਜੇ ਮਨੁੱਖ ਇਥੇ,
ਕੁੱਦਰਤ ਸਿਜਿਆ ਸਿਰਫ ਮਨੁੱਖ ਬੰਦਿਆ ।

ਹੱਕ, ਸੱਚ ਇਨਸਾਫ਼ ਹੀ ਧਰਮ ਹੁੰਦਾ,
ਨੇਕੀ ਬਦੀ ਨਾਲ ਹੁੰਦੀ ਏ ਪਰਖ ਬੰਦਿਆ ।
ਬੰਦਾ, ਬੰਦਿਆਂ ਦਾ ਮਦਦਗਾਰ ਹੋਵਣਾ ਏ,
ਨਾ ਲੜ ਮਰਾਂ ਵਿਚ ਜਾਤ ਤੇ ਧਰਮ ਬੰਦਿਆ।

ਸੋਹਿਨਿਆਂ ਦੁਨੀਆਂ ਨੂੰ ਜਗ-ਮਗ ਕਰਦੇ,
ਰਹੇ ਇਥੇ ਨਾਂ ਕੋਈ ਵੀ ਮਨੁੱਖੀ ਰੋਗ ਬੰਦਿਆ।
ਹਨੇਰਾ ਮੁੱਕ ਜਾਂਦਾ ਸੂਰਜ ਚੜ੍ਹਦਿਆਂ ਹੀ,
ਕਾਲੇ ਬਦਲ ਲਕੋਂਉਦੇ ਆ ਕੇ ਲੋਅ ਬੰਦਿਆ।

ਜਾਤ ਤੇ ਧਰਮਾਂ ਵਿਚ ਗਏ ਨੇ ਲੋਕ ਵੰਡੇ,
ਇਨ੍ਹਾਂ ਲਿਆ ਬੰਦਾ ਹੀ ਬੰਦੇ ਤੋਂ ਖੋਹ ਬੰਦਿਆ।
ਖ਼ਬਰਦਾਰ ਹੋ ਜਾ ਭੈੜੇ ਮਨਸੂਬਿਆਂ ਤੋਂ,
ਹੋ ਕੇ ਬੰਦਾ ਬਣ ਮਨੁੱਖਤਾ ਲਈ ਢੋਅ ਬੰਦਿਆ।

ਰੱਖ ਕੇ ਸਾਂਝ ਜੀਵਨ ਮੰਜ਼ਿਲ ਲੰਘ ਜਾ ਤੂੰ,
ਲੜਾਈ ਦਿੰਦੀ ਏ ਸਭ ਕੁਝ ਹੀ ਡਬੋਅ ਬੰਦਿਆ।
ਮਾਨਵ ਵਾਲੀ ਸੋਚ ਹੀ ਮਨੁੱਖ ਲਈ ਚੰਗੀ,
ਇਹੀ ਹੈ ਮਨੁੱਖੀ ਧਰਮ ਲਈ ਖੁਸ਼ਬੋ ਬੰਦਿਆ।



– ਰਬਿੰਦਰ ਸ਼ਰਮਾ

# ਅੰਬ ਦਾ ਬੂਟਾ

ਮੇਰੇ ਵਿਹੜੇ ਅੰਬ ਦਾ ਬੂਟਾ ,
ਇਹ ਦਿੰਦਾ ਸੁਖਾਂ ਦਾ ਝੂਟਾ ।
ਗਰਮੀ ਦੇ ਵਿਚ ਅੰਬ ਚੁਪਾਵੇ,
ਨਾਲ ਹਵਾ ਦੇ ਬੁੱਲੇ ਲਿਆਵੇ ।
ਇਹ ਬੂਟਾ ਮੇਰੇ ਪਾਪਾ ਲਾਇਆ,
ਯਾਦ ਨੂੰ ਸਾਡੇ ਕੋਲ ਬਿਠਿਆ ।
ਇਹਦੇ ਅੰਬ ਨੇ ਬੜੇ ਸੁਆਦੀ,
ਪੀਲੇ, ਸੰਧੂਰੀ ਵਿਚ ਗੁਲਾਬੀ ।

ਪੰਛੀ ਆ ਇਥੇ ਮੋਜ ਉਡਾਂਉਦੇ,
ਉਹ ਵੀ ਰੱਜ-ਰੱਜ ਫਲ ਨੇ ਖਾਂਦੇ ।
ਤੋਤੇ, ਮੈਨਾ ਆ ਕਰਨ ਕਲੋਲਾਂ,
ਟੁੱਕ-ਟੁੱਕ ਸੁੱਟਣ ਕੁਝ ਨਾਂ ਬੋਲਾਂ ।
ਘੁੱਗੀਆਂ, ਕਬੂਤਰ ਰੌਣਕ ਲਾਈ,
ਬੈਠੇ ਲੱਗਦੇ ਰੱਲ ਭੈਣ ਤੇ ਭਾਈ ।
ਸਾਰਖ, ਕਾਂਵਾਂ ਆ ਰੌਲਾ ਪਾਇਆ,
ਮਨ 'ਚ' ਕੋਈ ਖ਼ੌਫ਼ ਨਾਂ ਆਇਆ ।
ਕਾਵਾਂ, ਘੁਗੀਆਂ ਆਲਣੇ ਪਾਂਉਦੇ
ਪਰਵਾਸੀ ਪੰਛੀ ਵੀ ਦੂਰੋਂ ਆਂਉਦੇ।

ਕੋਇਲ ਵੀ ਆਈ ਅੰਬਾ ਰੁੱਤੇ,
ਸੁਣਾਂਦੀ ਕੂ-ਕੂ ਸਵੇਰ ਨੂੰ ਉਠੇ ।
ਕਾਂ ਆਲ੍ਹਣੇ ਕੋਇਲ ਆਂਡੇ ਦੇਵੇ,
ਕਾਵਾਂ ਨੂੰ ਪੈ ਗਏ ਭਰਮ ਭੁਲੇਵੇ ।
ਸਮਝ ਉਹ ਆਪਣੇ ਰਾਖੀ ਕਰਦੇ,
ਨੇੜੇ ਜੋ ਆਵੇ ਨਾਲ ਇਹ ਲੜਦੇ ।
ਬੱਚੇ ਕਾਂਵਾਂ ਨੇ ਕੋਇਲ ਦੇ ਪਾਲੇ,
ਦਿੰਦੇ ਚੋਗਾ ਉਹ ਬਣ ਰੱਖਵਾਲੇ ।
ਵਡੇ ਹੋ ਇਨ੍ਹਾਂ ਸੂਰਤ ਸੰਭਾ.ਲੀ ,
ਉਡ ਜਾ ਬੈਠੇ ਕੋਇਲ ਦੀ ਪਾਲੀ ।

ਕਾਂ ਬੈਠ ਸੋਚਣ ਇਹ ਕੀ ਹੋਇਆ ,
ਉਨ੍ਹਾਂ ਦਾਂ ਜਉਂਦਾ ਹੀ ਜਗ ਮੋਇਆ ।
ਵੇਖੇ ਕੁਦਰਤ ਦੇ ਸਭ ਖੇਲਾਂ ਨਰਾਲੇ,
ਕਾਂ ਸਆਣਾ ਆਖਣ ਦੁਨੀਆਂ ਵਾਲੇ ।
ਪੰਛੀਆਂ ਨੇ ਰੱਲ ਇਥੇ ਲਏ ਨਜ਼ਾਰੇ ,
ਬੱਚੇ ਪੀਂਘਾਂ ਝੂੱਟਣ ਤੇ ਲੈਣ ਹੁਲਾਰੇ ।
ਅਸੀਂ ਵੀ ਛਾਂ ਥੱਲੇ ਮੰਜਾ ਡਾਹਿਆ,
ਗੱਲਾਂ ਕਰ-ਕਰ ਦਿਲ ਪਰਚਾਇਆ ।
ਆਂਢ ਗੁਆਂਢ ਸਭ ਬੈਠਣ ਆਉਦੇ,
ਮਿੱਠੇ ਅੰਬ ਸਭ ਲਈ ਮਨ ਭਾਂਉਦੇ ।

ਇਸ ਬੂਟੇ ਦੀ ਹੈ ਸ਼ਾਨ ਨਿਰਾਲੀ,
ਧੂਪ, ਹਨੇਰੀ ਰੋਕੀ ਠੰਡ ਸੰਭਾ.ਲੀ ।
ਫਰਕ ਨਾ ਰੱਖੇ ਸ਼ਾਰਖ, ਘੁੱਗੀ ਕਾਂਵਾਂ,
ਸਭ ਨੂੰ ਇਹ ਵੰਡਦਾ ਮੁਫ਼ਤ ਸੇਵਾਵਾਂ ।
ਇਹ ਕਰਦਾ ਕਰਮ ਬੰਦੇ ਤੋਂ ਚੰਗਾ ,
ਨਾਂ ਮਨ ਪਾਪੀ ਨਾਂ ਹੀ ਮਾੜਾ ਧੰਦਾ ।
ਸਭ ਲਿਆ ਇਹਦਾ ਸੁਖ ਲੱਭ ਓਏ,
ਅੰਬ ਦਾ ਬੂਟਾ ਤਾਂ ਵਾਂਗੂ ਰੱਬ ਓਏ ।

## ਮਾਂ ਬੋਲੀ ਦਿਵਸ 'ਤੇ ਵਿਸ਼ੇਸ਼

# ਮਾਂ ਬੋਲੀ ਪੰਜਾਬੀ

ਚਾਚੀ ਤਾਈ ਮਾਮੀ ਮਾਸੀ,
ਕਰਦੀ ਬੜਾ ਪਿਆਰ ਏ ਮੈਂਨੂੰ।
ਐਪਰ ਮਾਂ ਦੀ ਗੋਦੀ ਵਰਗਾ,
ਚੜ੍ਹਦਾ ਨਹੀਂ ਖੁਮਾਰ ਏ ਮੈਂਨੂੰ।
ਮਾਂ ਮੇਰੀ ਮੈਂਨੂੰ ਗੋਦ ਖਿਡਾਇਆ,
ਫੜ ਕੇ ਉਂਗਲ ਪੜ੍ਹਨੇ ਪਾਇਆ।
ਏਸੇ ਮਾਂ ਦੀ ਗੁੜ੍ਹਤੀ ਲੈ ਮੈਂ,
ਅੱਖਰਾਂ ਦੇ ਨਾਲ ਹੇਜ ਜਤਾਇਆ।
ਮੈਂ ਸੋਵਾਂ, ਮਾਂ ਲੋਰੀ ਗਾਵੇ,
ਨੱਚਾ ਟੱਪਾਂ ਬੋਲੀਆਂ ਪਾਵੇ।
ਰੁੱਸ ਜਾਵਾਂ, ਤਾਂ ਆਪ ਮਨਾਵੇ,
ਖੁਸ਼ ਹੋਵਾਂ ਤਾ ਗੀਤ ਬਣਾਵੇ।
ਵੀਰ ਵਿਆਹ ਤੇ ਘੋੜੀ ਗਾਵੇ,
ਲਾੜੀ ਬਣਾਂ, ਸੁਹਾਗ ਸੁਣਾਵੇ।
ਮਹਿੰਦੀ ਲਾਵਾਂ ਗੀਤ ਬਣਾਵੇ,
ਮਾਂ ਬਣਾਂ ਮਮਤਾ ਦਰਸਾਵੇ।
ਜਦ ਮਾਹੀ ਪਰਦੇਸ ਨੂੰ ਜਾਵੇ,
ਬਿਰਹੋਂ ਦੇ ਇਹ ਗੀਤ ਬਣਾਵੇ।
ਨੂੰਹ-ਸੱਸ ਦਾ ਨੇਹ ਸਮਝਾਵੇ,
ਮਿੱਠੀਆਂ ਕਈ ਟਕੋਰਾਂ ਲਾਵੇ।
ਭੈਣ ਵੀਰ ਨੂੰ ਗਲੇ ਲਗਾਵੇ,
ਮਾਹੀਆ, ਢੋਲੇ, ਟੱਪੇ ਗਾਵੇ।
ਖੁਸ਼ੀਆਂ ਮੇਰੇ ਸੰਗ ਮਨਾਉਂਦੀ,
ਦੁੱਖ ਵੇਲੇ ਵੀ ਕੀਰਨੇ ਪਾਵੇ।
ਇਸ ਉਮਰੇ ਮੈਂ ਸਾਗਰ ਗਾਹਿਆ,
ਪਿੰਡੇ ਤੇ ਪਰਵਾਸ ਹੰਢਾਇਆ।
ਸੰਗੀ ਸਾਥੀ ਰਹਿ ਗਏ ਪਿਛੇ,
ਏਸੇ ਮਾਂ ਨੇ ਸਾਥ ਨਿਭਾਇਆ।
ਕਈ ਮਾਵਾਂ ਮੈਂਨੂੰ ਗਲੇ ਲਗਾਇਆ,
ਮੈਂ ਵੀ ਇੱਜ਼ਤ ਨਾਲ ਬੁਲਾਇਆ।

ਆਪਣੀ ਮਾਂ ਦੀ ਬੁੱਕਲ ਵਰਗਾ,
ਐਪਰ ਨਿੱਘ ਨਾ ਕਿਧਰੋਂ ਆਇਆ।
ਸਭ ਮਾਵਾਂ ਦਾ ਕਰ ਸਤਿਕਾਰ,
ਆਪਣੀ ਮਾਂ ਨੂੰ ਕਰਾਂ ਪਿਆਰ।
ਦੁੱਖ ਸੁੱਖ ਇਹਦੇ ਨਾਲ ਫੋਲ ਕੇ,
ਦਿਲ ਤੋਂ ਲਾਹਵਾਂ ਸਾਰਾ ਭਾਰ।
ਮਾਂ ਮੇਰੀ ਅੱਜ ਹੈ ਦੁਖਿਆਰੀ,
ਪੁੱਤਾਂ ਕੱਢੀ ਬਾਹਰ ਵਿਚਾਰੀ।
'ਦੀਸ਼' ਵਕਾਲਤ ਕਰਕੇ ਇਹਦੀ,
ਮੋੜ ਲਿਆਉ ਫਿਰ ਸਰਦਾਰੀ।



ਗੁਰਦੀਸ਼ ਕੌਰ ਗਰੇਵਾਲ
403 404 1450 ਕੈਲਗਰੀ

# ਜੋਸ਼ ਬਨਾਮ ਸਿਆਣਪ

ਜਿੱਤ ਤੀਸਰੀ ਵਾਰ ਦੀ ਦੇਖ ਲਈ ਏ
ਛਾਇਆ ਜੋਸ਼ ਪੰਜਾਬ ਦੀ ਆਪ ਅੰਦਰ।

ਬਹੁਤੇ ਆਗੂਆਂ ਨਾਲ ਹੀ ਵਰਕਰਾਂ ਨੇ
ਗੱਡੀ ਗਿਅਰ ਵਿਚ ਪਾਈ ਏ ਟਾਪ ਅੰਦਰ।

ਗਾਉਂਦੇ 'ਬਾਈ' ਦੀ ਜਿੱਤ ਲਈ ਗੀਤ ਸਾਰੇ
'ਤੀਨ ਤਾਲ' ਦੀ ਨੱਚ ਰਹੇ 'ਥਾਪ' ਅੰਦਰ।

ਕਿਵੇਂ ਦਿਲਾਂ 'ਚੋਂ ਕੱਢਣਗੇ 'ਆਮ' ਬੰਦੇ
ਮੈਂ ਹੀ 'ਖਾਸ' ਦਾ ਬੈਠਾ ਜੋ 'ਪਾਪ' ਅੰਦਰ।

ਮੰਜ਼ਿਲ ਮਿੱਥੀ ਜੋ ਆਪ ਦੇ ਸਾਥੀਆਂ ਨੇ
ਰਾਹ ਵਿਚ ਅੜਚਣਾਂ ਦੇਖੋ ਜੀ ਖਾਸੀਆਂ ਨੇ।


ਕਿੱਦਾਂ ਲਿਆਉਣਗੇ ਵਿਚ ਪੰਜਾਬ ਦੇ ਜੀ
ਵਰਤੀ ਸਿਆਣਪ ਜੋ ਦਿੱਲੀ ਦੇ ਵਾਸੀਆਂ ਨੇ।



ਤਰਲੋਚਨ ਸਿੰਘ 'ਦੁਪਾਲ ਪੁਰ'
81950-25579

# ਅਫ਼ਗਾਨਿਸਤਾਨ ਦੇ ਮੁੜ ਰਾਸ਼ਟਰਪਤੀ ਬਣੇ ਅਸ਼ਰਫ਼ ਗਨੀ

**ਕਾਬੁਲ–** ਅਸ਼ਰਫ਼ ਗਨੀ ਨੂੰ ਦੂਜੀ ਵਾਰ ਅਫ਼ਗਾਨਿਸਤਾਨ ਦਾ ਰਾਸ਼ਟਰਪਤੀ ਚੁਣਿਆ ਗਿਆ ਹੈ। ਅਫ਼ਗਾਨਿਸਤਾਨ ਦੇ ਚੋਣ



ਕਮਿਸ਼ਨ ਵਲੋਂ 28 ਸਤੰਬਰ 2019 ਨੂੰ ਹੋਈਆਂ ਚੋਣਾਂ ਦੇ ਅੰਤਿਮ ਨਤੀਜਿਆਂ ਦਾ ਐਲਾਨ ਕੀਤਾ ਗਿਆ ਹੈ। ਚੋਣ ਕਮਿਸ਼ਨ ਦੀ ਮੁਖੀ ਹਵਾ ਆਲਮ ਨੂਰਿਸਤਾਨੀ ਨੇ ਕਾਬੁਲ ਵਿੱਚ ਪ੍ਰੈੱਸ ਕਾਨਫਰੰਸ ਦੌਰਾਨ ਕਿਹਾ, ''ਚੋਣ ਕਮਿਸ਼ਨ...ਵਲੋਂ ਸ੍ਰੀ ਅਸ਼ਰਫ਼ ਗਨੀ, ਜਿਨ੍ਹਾਂ ਨੂੰ 50.64 ਫ਼ੀਸਦ ਵੋਟਾਂ ਮਿਲੀਆਂ ਹਨ, ਨੂੰ ਅਫ਼ਗਾਨਿਸਤਾਨ ਦਾ ਰਾਸ਼ਟਰਪਤੀ ਐਲਾਨਿਆ ਜਾਂਦਾ ਹੈ।'' ਉਨ੍ਹਾਂ ਅੱਗੇ ਕਿਹਾ, ''ਅਫ਼ਗਾਨਿਸਤਾਨ ਦੇ ਲੋਕਾਂ ਦੀ ਸੇਵਾ ਕਰਨ ਵਿੱਚ ਪ੍ਰਮਾਤਮਾ ਉਨ੍ਹਾਂ ਦਾ ਸਾਥ ਦੇਵੇ...ਮੈਂ ਇਹ ਵੀ ਦੁਆ ਕਰਦੀ ਹਾਂ ਕਿ ਸਾਡੇ ਮੁਲਕ ਵਿੱਚ ਅਮਨ-ਸ਼ਾਂਤੀ ਪਰਤੇ।'' ਦੱਸਣਯੋਗ ਹੈ ਕਿ ਗਨੀ ਦੇ ਮੁੱਖ ਵਿਰੋਧੀ ਅਬਦੁੱਲਾ ਅਬਦੁੱਲਾ ਵਲੋਂ ਵੋਟਾਂ ਵਿੱਚ ਧਾਂਦਲੀਆਂ ਹੋਣ ਦੇ ਲਾਏ ਦੋਸ਼ਾਂ ਕਾਰਨ ਵੋਟਾਂ ਦੀ ਦੁਬਾਰਾ ਗਿਣਤੀ ਕੀਤੀ ਗਈ, ਜਿਸ ਕਾਰਨ ਨਤੀਜਿਆਂ ਦਾ ਐਲਾਨ ਕਰੀਬ ਪੰਜ ਮਹੀਨਿਆਂ ਦੀ ਦੇਰੀ ਨਾਲ ਕੀਤਾ ਗਿਆ ਹੈ। ਇਸ ਦੇਰੀ ਕਾਰਨ ਅਫ਼ਗਾਨਿਸਤਾਨ ਨੂੰ ਸਿਆਸੀ ਸੰਕਟ ਦਾ ਸਾਹਮਣਾ ਵੀ ਕਰਨਾ ਪਿਆ ਹੈ ਕਿਉਂਕਿ ਅਮਰੀਕਾ ਇਸ ਵੇਲੇ ਤਾਲਿਬਾਨ ਨਾਲ ਆਪਣੇ ਫੌਜੀ ਦਸਤੇ ਵਾਪਸ ਬੁਲਾਉਣ ਦੇ ਮੁੱਦੇ 'ਤੇ ਸੰਧੀ ਕਰਨਾ ਚਾਹੁੰਦਾ ਹੈ। ਇਸੇ ਦੌਰਾਨ ਅਬਦੁੱਲਾ ਦੀ ਟੀਮ ਨੇ ਕਿਹਾ ਹੈ ਕਿ ਉਨ੍ਹਾਂ ਨੂੰ ਧਾਂਦਲੀਆਂ ਵਾਲੇ ਇਹ ਨਤੀਜੇ ਮਨਜ਼ੂਰ ਨਹੀਂ ਹਨ।

# ਸ਼ੇਰੇ ਦੀ ਸਕੀਮ

ਅਮਰ ਮੀਨੀਆਂ
(ਗਲਾਸਗੋ)
00447868370984

ਸਾਡੀ ਸ਼ਰਾਬ ਦੀ ਦੁਕਾਨ ਹੈ ਜਿਸ ਵਿੱਚ ਬੀਅਰ, ਵਿਸਕੀ, ਵੋਧਕਾ, ਰੰਮ, ਬਰਾਂਡੀ ਤੇ ਵਾਈਨ ਤੋਂ ਇਲਾਵਾ ਇਕ ਫਰਿੱਜ ਸੋਫਟ ਡ੍ਰਿੰਕ ਲਈ ਹੈ ਤੇ ਨਾਲ ਥੋੜੀਆਂ ਜੀਆਂ ਕਰਿਸਪਾਂ ਤੇ ਚਾਕਲੇਟਾਂ ਰੱਖੀਆਂ ਹੋਈਆਂ। ਪਿਛਲੇ ਮਹੀਨੇ ਦੁਕਾਨ ਚ ਚੂਹੇ ਆ ਗਏ। ਕਰਿਸਪਾਂ ਤੇ ਚਾਕਲੇਟਾਂ ਤੇ ਹਮਲਾ ਕਰ ਦਿੱਤਾ। ਪਤੰਦਰ ਖਾਂਦੇ ਘੱਟ, ਪਰ ਖਿਲਾਰਾ ਜਿਆਦਾ ਪਾਉਂਦੇ। ਸਵੇਰੇ ਆਕੇ ਅੱਠ ਦਸ ਕਰਿਸਪ ਤੇ ਇੰਨੇ ਹੀ ਚਾਕਲੇਟ ਬਿੰਨ ਕਰਨੇ ਪੈਂਦੇ। ਕੁੜਿੱਕੀ ਲਾਈ, ਦੁਆਈ ਰੱਖੀ, ਦੋ ਕੁ ਸ਼ਿਕਾਰ ਕਾਬੂ ਆਏ ਵੀ ਪਰ ਨੁਕਸਾਨ ਹੋਣੋਂ ਨਾ ਹਟਿਆ ।ਮੈਂ ਪਹਿਲੇ ਦਿਨ ਹੀ ਮੰਗਲ ਸਿੰਘ ਕੂਨਰ ਬੌਸ ਨੂੰ ਆਖਿਆ ਸੀ ਕਿ ਆਪਾਂ "ਸ਼ੇਰੇ ਸ਼ਰਾਬੀ" ਵਾਲੀ ਸਕੀਮ ਵਰਤ ਲਈਏ। ਪਰ ਉਹ ਨੀ ਮੰਨਿਆ ਕਹਿੰਦਾ, "ਪੀਣ ਤੇ ਨਮਕੀਨ ਦਾ ਮੇਲ ਟੁੱਟਦਾ, ਸ਼ਰਾਬ ਨਾਲ ਬੰਦਾ ਕਰਿਸਪ ਦਾ ਪੈਕਟ ਵੀ ਚੁੱਕ ਲੈਂਦਾ ਤੇ ਬੱਚਿਆਂ ਲਈ ਸੜੀ ਸਵੀਟੀ ਵੀ ਖਰੀਦ ਲੈਂਦਾ। ਨਾਲੇ ਸੇਲ ਘਟ ਜਾਊ, ਗਾਹਕ ਖਰਾਬ ਹੋਊ। ਦੁਆਈ ਰੱਖ ਦੇ, ਖਾ ਕੇ ਮਰ ਜਾਣਗੇ। ਕਾਫੀ ਨੁਕਸਾਨ ਕਰਵਾ ਕੇ ਪਰਸੋਂ ਕਹਿੰਦਾ," ਲਾ ਲੈ ਫਿਰ ਸ਼ੇਰੇ ਵਾਲੀ ਸਕੀਮ। ਹੁਣ ਤੁਸੀਂ ਪੁੱਛੋਂਗੇ ਐਸੀ ਕਿਹੜੀ ਸਕੀਮ ਲਾ ਗਿਆ ਸ਼ੇਰਾ? ਅਲਬਰਟ ਡਰਾਈਵ ਤੇ ਕਿਰਾਏ ਦੇ ਘਰ ਵਿੱਚ ਅਸੀਂ ਛੇ ਸੱਤ ਮੁੰਡੇ ਰਹਿੰਦੇ ਸੀ। ਘਰ ਵਿੱਚ ਚੂਹੇ ਆ ਗਏ। ਫੜਨ ਜਾਂ ਮਾਰਨ ਵਾਲੇ ਕਈ ਪੰਜਾਬੀ ਤੇ ਵਲੈਤੀ ਤਰੀਕੇ ਵਰਤੇ ਪਰ ਸ਼ੈਤਾਨ ਦੀਆਂ ਟੂਟੀਆਂ ਚੂਹੇ ਖਤਮ ਹੋਣ ਦਾ ਨਾਂ ਹੀ ਨਾ ਲੈਣ। ਘਰ ਦੀ ਨੰਬਰਦਾਰੀ ਮੇਰੇ ਕੋਲ ਸੀ। ਇਕ ਦਿਨ ਸ਼ੇਰਾ ਦੋ ਕੁ ਲੰਡੂ ਜਿਹੇ ਪੈਗ ਲਾ ਕੇ ਮੇਰੇ ਕੋਲ ਬੈਠਾ ਤੇ ਸੋਫੇ ਹੇਠੋਂ ਵੱਡਾ ਸਾਰਾ ਚੂਹਾ ਰਸੋਈ ਵੱਲ ਨੂੰ ਦੌੜ ਗਿਆ। ਅਸੀਂ ਲੱਭਣ ਦੀ ਕੋਸ਼ਿਸ਼ ਕੀਤੀ ਪਰ ਪਤਾ ਨਹੀਂ ਕਿੱਧਰ ਲੁਕ ਗਿਆ। ਸ਼ੇਰਾ ਕਹਿੰਦਾ, "ਬਾਈ ਪਿਛਲੇ ਮਹੀਨੇ ਮੈਂ ਸ਼ਰਾਬ ਦੀ ਸੌਂਹ ਪਾਉਣ ਗੁਰਦੁਆਰੇ ਗਿਆ ਸੀ।" ਸੌਂਹ ਤਾਂ ਤੂੰ ਪੰਦਰੀਂ ਦਿਨੀ ਪਾਈ ਰੱਖਦਾ ਕਦੇ ਸਿਰੇ ਤਾਂ ਚਾੜ੍ਹੀ ਨਹੀਂ, ਮੈਂ ਵਿੱਚੋਂ ਹੀ ਟੋਕ ਦਿੱਤਾ। "ਬੇਸ਼ਰਮ ਜਿਹਾ ਹੁੰਦਾ ਕਹਿੰਦਾ," ਆਹੋ, ਸੌਂਹ ਤਾਂ ਤੀਜੇ ਦਿਨ ਹੀ ਟੁੱਟ ਗਈ ਸੀ ਪਰ ਓਦਣ ਮੈਂ ਗੁਰਦੁਆਰੇ ਅੱਧਾ ਕੁ ਘੰਟਾ ਬੈਠ ਕੇ ਕਥਾ ਸੁਣਦਾ ਸੀ। ਭਾਈ ਕਹਿੰਦਾ ਕਿ," ਇਕ ਵਾਰ ਇਕ ਸਾਧ ਦੇ ਡੇਰੇ ਵਿੱਚ ਚੇਲਿਆਂ ਦੀ ਗਿਣਤੀ ਬਹੁਤ ਵਧ ਗਈ ਤੇ ਸਾਧ ਦੇ ਖਾਸ ਚੇਲੇ ਨੇ ਸ਼ਕਾਇਤ ਕੀਤੀ ਕਿ ਬਾਬਾ ਜੀ ਡੇਰੇ ਚ ਚੇਲੇ ਬਹੁਤ ਹੋ ਗਏ, ਰਾਸ਼ਣ ਪਾਣੀ ਮੁੱਕਦਾ ਜਾ ਰਿਹਾ, ਕੀ ਕਰੀਏ ਇਹਨਾਂ ਦਾ? ਸਾਧ ਕਹਿੰਦਾ, ਫਿਕਰ ਨਾ ਕਰ ਜਦੋਂ ਭੁੱਖੇ ਮਰਨ ਲੱਗੇ ਆਪੇ ਭੱਜ ਜਾਣਗੇ"ਸ਼ੇਰਾ ਖੀਂ ਖੀਂ ਕਰਕੇ ਹੱਸਿਆ ਤੇ ਦਾਰੂ ਦੀ ਹਵਾੜ ਮੇਰੇ ਮੂੰਹ ਤੇ ਮਾਰੀ। ਮੈਂ ਇਹ ਗੱਲ ਪਹਿਲਾਂ ਵੀ ਸੁਣੀ ਪੜ੍ਹੀ ਹੋਈ ਸੀ ਕੋਈ ਖਾਸ ਹੈਰਾਨੀ ਵਾਲੀ ਗੱਲ ਵੀ ਨਹੀਂ ਸੀ। ਇਸ ਕਰਕੇ ਕੋਈ ਖਾਸ ਹੁੰਗਾਰਾ ਨਾ ਦਿੱਤਾ ਤੇ ਕਿਤਾਬ ਪੜ੍ਹਨ ਵਿੱਚ ਮਸ਼ਰੂਫ ਹੋ ਗਿਆ। ਸ਼ੇਰੇ ਨੇ ਕਿਤਾਬ ਮੇਰੇ ਕੋਲੋਂ ਖੋਹ ਕੇ ਪਰਾਂ ਵਗਾਹ ਮਾਰੀ ਤੇ ਖਿੱਝ ਕੇ ਬੋਲਿਆ," ਤੁਸੀਂ ਯਾਰ ਮੈਨੂੰ ਝੁੱਡੂ ਹੀ ਸਮਝਦੇ ਹੋ? ਮੈਂ ਗਿਆਨ ਦੀ ਗੱਲ ਦੱਸਣ ਲੱਗਾ ਸੀ ਪਰ ਤੇਰੇ ਭਾ ਦਾ ਤਾਂ ਮੈਂ ਕੁੱਤਾ ਭੌਂਕਦਾ।

ਉਹ ਸ਼ੇਰ ਬਾਦਸ਼ਾਹ, ਇਹੋ ਜਿਹੇ ਗਿਆਨ ਦੀਆਂ ਗੱਲਾਂ ਮੈਂ ਰੋਜ਼ ਪੜ੍ਹਦਾ ਲਿਖਦਾ ਰਹਿੰਨਾ, ਤੂੰ ਐਵੇਂ ਲੀੜਿਓਂ ਬਾਹਰ ਨਾ ਹੋ ਜਾ ਕੇ ਆਪਣੀ ਗਲਾਸੀ ਲਾ, ਬੋਤਲ ਵਾਜਾਂ ਮਾਰੀ ਜਾਂਦੀ ਆ। ਤੀਜਾ ਪੈੱਗ ਮਾਰ ਕੇ ਸ਼ੇਰਾ ਹੋਰ ਤੱਤਾ ਹੋ ਗਿਆ। ਕਾਫ਼ੀ ਕੁੱਝ ਬੋਲ ਗਿਆ ਜ਼ਿਆਦਾਤਰ ਉਸਦੀਆਂ ਗੱਲਾਂ ਨੂੰ ਇਗਨੋਰ ਕਰਨ ਦੇ ਮੇਹਣੇ ਸਨ। ਸ਼ੇਰਾ, ਸੀ ਵੀ ਸੱਚਾ ਨਸ਼ੇੜੀ ਸਮਝ ਕੇ ਉਸ ਦੀ ਹਰੇਕ ਗੱਲ ਦਾ ਮਜ਼ਾਕ ਬਣਾਇਆ ਜਾਂਦਾ ਸੀ। ਉਸ ਵੱਲੋਂ ਦਿੱਤੀ ਹਰੇਕ ਸਲਾਹ ਨੂੰ ਇਓਂ ਉਲੱਦ ਦਿੱਤਾ ਜਾਂਦਾ ਸੀ ਜਿਵੇਂ ਰਿਸ਼ਵਤ ਬਗੈਰ ਆਈ ਫਾਈਲ ਨੂੰ ਸਰਕਾਰੀ ਅਫਸਰ ਤਾਕੀ ਤੋਂ ਬਾਹਰ ਵਗਾਹ ਮਾਰਦਾ। ਮੈਨੂੰ ਗਲਤੀ ਦਾ ਅਹਿਸਾਸ ਹੋਇਆ, ਅਸੀਂ ਹਰੇਕ ਦੀਆਂ ਭਾਵਨਾਵਾਂ ਦੀ ਕਦਰ ਕਰਦੇ ਹਾਂ ਤਾਂ ਸ਼ੇਰੇ ਨੂੰ ਨਜ਼ਰ ਅੰਦਾਜ਼ ਕਰਨਾ ਗਲਤ ਹੈ। ਸ਼ੇਰੇ ਨੂੰ ਠੰਡਾ ਕਰਨ ਤੋਂ ਬਿਨਾਂ ਹੁਣ ਮੇਰੇ ਕੋਲ ਹੋਰ ਕੋਈ ਚਾਰਾ ਨਹੀਂ ਸੀ। ਮੈਂ ਉਸ ਦੇ ਸਾਹਮਣੇ ਬੈਠ ਗਿਆ ਤੇ ਸੌਰੀ ਬੋਲਣ ਨਾਲ ਹੀ ਉਹ ਠੰਡਾ ਸੀਤ ਹੋ ਗਿਆ। ਸ਼ੇਰਿਆ, "ਹੁਣ ਦੱਸ ਉਸ ਤੋਂ ਅਗਲੀ ਕਥਾ ਕੀ ਸੀ?" ਉਹ ਕਥਾ ਤਾਂ ਬਾਈ ਏਨੀ ਹੀ ਸੀ,ਜਿੰਨੀ ਤੈਨੂੰ ਦੱਸੀ ਆ। ਮੈਨੂੰ ਤਾਂ ਸਾਲੇ ਚੂਹਿਆਂ ਤੋਂ ਖਹਿੜਾ ਛੁਡਾਉਣ ਦਾ ਨੁੱਕਤਾ ਲੱਭਿਆ ਸੀ ਇਸ ਕਥਾ ਤੋਂ।" ਉਹ ਕਿਵੇਂ? ਮੇਰੇ ਵੀ ਇਕ ਦਮ ਕੰਨ ਖੜ੍ਹੇ ਹੋ ਗਏ।" ਜਿਵੇਂ ਸਾਧ ਕਹਿੰਦਾ ਸੀ ਕਿ ਭੁੱਖੇ ਮਰਦੇ ਭੱਜ ਜਾਣਗੇ ਕਿਉਂ ਨਾ ਇਹਨਾਂ ਨੂੰ ਵੀ ਭੁੱਖੇ ਮਾਰ ਕੇ ਭਜਾਈਏ। ਮੈਨੂੰ ਗੱਲ ਜਚ ਗਈ। ਦਰਅਸਲ ਅਸੀਂ ਸਾਰੇ ਮੁੰਡੇ ਰੈਸਟੋਰੈਂਟਾਂ ਤੇ ਕੰਮ ਕਰਦੇ ਸੀ। ਸਵੇਰ ਦੀ ਚਾਹ ਹੀ ਘਰ ਬਣਦੀ ਸੀ। ਦੋਨੋਂ ਵੇਲਿਆਂ ਦੀ ਰੋਟੀ ਕੰਮ ਤੇ ਹੀ ਹੁੰਦੀ। ਗਲਾਸੀ ਦੇ ਸ਼ੌਕੀਨ ਤਿੰਨ ਚਾਰ ਜਣੇ ਰਾਤ ਦੀ ਰੋਟੀ ਘਰ ਲਿਆ ਕੇ ਖਾਂਦੇ। ਗਲਾਸੀ ਲਾ ਕੇ ਖਾਣਾਂ ਖਾਂਦੇ ਤੇ ਬਚੀ ਖੁਚੀ ਜੂਠ ਟੇਬਲ ਤੇ ਛੱਡ ਕੇ ਸੌਂ ਜਾਂਦੇ।ਮਗਰੋਂ ਬਚੇ ਖੁਚੇ ਨਾਨ, ਰੋਟੀਆਂ, ਚੌਲ ਤੇ ਮੀਟ ਦੀਆਂ ਹੱਡੀਆਂ ਚੂਹੇ ਰੀਝਾਂ ਨਾਲ ਚੂੰਡਦੇ।

ਉਸੇ ਰਾਤ ਅਸੀਂ ਸਾਰਿਆਂ ਨੇ ਫੈਸਲਾ ਕੀਤਾ ਕਿ ਪੂਰੇ ਇਕ ਮਹੀਨੇ ਲਈ ਘਰ ਵਿੱਚ ਖਾਣਾ ਲਿਆਉਣਾ ਤੇ ਖਾਣਾ ਮਨ੍ਹਾਂ ਹੈ। ਚਾਹ ਬਣਾਉਣ ਤੇ ਵੀ ਪਾਬੰਦੀ ਲਗਾ ਦਿੱਤੀ। ਦੂਜੇ ਦਿਨ ਸਾਰਿਆਂ ਨੇ ਰਲ ਕੇ ਪੂਰੇ ਘਰ ਦੀ ਸਫਾਈ ਕਰ ਦਿੱਤੀ। ਖਾਣ ਵਾਲੀਆਂ ਚੀਜ਼ਾਂ ਬਿਸਕੁਟ, ਨਮਕੀਨ, ਖੰਡ ਬਗੈਰਾ ਸਭ ਬਾਹਰ ਸੁੱਟ ਦਿੱਤੇ।ਫਾਰਮੂਲਾ ਕੰਮ ਕਰ ਗਿਆ। ਦਸਾਂ ਕੁ ਦਿਨਾਂ ਬਾਅਦ ਹੀ ਘਰ ਵਿੱਚੋਂ ਚੂਹਿਆਂ ਦੀ ਦੌੜ ਭੱਜ ਬੰਦ ਹੋ ਗਈ। ਸਾਧ ਦੇ ਚੇਲੇ ਭੁੱਖੇ ਮਰਦੇ ਅੱਡੀਆਂ ਨੂੰ ਥੁੱਕ ਲਾ ਗਏ। ਸ਼ੇਰੇ ਦੀ ਸ਼ਰਾਬ ਤਾਂ ਮਰਨ ਤੱਕ ਨਹੀਂ ਸੁੱਟੀ ਪਰ ਉਸਦੀ ਕਥਾ ਦੇ ਪ੍ਰੈਕਟੀਕਲ ਨੇ ਸਾਡਾ ਚੂਹਿਆਂ ਤੋਂ ਖਹਿੜਾ ਛੁਡਾ ਦਿੱਤਾ। ਹੁਣ ਤਾਂ ਸ਼ੇਰੇ ਦੀ ਗੱਲ ਨੂੰ ਵੀ ਇਉਂ ਤਵੱਜੋਂ ਮਿਲਣ ਲੱਗ ਪਈ ਸੀ ਜਿਵੇਂ ਢੱਡਰੀਆਂ ਵਾਲੇ ਦੇ ਤਰਕਾਂ ਨੂੰ। ਇਧਰ ਦੁਕਾਨ ਤੋਂ ਮੈਂ ਵੀ ਕਰਿਸਪਾਂ ਤੇ ਚਾਕਲੇਟਾਂ ਡੱਬਿਆਂ ਚ ਬੰਦ ਕਰਕੇ ਚੂਹਿਆਂ ਦੇ ਢਾਬੇ ਨੂੰ ਅਣਮਿੱਥੇ ਸਮੇਂ ਲਈ ਸੀਲ ਕਰ ਦਿੱਤਾ।

# ਲੌਂਗੋਵਾਲ ਸਕੂਲ ਦੀ ਬੇਹੱਦ ਦੁਖਦਾਈ ਅਤੇ ਮੰਦਭਾਗੀ ਘਟਨਾ ਤੋਂ ਸਬਕ ਲੈਣ ਦੀ ਲੋੜ

ਸੰਗਰੂਰ ਜ਼ਿਲ੍ਹੇ ਦੇ ਕਸਬੇ ਲੌਂਗੋਵਾਲ ਚ ਸਕੂਲ ਵੈਨ ਨੂੰ ਲੱਗੀ ਅੱਗ ਨਾਲ ਝੁਲਸੇ 12 ਬੱਚਿਆਂ ਚੋਂ ਚਾਰ ਦੀ ਮੌਕੇ ਤੇ ਹੋਈ ਦਰਦਨਾਕ ਮੌਤ ਨੇ ਮਨ ਨੂੰ ਧੁਰ ਅੰਦਰ ਤੱਕ ਝੰਜੋੜਿਆ ਹੈ। ਇਨਸਾਨ ਦੀ ਮਾਇਆਵਾਦੀ ਸੋਚ , ਪ੍ਰਸ਼ਾਸਨ ਅਤੇ ਸਰਕਾਰ ਦੀ ਅਤਿ ਅਣਗਹਿਲੀ ਨੇ ਮਾਸੂਮੀਅਤ ਦੇ ਚਾਰ ਫੁੱਲਾਂ ਨੂੰ ਖਿੜਨ ਤੋਂ ਪਹਿਲਾਂ ਹੀ ਭ੍ਰਿਸ਼ਟ ਸਿਸਟਮ ਨੇ ਖਤਮ ਕਰ ਦਿੱਤਾ ਹੈ।ਵੈਨ ਦਾ ਡਰਾਈਵਰ ਮਾਸੂਮ ਜਿੰਦਾਂ ਨੂੰ ਬਲਦੀ ਅੱਗ ਦੇ ਹਵਾਲੇ ਕੁਦਰਤ ਦੇ ਰਹਿਮੋਕਰਮ ਤੇ ਛੱਡ ਫ਼ਰਾਰ ਹੋ ਗਿਆ। ਪਤਾ ਨਹੀਂ ਮਾਲੂਕ ਅਤੇ ਮਾਸੂਮ ਜਿੰਦਾਂ ਨੇ ਕਿਹੜੇ ਹਾਲਤਾਂ ਚ ਨਾ ਚਾਹੁੰਦੇ ਹੋਏ ਵੀ ਮੌਤ ਦੀ ਬੁੱਕਲ ਨੂੰ ਪ੍ਰਵਾਨ ਕੀਤਾ ਹੋਵੇਗਾ। ਖ਼ਬਰਾਂ ਮੁਤਾਬਿਕ ਸਕੂਲੀ ਵੈਨ ਆਪਣੀ ਉਮਰ ਦੀ ਹੱਦ ਪੂਰੀ ਕਰ ਚੁੱਕੀ ਸੀ ਅਤੇ ਬਿਨਾਂ ਪ੍ਰਸ਼ਾਸਨ ਦੀ ਆਗਿਆ ਦੇ ਚਲਾ ਕੇ ਕਾਨੂੰਨ ਦੀ ਉਲੰਘਣਾ ਦੇ ਨਾਲ ਨਾਲ ਬੱਚਿਆਂ ਦੇ ਭਵਿੱਖ ਨਾਲ ਖਿਲਵਾੜ ਕੀਤਾ ਜਾ ਰਿਹਾ ਸੀ। ਸਾਡੇ ਮੁਲਕ ਚ ਰਾਜਨੀਤਕ ਸ਼ਹਿ ਤੇ ਕਾਨੂੰਨ ਦੀਆਂ ਧਾਰਾਵਾਂ ਦੀਆਂ ਸ਼ਰੇਆਮ ਉਲੰਘਣਾ ਅਤੇ ਧੱਜੀਆਂ ਉਡਾਈਆਂ ਜਾ ਰਹੀਆਂ ਹਨ। ਜੇਕਰ ਕੋਈ ਅਧਿਕਾਰੀ ਸੁਧਾਰ ਦੀ ਉਮੀਦ ਨਾਲ ਪਹਿਲ ਦੀ ਕੋਸ਼ਿਸ਼ ਵੀ ਕਰਦਾ ਹੈ ਤਾਂ ਬਦਲੀ ਜਾਂ ਧਮਕੀ ਦੇ ਰੂਪ ਚ ਖਾਮਿਆਜ਼ਾ ਭੁਗਤਣਾ ਪੈਂਦਾ ਹੈ, ਉਦਾਹਰਣਾਂ ਸਾਡੇ ਸਾਹਮਣੇ ਹਨ। ਚੁਣੇ ਹੋਏ ਸਰਕਾਰ ਦੇ ਨੁਮਾਇੰਦੇ ਅਧਿਕਾਰੀਆਂ ਖਿਲਾਫ ਕਾਰਵਾਈ ਕਰਨ ਦੀ ਬਜਾਇ ਜਨਤਕ ਧਮਕੀ ਦੇਣਾ ਆਪਣੀ ਸ਼ਾਨ ਸਮਝਦੇ ਹਨ। ਸਰਕਾਰ ਦੇ ਨੁਮਾਇੰਦਿਆਂ ਨੇ ਆਪਣੇ ਪੱਧਰ ਦਾ ਗ੍ਰਾਫ ਬਹੁਤ ਨੀਚੇ ਤਕ ਲੈ ਆਂਦਾ ਹੈ। ਸਰਕਾਰਾਂ ਦੇ ਮੰਤਰੀ ਅਤੇ ਚੁਣੇ ਨੁਮਾਇੰਦੇ ਕਰਮਚਾਰੀਆਂ ਨੂੰ ਵੀ ਫੋਨ ਕਰਨ ਤੋਂ ਨਹੀਂ ਹਿਝਕਚਾਉਂਦੇ, ਜਿਸਦੇ ਨਤੀਜੇ ਸਿਸਟਮ ਚ ਗਿਰਾਵਟ ਸਾਡੇ ਸਾਹਮਣੇ ਹੈ। ਅਜਿਹੀਆਂ ਮੰਦਭਾਗੀ ਘਟਨਾਵਾਂ ਸਾਡੀ ਅਣਗਹਿਲੀ ਅਤੇ ਭ੍ਰਿਸ਼ਟ ਸਿਸਟਮ ਦੀ ਉਤਪਤੀ ਹਨ। ਜਨਤਾ ਨੂੰ ਸਿਸਟਮ ਚ ਸੁਧਾਰ ਹਿੱਤ ਇਮਾਨਦਾਰ ਅਧਿਕਾਰੀਆਂ ਦੀ ਹਮਾਇਤ ਅਤੇ ਕਾਨੂੰਨ ਦੈ ਹੱਕ ਚ ਹਮਾਇਤ ਕਰਨ ਲਈ ਜੁਅਰਤ ਦਿਖਾਉਣੀ ਚਾਹੀਦੀ ਹੈ।

ਲੌਂਗੋਵਾਲ ਘਟਨਾ ਦੀ ਮੈਜਿਸਟਰੇਟੀ ਜਾਂਚ ਸਿਰਫ ਇੱਕ ਲੋਲੀਪੋਪ ਹੈ, ਦੋਸ਼ੀਆਂ ਨੂੰ ਬਚਾਉਣ ਲਈ ਰਾਜਨੀਤਕ ਗਲਿਆਰਿਆਂ ਅਤੇ ਬੇਗੈਰਤ ਵਕਾਲਤ ਨੇ ਸਿਰਤੋੜ ਯਤਨ ਆਰੰਭ ਦਿੱਤੇ ਹੋਣੇ ਨੇ, ਕਿਉਂਕਿ ਦਰਦ ਸਿਰਫ਼ ਪੀੜਤ ਪਰਿਵਾਰਾਂ ਨੂੰ ਹੈ।ਪੀੜਤ ਪਰਿਵਾਰ ਵੀ ਕੁਝ ਸਮੇਂ ਬਾਅਦ ਕਾਨੂੰਨ ਦੀਆਂ ਘੁੰਮਣ-ਘੇਰੀਆਂ ਅਤੇ ਝੂਠੇ ਵਕਾਲਤਨਾਮਿਆਂ ਤੋਂ ਅੱਕ ਕੇ ਸਭ ਕੁਝ ਕੁਦਰਤ ਤੇ ਛੱਡ ਹੱਥ ਤੇ ਹੱਥ ਧਰਕੇ ਬੈਠ ਜਾਣਗੇ।

ਕੁਝ ਵੀ ਹੋਵੇ ਪਰਿਵਾਰਾਂ ਲਈ ਇਹ ਇਕ ਅਤਿ ਦੁੱਖਦਾਈ ਅਤੇ ਅਸਹਿਣਯੋਗ ਘਟਨਾ ਅਤੇ ਨਾ ਭੁੱਲਣਯੋਗ ਘਟਨਾ ਹੈ। ਇਸ ਅਣਹੋਣੀ ਤੋਂ ਸਰਕਾਰ, ਪ੍ਰਸ਼ਾਸਨ ਅਤੇ ਜਨਤਾ ਨੂੰ ਸਬਕ ਸਿੱਖਣ ਦੀ ਲੋੜ ਹੈ। ਦੋਸ਼ੀਆਂ ਨੂੰ ਕਾਨੂੰਨ ਦੇ ਕਟਿਹਰੇ ਚ ਖੜ੍ਹਾ ਕਰਕੇ ਸਜ਼ਾ ਦਿਵਾਉਣ ਲਈ ਕੋਸ਼ਿਸਾਂ ਦੀ ਹਮਾਇਤ ਕਰਨੀ ਚਾਹੀਦੀ ਹੈ।ਪ੍ਰਸ਼ਾਸਨਿਕ ਅਧਿਕਾਰੀਆਂ ਨੂੰ ਸਿਆਸੀ ਦਖ਼ਲਅੰਦਾਜ਼ੀ ਤੋਂ ਬੇਪ੍ਰਵਾਹ ਹੋਕੇ ਇਨਸਾਨੀਅਤ ਦੇ ਨਾਤੇ ਆਪਣੇ ਪੱਧਰ ਤੇ ਭਵਿੱਖ ਚ ਅਜਿਹੀਆਂ ਮੰਦਭਾਗੀ ਘਟਨਾਵਾਂ ਨੂੰ ਰੋਕਣ ਲਈ ਸਖ਼ਤ ਕਦਮ ਚੁੱਕਣ ਚ ਹਿਚਕਚਾਹਟ ਨਹੀਂ ਕਰਨੀ ਚਾਹੀਦੀ।



ਇੰਜੀ. ਸਤਨਾਮ ਸਿੰਘ ਮੱਟੂ
91-97797-08257

ਬਹੁਤ ਜਨਮ ਬਿਛੁਰੇ ਥੇ ਮਾਧਉ ਇਹੁ ਜਨਮ ਤੁਮ੍ਹਾਰੇ ਲੇਖੇ ॥
ਕਹਿ ਰਵਿਦਾਸ ਆਸ ਲਗਿ ਜੀਵਉ ਚਿਰ ਭਇਓ ਦਰਸਨ ਦੇਖੇ ॥




## ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ 643ਵੇਂ ਪ੍ਰਕਾਸ਼ ਦਿਹਾੜੇ ਦੀਆਂ ਸਮੂਹ ਮਾਨਵਤਾ ਨੂੰ ਲੱਖ-ਲੱਖ ਵਧਾਈਆਂ

## Tej Maan
For Supervisor



ਸ੍ਰੀ ਤੇਜ ਮਾਨ ਦਾ ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਦੀ ਪ੍ਰਬੰਧਕ ਕਮੇਟੀ ਸਨਮਾਨ ਕਰਦੀ ਹੋਈ।



**Former Yuba City Councilman Tej Maan Announces Campaign for Open Sutter County District 4 Supervisor Seat**


## Raja
SWEETS & CATERING

AUTHORIZED CATERER FOR MAJOR 5-STAR HOTELS



ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor

CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que

ADDITIONAL SERVICE
Warmers | Chaffing Dishes
China & Silverware
Linen Rental | Waiters
Bartenders



CONTACT US:
RAJA SWEETS & CATERING
WORK (510) 489-9100
CELL (510) 715-1619

Email: msbains@rajasweets.com
www.rajasweets.com
Find us on facebook: rajasweetsandcatering
Follow us on Twitter: rajasweets

## INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT

ਤੁਹਾਡਾ ਆਪਣਾ ਮਨਭਾਉਂਦਾ ਸਟੋਰ

ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ


WE HAVE LARGEST COLLECTION FOR INDIAN FIJIAN & PAKISTANI GROCERY

MUSIC, FABRIC ARTIFICIAL JEWELRY, SWEETS, FRESH VEGETABLES & MORE..


ਕਸ਼ਮੀਰ ਸਿੰਘ ਹੀਰਾ


ਬਰਿੰਦਰ ਬੰਗੜ

Super Eyebrow Threading Now Open
Eyebrow Threading & Henna Tattoo
7 times, Get 8th one free!



Inside India Market

SACRAMENTO
5203 EKLHORN BLVD
SACRAMENTO CA 95842
916- 338-5511

WALK INS WELCOME

ROSEVILLE
1265 PLEASANT GROVE BLVD.
# 100 ROSEVILLE, CA 95747
916- 786-7666

Cell : 916-798-8142
Email: IndiaMarketRoseville@gmail.com




# Buying or Selling any Business? Call Now 916-271-5404

ਕੀ ਤੁਸੀਂ ਸੈਕਰਾਮੈਂਟੋ / ਬੇ-ਏਰੀਆ ਵਿਚ ਘਰ ਜਾਂ ਵਪਾਰਕ ਸੰਪਤੀ ਖਰੀਦਣ ਜਾਂ ਵੇਚਣ ਦੇ ਚਾਹਵਾਨ ਹੋ ਤਾਂ ਅੱਜ ਹੀ ਕਾਲ ਕਰੋ 916-271-5404




Indian Restaurant
For Sale In Stockton
All Equipment & Fixtures Included
Listing Price: $149,900




Smoke Shop for Sale in Sacramento
Monthly Gross Sales: $50K
Listing Price: $89,000




Gas Station, Liquor Store,
Deli, & Laundromat!
In Contra Costa County, CA
Listing Price: $1,200,000




Auto Repair & Lube Shop
Lot Size: 2000, Rent is ONLY $1500/mo.
Listing Price to $149,000
Sacramento, CA




Liquor Store for Sale in Santa Clara
Monthly Gross Sale: $90K
Listing Price: $649,000 plus Inventory




Subway
for Sale in Sacramento
Listing Price: $224,900




Indian Restaurant
for Sale in Sacramento
Listing Price: $149,000




Coffee Shop for Sale
Monthly Gross Sales: $25,000
Listing Price: $150,000




7Eleven
7 Eleven Store For Sale in Antioch, CA
Listing Price: $550,000




3 Bedroom 1 Bath Home on
10 Acre Lot
Listing Price: $1,500,000




BHHS BERKSHIRE HATHAWAY HOMESERVICES
Elite Real Estate
Home Services
BERKSHIRE HATHAWAY





*Have you been thinking of buying Rental Properties?*

Call me and I can help you buy Rental properties in Sacramento Area with positive Cash in your pocket every month. Tenants are paying off your rental property for you and putting extra money in your pocket! What else do you want! Everyday investors are buying a home to rent in Sacramento because there is high demand for rentals in Sacramento. If you want to invest in rental properties! Call meat 916-271-5404 or email me at banga.realtor@gmail.com

# OFFICE: 7412 ELSIE AVE., SACRAMENTO, CA 95828

# ਸਤਿਗੁਰੂ ਰਵਿਦਾਸ ਜੀ ਦੇ 643ਵੇਂ ਪ੍ਰਕਾਸ਼ ਦਿਹਾੜੇ ਦੀਆਂ ਸਮੂਹ ਮਾਨਵਤਾ ਨੂੰ ਲੱਖ-ਲੱਖ ਵਧਾਈਆਂ




ਪਰਮ ਸਤਿਕਾਰਯੋਗ ਗੁਰੂ ਪਿਆਰੀ ਸਾਧ ਸੰਗਤ ਜੀ, ਜਿਵੇਂ ਕਿ ਆਪ ਜਾਣਦੇ ਹੀ ਹੋ ਕਿ ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ (ਕੈਲੇਫੋਰਨੀਆ) ਦੀ ਸਮੂਹ ਪ੍ਰਬੰਧਕ ਕਮੇਟੀ ਵੱਲੋਂ ਸੰਗਤਾਂ ਦੇ ਸਹਿਯੋਗ ਨਾਲ ਧੰਨ ਧੰਨ ਸਾਹਿਬ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 643ਵੇਂ ਗੁਰਪੁਰਬ ਮਨਾਏ ਜਾ ਰਹੇ ਹਨ। ਜਿਸ ਵਿਚ 21 ਫਰਵਰੀ ਦਿਨ ਸ਼ੁੱਕਰਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕੀਤੇ ਜਾਣਗੇ। 22 ਫਰਵਰੀ ਦਿਨ ਸ਼ਨਿਚਰਵਾਰ ਸ਼ਾਮੀ 4 ਵਜੇ ਨਿਸ਼ਾਨ ਸਾਹਿਬ ਜੀ ਦੇ ਚੋਲੇ ਦੀ ਸੇਵਾ ਕੀਤੀ ਜਾਵੇਗੀ ਅਤੇ ਸ਼ਾਮੀ 6 ਵਜੇ ਤੋਂ ਰਾਤੀ 10 ਵਜੇ ਤੱਕ ਕੀਰਤਨ ਦਰਬਾਰ ਸਜਾਏ ਜਾਣਗੇ। 23 ਫਰਵਰੀ ਦਿਨ ਐਤਵਾਰ ਨੂੰ ਅਖੰਡ ਪਾਠ ਸਾਹਿਬ ਜੀ ਦੇ ਭੋਗ ਉਪਰੰਤ ਕੀਰਤਨ ਦਰਬਾਰ ਸਜਾਏ ਜਾਣਗੇ। ਸਮੂਹ ਗੁਰੂ ਪਿਆਰੀ ਸਾਧ ਸੰਗਤ ਨੂੰ ਸਨਿਮਰ ਬੇਨਤੀ ਕੀਤੀ ਜਾਂਦੀ ਹੈ ਕਿ ਗੁਰੂ ਘਰ ਪਹੁੰਚ ਕੇ ਗੁਰਬਾਣੀ ਸਰਵਣ ਕਰਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।


**Baksho Kaur Bisla**
**Hardev Singh Bisla**

**530-671-0439**
**Cell- 530-844-3250**

**L.A. MERCHANDISE**
**Whole Sale +Retail**



# L.A. MERCHANDISE
## Whole Sale +Retail

ਯੂਬਾ ਸਿਟੀ ਦਾ ਸਭ ਤੋਂ ਵੱਡਾ ਗ੍ਰੋਸਰੀ ਸਟੋਰ

**500 N. Palora Ave. Yuba City, CA 95991**

Loose Fabrics, Groceries, Blankets, Vegetables




New folding bed verities

ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ, 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ







ਹਰ ਕਿਸਮ ਦੀ ਦਾਲ ਸੇਲ 'ਤੇ ਹੈ। ਇੱਥੇ ਤਾਜ਼ਾ ਸਬਜ਼ੀਆਂ ਹਰ ਰੋਜ਼ ਮਿਲਦੀਆਂ ਹਨ।

**ਜੈਂਟਸ ਕਮੀਜ਼ਾਂ ਅਤੇ ਲੇਡੀਜ਼ ਸੂਟ ਦੀ ਸੇਲ**

Toilet Water Pressure (Elite 2 Bio Bider) A budget Friendly solution for your desire to feel exceptionally clean and reduce toilet paper waste Only $ 42.99+Tax

ਇੰਡੀਆ ਤੋਂ Matterss ਸਸਤੇ ਰੇਟ 'ਤੇ ਪਹੁੰਚ ਚੁੱਕੀ ਹੈ

ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ, 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ

**530-671-0439, Fax 530-822-0439 Cell- 530-844-3250**